# ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਨਾਮ ਸਿੰਘ ਜੀ ਮਹਾਰਾਜ

ਡੇਰਾ ਰੂੰਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਚੌਥਾ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

# ਤਤਕਰਾ


| | |
|---|---|
| ਭੁਚੋ ਕਲਾਂ | **8** |
| ਬਾਬਾ ਜੀ ਦਾ ਰੁੰਮੀ ਤੋਂ ਭੁੱਚੋ ਕਲਾਂ ਆਉਣਾ | **11** |
| ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥ | **13** |
| ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥ | **17** |
| ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥ | **20** |
| ਲੱਖ ਖੁਸ਼ੀਆ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ | **23** |
| ਸੱਜਣ ਮਿਲੇ ਸਜਣਾ ਜਿਨ ਸਤਿਗੁਰ ਨਾਲਿ ਪਿਆਰੁ | **25** |
| ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥ | **31** |
| ਸੰਤ ਕੇ ਦੋਖੀ ਕਉ ਡਾਨੁ ਲਾਗੈ ॥ | **40** |
| ਸਤਿਗੁਰੁ ਸਿੱਖ ਕੇ ਬੰਧਨ ਕਾਟੈ ॥ | **43** |
| ਆਪਹਿ ਮੇਲਿ ਲਏ। | **47** |
| ਤੁਮਰੀ ਸੰਗਤਿ ਹਰਿ ਕੋ ਕੋ ਨ ਉਧਰਿਓ ਪ੍ਰਭ ਕੀਏ ਪਤਿਤ ਪਵਗੇ ॥ | **50** |
| ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥ | **56** |
| ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥ | **58** |
| ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ॥ | **62** |
| ਆਇ ਬਨਿਓ ਪੂਰਬਲਾ ਭਾਗੁ ਜਨਮ ਜਨਮ ਕਾ ਸੋਇਆ ਜਾਗਾ ॥ | **65** |
| ਸਾਧੂ ਸੰਗਿ ਸਿਖਾਇਓ ਨਾਮੁ ॥ ਸਰਬ ਮਨੋਰਥ ਪੂਰਨ ਕਾਮ ॥ | **69** |
| ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥<br>ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥ | **73** |
| ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ | **81** |
| ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ | **83** |
| ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ | **86** |
| ਮਨ ਰੇ ਹੁਕਮੁ ਮੰਨਿ ਸੁਖ ਹੋਇ॥ | **91** |

| | |
|---|---|
| ਸੰਤ ਪ੍ਰਸਾਦਿ ਬੈਦ ਨਾਰਾਇਣ ਕਰਣ ਕਾਰਣ ਪ੍ਰਭ ਏਕ॥ | 95 |
| ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ ॥ | 100 |
| ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥੩॥ | 103 |
| ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥ | 106 |
| ਦੇਹ ਛਿਜੰਦੜੀ ਊਣ ਮਝੂਣਾ ਗੁਰਿ ਸਜਣਿ ਜੀਉ ਧਰਾਇਆ ॥ | 108 |
| ਆਪੇ ਹੀਰਾ ਰਤਨ ਅਮੋਲੋ ॥ ਆਪੇ ਨਦਰੀ ਤੋਲੇ ਤੋਲੋ ॥ | 122 |
| ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥ | 124 |
| ਕਬੀਰ ਹਰਿ ਹੀਰਾ ਜਨ ਜੋਹਰੀ ਲੈ ਕੈ ਮਾਂਡੈ ਹਾਟ ॥ | 128 |
| ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥ | 132 |
| ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ | 138 |
| ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥ | 145 |


- - -

# ਮੁਕਤਾ ਦੋਹਰਾ

**ਚਰਨ ਕਮਲ ਰਜ ਪਰਸ ਕਰ ਜਨ ਕਲ ਕਲਮਤ ਹਰਤ।**

ਮਹਾਂਪੁਰਖਾਂ ਦੀ ਚਰਨ ਧੂੜ ਮੱਥੇ ਤੇ ਲਾ ਕੇ ਸੇਵਕ ਵੱਡੇ ਵੱਡੇ ਪਾਪਾਂ ਤੋਂ ਛੁੱਟ ਜਾਂਦੇ ਹਨ।

**ਰਟਰ ਬਚਨ ਭਵਜਲ ਤਰਸ ਦਰਸ ਪਰਸ ਮਨ ਠਰਤ॥**

ਉਨ੍ਹਾਂ ਦੇ ਉਪਦੇਸ਼ ਨੂੰ ਸਿਮਰਕੇ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ ਦਰਸ਼ਨ ਕਰਕੇ ਕਾਮ ਆਦਿਕਾ ਦੀ ਤਪਸ ਤੋਂ ਮਨ ਛੁਟ ਜਾਂਦਾ ਹੈ।

**ਹਰਖਤ ਜਨ ਪਰ ਨਦਰ ਕਰਤ ਜਬ ਪਰਤ ਨਦਰ ਸਭ ਕਲਮਲ ਪਰਹਰ**

ਮਹਾਂਪੁਰਖ ਪ੍ਰਸੰਨ ਹੋ ਕੇ ਜਿਸ ਵੇਲੇ ਸੇਵਕ ਵੱਲ ਵੇਖਦੇ ਹਨ ਉਸ ਸਮੇਂ ਮੇਹਰ ਦੀ ਨਿਗਹ ਨਾਲ ਮਨ ਤੋਂ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ।

**ਦਰ ਸਭ ਤਜ ਕਰ ਜਨ ਪਰ ਪਰਖਤ ਮਨ ਕਰ ਤਬ ਦਰਸ਼ਨ ਹਰ**

ਜੋ ਸੇਵਕ ਸਭ ਦੁਆਰੇ ਛੱਡ ਕੇ ਇਸ ਦੁਆਰੇ ਆ ਜਾਏ, ਉਸਦੀ ਪਰਖ ਕਰਕੇ ਫਿਰ ਪ੍ਰਮੇਸ਼ਰ ਦਾ ਦਰਸ਼ਨ ਕਰਾਉਂਦੇ ਹਨ।

**ਚਰਨ ਕਮਲ ਰਜ ਮਸਤਕ ਧਰ ਜਨਧਰਤ ਅਧਕ ਬਲ ਮਨ ਬਲ ਬਲ ਕਰ**

ਇਨ੍ਹਾਂ ਦੀ ਚਰਨ ਧੂੜ ਨੂੰ ਮੱਥੇ ਤੇ ਲਾ ਕੇ ਸੇਵਕ ਜਨ ਆਤਮਿਕ ਤੌਰ ਤੇ ਬਲਵਾਨ ਹੋ ਕੇ ਬਾਬਾ ਜੀ ਤੋਂ ਕੁਰਬਾਨ ਹੁੰਦੇ ਹਨ ਭਾਵ ਦਰ ਨਹੀਂ ਛੱਡਦੇ।

**ਜਨ ਮਨ ਤਪਤ ਹਰਤ ਜਲਧਰ ਸਮ ਕਮ ਮਸਤਕ ਨਤ ਕਰ ਚਰਨਨ ਪਰ**

ਜਿਸ ਤਰ੍ਹਾਂ ਬੱਦਲ ਮੀਂਹ ਪਾ ਕੇ ਧਰਤੀ ਦੀ ਤਪਸ ਦੂਰ ਕਰ ਦਿੰਦਾ ਹੈ। ਇਵੇਂ ਹੀ ਆਪ ਜੀ ਭੀ ਸੇਵਕਾਂ ਦੇ ਮਨ ਨੂੰ ਸ਼ੀਤਲ ਕਰਦੇ ਹਨ। ਐਸੇ ਸਮਰੱਥ ਬਾਬਾ ਜੀ ਨੂੰ ਕਵੀ (ਭਾਵ ਲੇਖਕ) ਸਿਰ ਨਿਵਾ ਕੇ ਨਮਸ਼ਕਾਰ ਕਰਦਾ ਹੈ।

## ਕਬਿੱਤ

ਤੂੰ ਦੇਹ ਤੋਂ ਭੀ ਪਰੇ, ਗੇਹ ਨੇਹ ਤੋਂ ਭੀ ਪਰੇ
ਭੁਖ ਤੇਹ ਤੋਂ ਭੀ ਪਰੇ, ਤੇ ਅਪਰ ਅਪਾਰ ਹੈਂ।
ਨਾਮ ਕਾਮ ਤੋਂ ਭੀ ਪਰੇ, ਜਾਤ ਧਾਮ ਤੋਂ ਭੀ ਪਰੇ
ਭਰਮ ਭ੍ਰਾਂਤਿ ਤੋਂ ਭੀ ਪਰੇ, ਬੇ-ਅੰਤ ਬੇ ਸੁਮਾਰ ਹੈਂ।
ਬੁੱਧ ਚਿਤ ਤੋਂ ਭੀ ਪਰੇ, ਗਤ ਮਿਤ ਤੋਂ ਭੀ ਪਰੇ।
ਅਨਹਿਤ ਤੋਂ ਭੀ ਪਰੇ, ਸਭ ਕੋ ਪ੍ਰਤਿਪਾਰ ਹੈਂ।
ਤੂੰ ਇੰਦ੍ਰ ਤੋਂ ਭੀ ਪਰੇ, ਮਨ ਮਾਇਆ ਤੋਂ ਭੀ ਪਰੇ
ਸਭ ਦਰ ਪਰਹਰੇ,[1] ਚਲ ਆਇ ਤੇਰੇ ਦੁਆਰ ਹੈਂ।

## ਕਬਿੱਤ

ਹੋਇ ਕੋ ਸੰਮ੍ਰੱਥ ਸਭ ਬਿਧ ਰਾਖੀ ਹੱਥ
ਆਪ ਹੋਇ ਨਾ ਪ੍ਰਤੱਖ ਰਹੇ ਵਿਚ ਇਸ ਨੇਮ ਦੇ।
ਆਇਆ ਸਵਾਲੀ ਕਦੇ ਮੋੜਿਆ ਨਾ ਖਾਲੀ
ਮੂੰਹੋਂ ਮੰਗੀਆ ਮੁਰਾਦਾਂ ਦਿੰਦੇ ਬੱਧੇ ਵਿਚ ਪ੍ਰੇਮ ਦੇ।
ਚਿੰਤ ਰਾਮ ਬਹਾਲ ਦਾਸ ਤੀਸਰੇ ਅਨੰਦ ਸਿੰਘ
ਲਾਇਕੇ ਕਸਉਟੀ ਸ਼ੁਧ ਕੀਤੇ ਵਾਂਗ ਹੇਮ[2] ਦੇ।
ਜੈਸੇ ਆਪ ਤੈਸੇ ਕੀਤੇ ਸੇਵਕ ਸਤਿਨਾਮ ਸਿੰਘ
ਛਲ ਵਿਚ ਨਹੀਂ ਆਏ ਵਿਸ਼ਨੂੰ ਦੀ ਮੇਮ[3] ਦੇ।

---

*1 ਸਾਰੇ ਦਰ ਛੱਡ ਕੇ, 2. ਸੋਨੇ ਵਾਂਗ, 3. ਮਾਇਆ ਦੇ ਛੱਲ ਵਿਚ ਨਹੀਂ ਆਏ।*

# ਕੁੰਡਲੀਆ

ਆਦ ਪੁਰਖ ਕਰਤਾਰ ਪ੍ਰਭ ਕਰਨ ਕਾਰਨ ਸੰਮ੍ਰੱਥ।
ਨਮਸਕਾਰ ਤਿਨ ਚਰਨ ਪਰ ਸਭ ਬਿਧ ਜਾਕੈ ਹੱਥ।
ਸਭ ਬਿਧ ਜਾਂਕੈ ਹੱਥ ਗੁਰੂ ਨਾਨਕ ਬਣ ਆਇਓ।
ਫਿਰ ਅੰਗਦ ਤੇ ਗੁਰੂ ਅਮਰਦਾਸ ਰਾਮਦਾਸ ਕਹਾਇਓ।
ਅਰਜਨ ਹਰਗੋਬਿੰਦ ਕੇ ਚਰਨਨ ਪਰ ਬਲਿਹਾਰ।
ਹਰਰਾਇ ਹਰ ਕ੍ਰਿਸ਼ਨ ਗੁਰ ਆਦ ਪੁਰਖ ਕਰਤਾਰ।

ਸੋਰਠਾ

ਤੇਗ ਬਹਾਦਰ ਸਤਿਗੁਰੂ ਦਸਮ ਗੁਰੂ ਗੋਬਿੰਦ ਹਰ
ਗੁਰੂ ਗ੍ਰੰਥ ਅਰ ਪੰਥ ਨਮਸਕਾਰ ਸਿਰ ਚਰਨ ਧਰ

ਦੋਹਰਾ

ਦਰਬਾਰਨ ਸਭ ਤਿਆਗ ਕੈ ਆਇਓ ਤਵ ਦਰਬਾਰ
ਬਾਰ ਬਾਰ ਨਾ ਜਨਮ ਹੋਇ ਰਾਖ ਲਓ ਇਸ ਬਾਰ

ਸੋਰਠਾ

ਤਾਰੋ ਤਾਰਨ ਹਾਰ ਮੈਂ ਗਰਕਤ ਹੋ ਬਾਰ[1] ਬਿਨ
ਦਰ ਪਰ ਕਰੋਂ ਪੁਕਾਰ ਲਓ ਸਾਰ ਮੁਹਿ ਬਾਰ[2] ਬਿਨ

*1. ਪਾਣੀ ਤੋਂ ਬਿਨਾ, 2. ਬਿਨਾ ਦੇਰੀ ਤੋਂ ਭਾ ਜਲਦੀ*

# ੴ ਸਤਿਗੁਰ ਪ੍ਰਸਾਦਿ।

ਸਮੂੰਹ ਸੰਗਤਾਂ ਲਈ ਲੇਖਕ ਨੇ ਆਪਣੀ ਕਲਮ ਦੁਆਰਾ ਬਾਬਾ ਜੀ ਦਾ ਪਿਛੋਕੜ ਉਨ੍ਹਾਂ ਦੇ ਨਾਲ ਅਥਾਹ ਪ੍ਰੇਮ ਰੱਖਣ ਵਾਲਿਆਂ ਅਤੇ ਪ੍ਰਤੱਖ ਕੌਤਕ ਵੇਖਣ ਵਾਲਿਆਂ ਦੇ ਪਰਿਵਾਰਾਂ ਤੋਂ ਸੁਣਕੇ ਪਿਛਲੀਆਂ ਦੋ ਪੁਸਤਕਾਂ ਵਿੱਚ ਕਲਮਬੰਦ ਕੀਤੇ ਹਨ ਬਾਬਾ ਜੀ ਦਾ ਜਨਮ ਸਮਾਂ, ਸਾਧੂ ਵੱਲੋਂ ਕੀਤੀ ਬਾਬਾ ਜੀ ਬਾਰੇ ਭਵਿੱਖਬਾਣੀ, ਬਚਪਨ ਵਿੱਚ ਮਾਤਾ ਪਿਤਾ ਨਾਲ ਭਵਿੱਖ ਦੇ ਬਚਨ ਕਰਨੇ, ਘਰ ਦਾ ਤਿਆਗ, ਸੰਤ ਰਾਮ ਸਿੰਘ ਜੀ ਸੂਸਾਵਲਿਆ ਨਾਲ ਮਿਲਾਪ, ਜਗਰਾਂਓ ਦੇ ਪਾਸ ਪੀਰ ਲੱਪੇ ਸ਼ਾਹ ਨੂੰ ਸਿਖਿਆ ਦੇਣੀ। ਹਠੂਰ ਬਰਨਾਲਾ, ਧਨੌਲਾ, ਭਗਤਾ ਭਾਈ, ਮਲੂਕੇ ਆਦਿ ਹੁੰਦੇ ਹੋਏ ਸੇਮਾ ਨਗਰ ਵਿੱਚ ਆਉਣਾ ਰੂੰਮੀ ਸਾਹਿਬ ਦਾ ਦੱਸ ਸਾਲ ਦਾ ਆਸਣ ਅਤੇ ਹੁਣ ਭੁੱਚੋ ਕਲਾਂ ਦੀ ਧਰਤੀ ਨੂੰ ਭਾਗ ਲਾਉਣਾ ਜਿਥੇ ਬਾਬਾ ਜੀ ਆਪਣੀ ਪਵਿੱਤਰ ਚਰਨ ਛੋਹ ਕੋਈ ਪੰਜਾਹ ਸਾਲ ਅੰਦਾਜਾ ਟਿੱਲਾ ਸਾਹਿਬ ਦੇ ਨਾਮ ਦੀ ਧਰਤੀ ਨੂੰ ਬਖਸ਼ਦੇ ਰਹੇ। ਉਸ ਸਮੇਂ ਦੇ ਪ੍ਰਾਣੀਆਂ ਨਾਲ ਕੀਤੇ ਕੌਤਕ, ਜਿਨ੍ਹਾਂ ਪ੍ਰੇਮੀਆਂ ਨੇ ਇਸ ਪਾਵਨ ਪਵਿੱਤਰ ਮਿੱਟੀ ਦੀ ਛੋਹ ਪ੍ਰਾਪਤ ਕਰਕੇ ਜਿਸ ਉਪਰ ਬਾਬਾ ਜੀ ਦੇ ਚਰਨ ਪਿਆ ਕਰਦੇ ਸਨ ਆਪਣੇ ਜਨਮ ਮਰਨ ਦੇ ਬੰਧਨ ਕੱਟੇ ਅਤੇ ਇਸ ਭਵਸਾਗਰ ਤੋਂ ਪਾਰ ਹੋ ਗਏ ਹਨ ਬਾਰੇ ਵਿਸਥਾਰ ਪੂਰਬਕ ਇਸ ਹਿੱਸੇ ਵਿੱਚ ਕਲਮਬੰਦ ਕਰ ਰਹੇ ਹਾਂ। ਇਤਿਹਾਸ ਵਿੱਚ ਮਨੋਕਲਪਨਾ ਦਾ ਕੋਈ ਪ੍ਰਸੰਗ ਨਹੀਂ। ਇਹ ਪ੍ਰਸੰਗ ਉਨ੍ਹਾਂ ਸੇਵਕਾਂ ਦੀ ਜਬਾਨੀ ਹੈ ਜਿਨ੍ਹਾਂ ਦੇ ਵੱਡੇ ਵਡੇਰਿਆਂ ਨਾਲ ਬੀਤੇ ਸਨ। ਲੇਖਕ ਵਲੋਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਪ੍ਰੇਮੀਆਂ ਨੇ ਇਹ ਪ੍ਰਸੰਗ ਸੁਣਾ ਕੇ ਪਾਠਕਾਂ ਤੱਕ ਪਹੁੰਚਾਉਣ ਲਈ ਸਹਾਇਤਾ ਕੀਤੀ।

# ਭੁਚੋ ਕਲਾਂ

ਸਥਾਪਿਤ ਹੋਣ ਦਾ ਵੇਰਵਾ॥

ਭੁੱਚੋ ਕਲਾਂ ਇਤਿਹਾਸਕ ਪਿੰਡ ਹੈ। ਬਾਬਾ ਆਦਮ ਗੁਰੂ ਘਰ ਦਾ ਸ਼ਰਧਾਲੂ ਸੀ। ਆਪ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਤੀ ਅਥਾਹ ਪਿਆਰ ਰਖਦੇ ਸਨ। ਬਾਰਸ਼ਾਂ ਦੇ ਦਿਨ ਸੀ ਗੁਰੂ ਕੇ ਲੰਗਰ ਦਾ ਬਾਲਣ ਗਿੱਲਾ ਸੀ। ਬਾਬਾ ਆਦਮ ਜੀ ਦੇ ਘਰ ਸੁਕੀਆਂ ਲੱਕੜਾਂ ਪਈਆਂ ਸਨ ਆਪ ਰੋਜ਼ ਲੱਕੜਾਂ ਦਾ ਗੱਠਾ ਲੈ ਕੇ ਗੁਰੁ ਦੇ ਘਰ ਦੇ ਲੰਗਰ ਦੀ ਸੇਵਾ ਕਰਿਆ ਕਰਦੇ ਸਨ। ਚੌਥੇ ਪਾਤਸ਼ਾਹ ਨੇ ਸੇਵਕਾਂ ਨੂੰ ਪੁੱਛਿਆ, "ਇਹ ਸੁਕਾ ਬਾਲਣ ਕੌਣ ਲੈ ਕੇ ਆਉਂਦਾ ਹੈ।" ਸੇਵਕਾਂ ਨੇ ਉੱਤਰ ਵਿੱਚ ਕਿਹਾ ਮਹਾਰਾਜ! "ਇਕ ਮਾਲਵੇ ਦਾ ਬਾਬਾ ਆਦਮ ਨਾਮ ਦਾ ਸੰਗੀ ਹੈ" ਚੌਥੇ ਪਾਤਸ਼ਾਹ ਨੇ ਹੁਕਮ ਦਿੱਤਾ "ਉਨ੍ਹਾਂ ਨੂੰ ਦਰਬਾਰ ਵਿੱਚ ਲਿਆਂਦਾ ਜਾਵੇ।" ਸੇਵਕਾਂ ਨੇ ਬਾਬਾ ਆਦਮ ਜੀ ਨੂੰ ਸੁਨੇਹਾ ਭੇਜ ਦਿੱਤਾ। ਬਾਬਾ ਆਦਮ ਜੀ ਅਤੇ ਮਾਈ ਦੋਨੋਂ ਹੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਹਾਜ਼ਰ ਹੋ ਗਏ। ਮਾਈ ਪਿੱਛੇ ਠਹਿਰ ਗਈ ਬਾਬਾ ਆਦਮ ਜੀ ਗੁਰੂ ਸਾਹਿਬ ਦੇ ਨੇੜੇ ਹੋਏ ਅਤੇ ਨਮਸਕਾਰ ਕੀਤੀ। ਗੁਰੂ ਜੀ ਪ੍ਰਸੰਨਤਾ ਵਿੱਚ ਹੋ ਕੇ ਕਹਿਣ ਲੱਗੇ "ਮੰਗ ਜੋ ਕੁਝ ਮੰਗਣਾ ਤੂੰ।" ਅੰਤਰਜਾਮੀ ਸਭ ਕੁਝ ਜਾਣਦੇ ਹੋਏ ਵੀ ਪੁੱਛ ਰਹੇ ਸਨ। ਬ੍ਰਿਧ ਉਮਰ ਹੋਣ ਕਰਕੇ ਬਾਬਾ ਜੀ ਸ਼ਰਮਾਉਣ ਲੱਗੇ ਕਿ ਲੋਕ ਕੀ ਕਹਿਣਗੇ "ਬੁੱਢਾ ਹੋਇਆ ਪੁੱਤਰ ਮੰਗਦਾ ਹੈ" ਲੱਜ ਸ਼ਰਮ ਨੇ ਜ਼ਬਾਨ ਬੰਦ ਕਰ ਦਿੱਤੀ। ਅਗਲੇ ਦਿਨ ਫਿਰ ਮਾਈ ਜੀ ਨੇ ਆਪ ਬੇਨਤੀ ਕਰ ਦਿੱਤੀ। "ਪਾਤਸ਼ਾਹ ਪੁੱਤਰ ਦੀ ਦਾਤ ਬਖਸ਼ੋ" ਗੁਰੂ ਰਾਮਦਾਸ ਜੀ ਬਚਨ ਕੀਤਾ "ਚੰਗਾ ਫੇਰ ਅਸੀਂ ਆਪਣੇ ਚਾਰ ਪੁੱਤਰਾਂ ਵਿੱਚੋਂ ਇੱਕ ਤੁਹਾਨੂੰ ਦਿੱਤਾ" ਬਾਬਾ ਆਦਮ ਜੀ ਦੇ ਘਰ ਭਗਤੂ ਨਾਮ ਦੇ ਪੁੱਤਰ ਨੇ ਜਨਮ ਲਿਆ। ਫਿਰ ਪੰਜਵੇਂ ਪਾਤਸ਼ਾਹ ਜੀ ਨੇ ਭਗਤੂ ਨੂੰ ਭਾਈ ਦਾ ਖਿਤਾਬ ਬਖਸ਼ਿਆ। ਭਾਈ ਭਗਤੂ ਜੀ ਦੇ ਦੋ ਪੁੱਤਰ ਹੋਏ ਭਾਈ ਗੌਰਾ ਅਤੇ ਜਿਉਣ।

ਭਾਈ ਗੌਰਾ ਦੇ ਦੋ ਪੁੱਤਰ ਹੋਏ ਭਾਈ ਦਿਆਲ ਦਾਸ ਵੱਡੀ ਭੁੱਚੋ ਵਾਲੇ

ਅਤੇ ਛੋਟੀ ਭੁੱਚੋ ਵਾਲੇ ਭਾਈ ਦਇਆ ਚੰਦ (ਦਯਾ ਚੰਦ) ਦਿਆਲ ਦਾਸ ਵੱਡੇ ਹੋਣ ਕਰਕੇ ਰਾਜ ਦੇ ਮਾਲਕ ਬਣੇ। ਇਨ੍ਹਾਂ ਛੋਟੀ ਭੱਚੋ ਤੋਂ ਉਠਕੇ ਵੱਡੀ ਭੁੱਚੋ ਅਬਾਦ ਕੀਤੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ (ਦਮਦਮਾ ਸਾਹਿਬ) ਬਿਰਾਜੇ ਹੋਏ ਸਨ। ਗੁਰੂ ਸਾਹਿਬ ਨੇ ਭਾਈ ਦਿਆਲ ਦਾਸ, ਰਾਮ ਸਿੰਘ, ਫਤੇਹ ਸਿੰਘ, ਬਖਤੂ ਸਿੰਘ ਅਤੇ ਤਖਤੂ ਸਿੰਘ ਨੂੰ ਅੰਮ੍ਰਿਤਪਾਨ ਕਰਨ ਲਈ ਪ੍ਰੇਰਿਆ। ਚੱਕਾ ਵਾਲੇ ਰਾਮ ਸਿੰਘ ਫਤੇਹ ਸਿੰਘ, ਬਖਤੂ ਸਿੰਘ ਤੇ ਤਖਤੂ ਸਿੰਘ ਨੇ ਅੰਮ੍ਰਿਤ ਛੱਕ ਲਿਆ ਪਰ ਭਾਈ ਦਿਆਲ ਦਾਸ ਨੇ ਅੰਮ੍ਰਿਤ ਛੱਕਣ ਤੋਂ ਇਨਕਾਰ ਕਰ ਦਿੱਤਾ ਗੁਰੂ ਸਾਹਿਬ ਚੱਕਾਂ ਵਿੱਚ ਆਏ ਤਾਂ ਫਿਰ ਭਾਈ ਦਿਆਲ ਦਾਸ ਨੂੰ ਗੁਰੂ ਕਾ ਸਿੱਖ ਬਣਨ ਲਈ ਆਦੇਸ਼ ਕੀਤਾ ਆਪ ਮੁਨਕਰ ਹੋ ਗਏ ਗੁਰੂ ਸਾਹਿਬ ਨੇ ਬਚਨ ਕੀਤਾ, "ਚੰਗਾ ਹੁਣ ਅਸੀਂ ਅੰਮ੍ਰਿਤ ਛਕਾਉਂਦੇ ਸੀ ਫਿਰ ਸਾਡੇ ਸੇਵਕਾਂ ਪਾਸੋਂ ਮਿੰਨਤਾ ਤਰਲੇ ਕਰਕੇ ਛਕੇਗਾ। ਇਸ ਨੇ ਮੁਸੰਦਾਂ ਵਾਲੀ ਗੱਲ ਕੀਤੀ" ਜਦੋਂ ਭਾਈ ਦਿਆਲ ਦਾਸ ਨੂੰ ਪਸਚਾਤਾਪ ਹੋਇਆ ਤਾਂ ਰਾਮ ਸਿੰਘ ਤੇ ਫਤੇਹ ਸਿੰਘ ਪਾਸ ਬੇਨਤੀ ਕਰਨ ਲੱਗਾ ਤਾਂ ਉਨ੍ਹਾਂ ਭਾਈ ਨੂੰ ਪ੍ਰਸ਼ਾਦ ਬਣਾ ਕੇ ਲਿਆਉਣ ਲਈ ਕਿਹਾ ਤਾਂ ਕੇ ਭੁੱਲ ਬਖਸ਼ਾ ਲਈ ਜਾਵੇ। ਗੁਰੂ ਸਾਹਿਬ ਚੱਕਾਂ ਤੋਂ ਚਲ ਕੇ ਭਾਗੂ ਵੱਲ ਨੂੰ ਜਾਣ ਲੱਗੇ ਤੀਰ ਨਾਲ (ਲਵੇਰੀਸਰ ਇਤਿਹਾਸਕ ਗੁਰਦੁਆਰਾ ਭੁੱਚੋ ਮੰਡੀ ਤੋਂ ਇੱਕ ਕਿਲੋਮੀਟਰ ਭੁੱਚੋ ਮੰਡੀ ਤੋਂ ਬਠਿੰਡਾ ਰੇਲਵੇ ਲਾਈਨ ਦੇ ਉਪਰ ਹੈ) ਨੂੰ ਨਮਸਕਾਰ ਕੀਤੀ ਸੰਗਤਾਂ ਨੇ ਬੇਨਤੀ ਕੀਤੀ "ਪਾਤਸ਼ਾਹ। ਇਹ ਜਗ੍ਹਾ" ਦਸਮੇਂ ਪਾਤਸ਼ਾਹ ਬਚਨ ਕੀਤਾ "ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਥੇ ਸਿੱਧਾਂ ਨਾਲ ਗੋਸ਼ਟੀ ਕੀਤੀ ਸੀ ਅਤੇ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਨੇ ਸ਼ੇਰ ਅਤੇ ਬੱਕਰੀ ਦੀ ਲੜਾਈ ਦੇਖੀ ਸੀ ਜਿਸ ਵਿੱਚ ਬੱਕਰੀ ਨੇ ਆਪਣੇ ਬੱਚੇ ਨਹੀਂ ਖਾਣ ਦਿੱਤੇ ਸੀ।" ਗੁਰੂ ਸਾਹਿਬ ਕੱਚੀ ਭੁੱਚੋ ਨੇੜੇ ਪਹੁੰਚੇ ਤਾਂ ਘੋੜੇ ਨੂੰ ਪਾਣੀ ਪੀਣ ਢਾਬ ਵੱਲ ਕੀਤਾ ਤਾਂ ਘੋੜੇ ਨੇ ਪਾਣੀ ਨਹੀਂ ਪੀਤਾ। ਸੰਗਤਾਂ ਨੇ ਕਾਰਨ ਪੁੱਛਿਆ ਗੁਰੂ ਸਾਹਿਬ ਬਚਨ ਕੀਤਾ "ਪਾਣੀ ਵਿੱਚੋਂ ਭਾਈ ਦਿਆਲੇ ਮਸੰਦ ਦੀ ਬੋ ਆਉਂਦੀ ਹੈ।" ਆਪ ਨਗਰ ਵਿੱਚ ਨਹੀਂ ਗਏ ਤੇ ਭਾਗੂ ਵੱਲ ਨੂੰ ਚਲ ਪਏ। ਭਾਈ ਦਿਆਲਾ ਦਾਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤੇ ਪ੍ਰਸ਼ਾਦ ਬਣਾਕੇ ਗੱਡਿਆਂ ਉਪਰ ਰੱਖ ਕੇ ਪਿੱਛੇ ਪਿੱਛੇ ਹੋ ਤੁਰਿਆ। ਗੁਰੂ ਸਾਹਿਬ ਅੱਗੇ ਭਾਈ ਰਾਮ ਸਿੰਘ, ਫਤੇਹ ਸਿੰਘ

ਬੇਨਤੀ ਕੀਤੀ ਕਿ ਭਾਈ ਦਿਆਲ ਦਾਸ ਨੂੰ ਬਖਸ਼ ਦਿਉ ਉਹ ਪਿੱਛੇ ਪਿੱਛੇ ਪ੍ਰਸ਼ਾਦ ਲਈ ਫਿਰਦਾ ਹੈ "ਗੁਰੂ ਸਾਹਿਬ ਇਥੋਂ ਚਲ ਕੇ ਕੋਟਸ਼ਮੀਰ ਪਿੰਡ ਗਏ ਫਿਰ ਰਾਮ ਸਿੰਘ ਨੇ ਬੇਨਤੀ ਕਰ ਦਿੱਤੀ। ਗੁਰੂ ਸਾਹਿਬ ਨੇ ਬੇਨਤੀ ਮੰਨ ਲਈ ਅਤੇ ਪ੍ਰਸ਼ਾਦ ਵਰਤਾਉਣ ਲਈ ਕਿਹਾ। ਜਦੋਂ ਪ੍ਰਸ਼ਾਦ ਵਰਤਾਉਣ ਲੱਗੇ ਤਾਂ ਦੇਖਦੇ ਹਨ ਕਿ ਇਸ ਵਿੱਚ ਕੀੜੇ ਹਨ। ਦਸਮ ਪਿਤਾ ਅੱਗੇ ਬੇਨਤੀ ਕੀਤੀ "ਪਾਤਸ਼ਾਹ! ਪ੍ਰਸ਼ਾਦਿ ਵਿੱਚ ਕੀੜੇ ਹਨ।" ਪਾਤਸ਼ਾਹ ਨੇ ਪ੍ਰਸ਼ਾਦਿ ਮੰਗਵਾ ਕੇ ਆਪਣੀ ਤਲੀ ਤੇ ਰੱਖ ਕੇ ਦਬਾਇਆ ਤੇ ਬਚਨ ਕੀਤਾ "ਜਾਓ ਇਸ ਨੂੰ ਪ੍ਰਸ਼ਾਦਿ ਵਿੱਚ ਮਿਲਾ ਕੇ ਵਰਤਾ ਦਿਉ।" ਜਦੋਂ ਪ੍ਰਸ਼ਾਦਿ ਦੇ ਦਰਸ਼ਨ ਕੀਤੇ ਤਾਂ ਪ੍ਰਸ਼ਾਦਿ ਗਰਮ ਅਤੇ ਤਾਜਾ ਬਣਾਇਆ ਦਿਖਾਈ ਦਿੱਤਾ ਇਸ ਤੋਂ ਉਪਰੰਤ ਭਾਈ ਦਿਆਲ ਦਾਸ ਨੇ ਅੰਮ੍ਰਿਤਪਾਨ ਕੀਤਾ ਅਤੇ ਗੁਰ ਕਾ ਸਿੱਖ ਬਣ ਗਿਆ। ਦਿਆਲ ਦਾਸ ਨੇ ਭੁੱਚੋ ਕਿਲ੍ਹੇ ਦੀ ਨੀਂਹ ਰੱਖੀ ਅਤੇ ਕਿਲ੍ਹਾ ਤਿਆਰ ਕਰਵਾਇਆ। ਇਨ੍ਹਾਂ ਦੇ ਘਰ ਭਾਈ ਗੁਰਬਖਸ਼ ਸਿੰਘ ਨੇ ਜਨਮ ਲਿਆ। ਭਾਈ ਗੁਰਬਖਸ਼ ਸਿੰਘ ਦੇ ਘਰ ਛੇ ਪੁੱਤਰ ਅਤੇ ਇੱਕ ਪੁੱਤਰੀ ਹੋਈ। ਬੀਬੀ ਕਰਮ ਕੌਰ ਦੀ ਸਮਾਧ ਤੇ ਚੁੱਲੇ ਇਥੇ ਹੀ ਹਨ ਅਤੇ ਉਲਾਦ ਭੀ ਇਥੇ ਹੀ ਹੈ। ਕਿਲ੍ਹਾ ਪੱਕਾ ਹੋਣ ਕਰਨੇ ਹੀ ਇਸ ਦਾ ਨਾਮ ਪੱਕੀ ਭੁੱਚੋ ਰੱਖਿਆ ਗਿਆ।

ਭਾਈ ਗੁਰਬਖਸ਼ ਸਿੰਘ ਦੇ ਛੇ ਪੁੱਤਰ ਬੁਧ ਸਿੰਘ, ਧਨ ਸਿੰਘ, ਦੇਸੂ ਸਿੰਘ, ਗੁਰਦਾਸ ਸਿੰਘ, ਤਖਤ ਸਿੰਘ ਅਤੇ ਸੁੱਖਾ ਸਿੰਘ। ਬੁਧ ਸਿੰਘ ਤਖਤ ਸਿੰਘ ਬੇ-ਔਲਾਦ ਹੋਏ। ਧਨ ਸਿੰਘ ਦੇ ਦੋ ਪੁੱਤਰ ਕਰਮ ਸਿੰਘ ਅਤੇ ਚਤਰ ਸਿੰਘ ਬੇ-ਔਲਾਦ ਹੋਏ। ਦੇਸੂ ਸਿੰਘ ਦੇ ਦੋ ਪੁੱਤਰ ਲਾਲ ਸਿੰਘ ਤੇ ਬਹਾਲ ਸਿੰਘ। ਬਹਾਲ ਸਿੰਘ ਬੇ-ਔਲਾਦ ਰਿਹਾ ਤੇ ਲਾਲ ਸਿੰਘ ਦੇ ਉਦੇ ਸਿੰਘ, ਪ੍ਰਤਾਪ ਸਿੰਘ ਤੇ ਗੁਰਦਾਸ ਸਿੰਘ ਹੋਏ। ਗੁਰਦਾਸ ਸਿੰਘ ਦਾ ਪੁੱਤਰ ਦਲ ਸਿੰਘ ਉਹ ਵੀ ਬੇ-ਔਲਾਦ।

ਸੁੱਖ ਸਿੰਘ ਦੇ ਇੱਕ ਪੁੱਤਰ ਵਸਾਵਾ ਸਿੰਘ। ਇਸ ਦੇ ਛੇ ਪੁੱਤਰ ਗੁਲਾਬ ਸਿੰਘ, ਬਹਾਦਰ ਸਿੰਘ, ਪੰਜਾਬ ਸਿੰਘ, ਕਾਹਨ ਸਿੰਘ, ਸੰਗਤ ਸਿੰਘ, ਛੇਵੇਂ ਦਾ ਨਾਮ ਮਿਲਿਆ ਨਹੀਂ। ਗੁਲਾਬ ਸਿੰਘ ਦਾ ਪਰਿਵਾਰ ਅਰਨੋਲੀ (ਹਰਿਆਣਾ) ਵਿਚ।

ਸੰਗਤ ਸਿੰਘ ਜੀ ਸੇਖੂਵਾਲ ਵਾਲੇ ਪਟਿਆਲੇ ਕੋਲ ਹਨ। ਅੰਗਰੇਜ਼ ਦੇ ਬੰਦੋਬਸਤ ਵੇਲੇ ਗੁਲਾਬ ਸਿੰਘ ਦਾ ਪੁੱਤਰ ਜਸਮੇਰ ਸਿੰਘ ਮੌਜੂਦ ਸੀ। ੧੯੫੨-੫੩ ਵਿੱਚ ਪਿੰਡ ਦੇ ਲੋਕ ਜ਼ਮੀਨ ਦੇ ਮਾਲਕ ਬਣਾ ਦਿੱਤੇ ਅਤੇ ਆਪ ਜਗੀਰ ਲੈ ਲਈ। ਭੁੱਚੋ ਕਲਾਂ ਪਿੰਡ ਅਰਨੋਲੀ ਵਾਲੇ ਦੇ ਹਿੱਸੇ ਆਈ। ਕੈਥਲ ਭਾਈ ਦੇਸੂ ਸਿੰਘ ਨੇ ਫਤੇਹ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਭਾਈ ਉਦੇ ਸਿੰਘ ਭਾਈ ਲਾਲ ਸਿੰਘ ਦਾ ਪੁੱਤਰ ਸੀ।

ਨੋਟ - ਇਹ ਪ੍ਰਸੰਗ ਸ. ਅੱਛਰ ਸਿੰਘ ਸਾਬਕਾ ਸਰਪੰਚ ਭੁੱਚੋ ਕਲਾਂ ਵਲੋਂ ਪ੍ਰਾਪਤ ਹੋਇਆ।

## ਬਾਬਾ ਜੀ ਦਾ ਰੂੰਮੀ ਤੋਂ ਭੁੱਚੋ ਕਲਾਂ ਆਉਣਾ

**ਸੋਰਠਿ ਮਹਲਾ ੫ ॥**

**ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ ॥**
**ਸਗਲੇ ਜੀਅ ਕੀਏ ਦਇਆਲਾ ਸੋ ਪ੍ਰਭੁ ਅੰਤਰਜਾਮੀ ॥੧॥**
**ਮੇਰਾ ਗੁਰੁ ਹੋਆ ਆਪਿ ਸਹਾਈ ॥**
**ਸੂਖ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ ॥ ਰਹਾਉ ॥**
**ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥**
**ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥**
**ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ ॥**
**ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ ॥੩॥**
**ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥**
**ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥**

(ਅੰਗ ੬੧੫)

ਭੁੱਚੋ ਕਲਾਂ ਦੇ ਸੇਵਕਾਂ ਦਾ ਅਥਾਹ ਪਿਆਰ ਦੇਖ ਕੇ ਬਾਬਾ ਜੀ ਰੂੰਮੀ

ਤੋਂ ਸ਼ਾਮ ਨੂੰ ਪਿੰਡ ਵੱਲ ਨੂੰ ਤੁਰ ਪਏ। ਲੋਹੜੀ ਵਾਲਾ ਦਿਨ ਸੀ ਮੀਂਹ ਥੋੜ੍ਹਾ ਥੋੜ੍ਹਾ ਵਰਸ ਰਿਹਾ ਸੀ। ਬਾਬਾ ਜੀ ਖੇਸ ਦੀ ਬੁੱਕਲ ਮਾਰਕੇ ਚਲਦੇ ਚਲਦੇ ਟਿੱਲੇ ਵਾਲੀ ਜਗ੍ਹਾਂ ਦੇ ਪਿੱਛੇ ਜੋ ਬੇਰੀ ਸੀ। (ਜੋ ਅੱਜ ਵੀ ਮੌਜੂਦ ਹੈ) ਉਸ ਦੇ ਹੇਠ ਆ ਕੇ ਬੈਠ ਗਏ। ਉਸ ਖੁੱਲੀ ਚਰਾਂਦ (ਝਿੜੀ) ਵਿੱਚ ਨੱਥੂ ਸਿੰਘ ਮਜਬੀ ਸਿੱਖ ਬੱਕਰੀਆਂ ਵਾਪਸ ਪਿੰਡ ਵੱਲ ਲਿਜਾ ਰਿਹਾ ਸੀ। ਬਾਬਾ ਜੀ ਨੇ ਬਚਨ ਕੀਤਾ "ਗੁਰਮੁਖਾ! ਪਿੰਡ ਦੇ ਕੁਝ ਬੰਦਿਆਂ ਨੂੰ ਸਾਡੇ ਆਉਣ ਬਾਰੇ ਸੁਨੇਹਾ ਦੇ ਦੇਣਾ।" ਬਾਬਾ ਜੀ ਨੇ ਜਿਨ੍ਹਾਂ ਸਿੰਘਾਂ ਦੇ ਨਾਮ ਲਏ ਨੱਥੂ ਸਿੰਘ ਉਨ੍ਹਾਂ ਵੱਲ ਚਲਾ ਗਿਆ। ਭਾਈ ਵਰਿਆਮ ਸਿੰਘ ਤੇ ਸੌਣ ਸਿੰਘ ਨੂੰ ਨੱਥੂ ਸਿੰਘ ਬੁਲਾਵਾ ਦੇ ਅੱਗੇ ਤੁਰ ਗਿਆ। ਸੋਹਣ ਸਿੰਘ ਨੂੰ ਸੁਨੇਹਾ ਮਿਲਣ ਕਰਕੇ ਉਹ ਵਰਿਆਮ ਸਿੰਘ ਨੂੰ ਬਲਾਉਣ ਚਲਾ ਗਿਆ। ਦੋਨੋਂ ਇਕੱਠੇ ਹੀ ਬਾਬਾ ਜੀ ਵੱਲ ਨੂੰ ਤੁਰ ਪਏ ਤੇ ਨੱਥੂ ਸਿੰਘ ਬਾਬਾ ਦਲ ਸਿੰਘ ਜੀ ਨੂੰ ਪਤਾ ਕਰਨ ਲਈ ਚਲਾ ਗਿਆ। ਪ੍ਰੇਮ ਦੀ ਭਾਵਨਾ ਨੇ ਛੇਤੀ ਹੀ ਸਾਰਿਆਂ ਨੂੰ ਇਕੱਠੇ ਕਰਕੇ ਬਾਬਾ ਜੀ ਪਾਸ ਲੈ ਆਂਦਾ। ਜੀਤ ਸਿੰਘ ਵੀ ਘੋੜੀ ਤੇ ਰੂੰਮੀ ਵੱਲ ਤੋਂ ਆ ਰਿਹਾ ਸੀ ਬਾਬਾ ਜੀ ਦੇ ਦਰਸ਼ਨ ਕਰਕੇ ਇਥੇ ਹੀ ਰੁਕ ਗਿਆ। ਸਾਰਿਆ ਨੇ ਬਾਬਾ ਜੀ ਦੀ ਚਰਨ ਛੋਹ ਪ੍ਰਾਪਤ ਕਰਕੇ ਅਨੰਦ ਮਾਣਿਆ ਤੇ ਬੇਨਤੀ ਕੀਤੀ "ਮਹਾਰਾਜ! ਕੀ ਹੁਕਮ ਹੈ।" ਬਾਬਾ ਜੀ ਨੇ ਫੁਰਮਾਇਆ, "ਸਾਡੇ ਬੈਠਣ ਲਈ ਜਗ੍ਹਾਂ ਦੱਸੋ ਅਸੀਂ ਹੁਣ ਇਥੇ ਹੀ ਰਹਿਣਾ ਹੈ" ਸਾਰਿਆਂ ਨੇ ਟਿੱਲੇ ਵੱਲ ਇਸ਼ਾਰਾ ਕਰਕੇ ਕਿਹਾ "ਇਹੀ ਜਗ੍ਹਾਂ ਹੈ" ਬਾਬਾ ਜੀ ਨੇ ਸਾਰੀ ਜਗ੍ਹਾਂ ਵੱਲ ਮੇਹਰ ਦੀ ਨਿਗਾਹ ਨਾਲ ਤੱਕਿਆ ਅਤੇ ਜਗ੍ਹਾ ਬੈਠਣ ਲਈ ਮਨਜ਼ੂਰ ਕਰ ਲਈ।" ਸੰਗਤ ਨੇ ਬੇਨਤੀ ਕੀਤੀ "ਮਹਾਰਾਜ। ਹੁਣ ਅਰਾਮ ਕਰਨ ਲਈ ਝੁੱਗੀ ਦਾ ਅਤੇ ਕੱਪੜਿਆਂ ਦਾ ਪ੍ਰਬੰਧ ਕਰੀਏ।" ਬੇਨਤੀ ਪ੍ਰਵਾਨ ਹੋਈ। ਕੁਝ ਤਾਂ ਪੱਟੀਆਂ ਲੈਣ ਚਲੇ ਗਏ ਦੋ ਆਦਮੀ ਖੇਸ ਅਤੇ ਬਿਸਤਰੇ ਮੰਜੇ ਦਾ ਪ੍ਰਬੰਧ ਕਰਨ ਲਈ ਗਏ। ਜਗ੍ਹਾਂ ਸਾਫ ਕਰਕੇ ਪੱਟੀਆਂ ਦੀ ਝੁੱਗੀ ਬਣਾ ਦਿੱਤੀ। ਮੰਜੇ ਤੇ ਆਸਣ ਵਿਛਾ ਦਿੱਤਾ। ਬਾਬਾ ਜੀ ਦਾ ਭਿਜਿਆ ਹੋਇਆ ਖੇਸ ਵੀ ਬਦਲ ਦਿੱਤਾ। ਬਾਬਾ ਦਲ ਸਿੰਘ ਜੀ ਨੇ ਬਾਬਾ ਜੀ ਨੂੰ ਦੁੱਧ ਛਕਾਉਣ ਬਾਰੇ ਆਗਿਆ ਮੰਗੀ। ਹੁਕਮ ਹੋਇਆ "ਲੈ ਆਉ"। ਥੋੜ੍ਹੀ ਦੇਰ ਬਾਅਦ ਦੁੱਧ ਆ ਗਿਆ ਆਪ ਜੀ ਨੇ ਦੁੱਧ ਛੱਕ ਲਿਆ। ਝਿੜੀ ਵਿੱਚ ਮੱਝਾਂ ਚਾਰਨ ਵਾਲੇ ਦਾ ਇੱਕ ਛੋਟਾ ਜਿਹਾ ਕੱਚਾ ਕੋਠਾ ਟਿੱਲੇ ਉਪਰ ਬਣਾਇਆ ਹੋਇਆ ਸੀ। ਸੰਗਤ ਨੇ

ਆਗਿਆ ਮੰਗੀ ਕਿ "ਪਾਤਸ਼ਾਹ ਉਹ ਸਾਹਮਣੇ ਉੱਪਰ ਵਾਲਾ ਕੋਠਾ ਸਾਫ ਕਰ ਦੇਈਏ।" ਬਾਬਾ ਜੀ ਬਚਨ ਕੀਤਾ "ਸ਼ੁਧ ਹੈ।" ਅਗਲੇ ਦਿਨ ਕੋਠਾ ਸਾਫ ਕਰਕੇ ਬਾਬਾ ਜੀ ਦਾ ਆਸਣ ਉਸ ਵਿੱਚ ਲਾ ਦਿੱਤਾ। ਡੇਢ ਮਹੀਨਾ ਉਸ ਵਿੱਚ ਰਹਿਣ ਉਪਰੰਤ ਬਾਬਾ ਜੀ ਨੇ ਉਹ ਕੋਠਾ ਢਾਹ ਕੇ ਨਵਾਂ ਤਿਆਰ ਕਰਨ ਦਾ ਹੁਕਮ ਦਿੱਤਾ। ਫਿਰ ਇਸ ਤੋਂ ਵੱਡਾ ਕੋਠਾ ਕੱਚਾ ਹੀ ਤਿਆਰ ਕੀਤਾ ਜਿਸ ਦਾ ਅੱਧਾ ਹਿੱਸਾ ਪਰਦਾ ਕਰਕੇ ਆਸਣ ਬਣਾ ਲਿਆ ਬਾਕੀ ਵਿੱਚ ਮੱਟੀਆ ਤੇ ਸਮੱਗਰੀ ਰੱਖਣੀ। ਇਸ ਕੋਠੇ ਉਪਰ ਬਾਬਾ ਜੀ ਨੇ ਛੱਤੀ ਸਾਲ ਦਾ ਸਮਾਂ ਬਤੀਤ ਕੀਤਾ। ਇਹ ਪ੍ਰਸੰਗ ਬਾਬਾ ਅਨੰਦ ਸਿੰਘ ਜੀ ਨੇ ਸੰਗਤ ਵਿੱਚ ਸੁਣਾਇਆ ਸੀ ਜੋ ਲੇਖਕ ਦੇ ਮਾਤਾ ਪਿਤਾ ਨੇ ਸੁਣਿਆ। ਇਹ ਪ੍ਰਸੰਗ ਬਾਬਾ ਖੇਮ ਸਿੰਘ ਜੀ ਦੇ ਮੁਖ ਤੋਂ (ਮੁਖਾਰਬਿੰਦ) ਲਿਖਤ ਵਿੱਚ ਪ੍ਰਵੇਸ਼ ਹੋਇਆ।

(ਇਹ ਪ੍ਰਸੰਗ ਬਾਬਾ ਜੀ ਦੇ ਸੇਵਕ ਭਾਈ ਸੋਹਣ ਸਿੰਘ ਦੇ ਪੜ-ਪੋਤਰੇ ਜੋਗਿੰਦਰ ਸਿੰਘ ਢਿਲੋਂ ਉਰਫ ਕਾਕਾ ਜੀ ਤੋਂ ਵੀ ਪ੍ਰਾਪਤ ਹੋਇਆ।)

## ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥

**ਅੰਗ ੩੧੮**

ਫੱਗਣ ਦੇ ਮਹੀਨੇ ਬਾਬਾ ਜੀ ਦੇ ਰਹਿਣ ਲਈ ਟਿਲੇ ਉਪਰ ਕੁਟੀਆ ਬਣਾ ਕੇ ਕਈ ਪਿੰਡ ਦੇ ਸੰਗੀ ਆਪਣੇ ਘਰੇਲੂ ਰੁਝੇਵਿਆਂ ਵਿੱਚ ਦਿਲਚਸਪੀ ਲੈਣ ਕਰਕੇ ਬਾਬਾ ਜੀ ਦੇ ਦਰਸ਼ਨਾਂ ਲਈ ਕਦੇ-ਕਦੇ ਆਇਆ ਕਰਦੇ ਸਨ। ਪਰ ਭਾਈ ਵਰਿਆਮ ਸਿੰਘ ਅਤੇ ਭਾਈ ਸੋਹਣ ਸਿੰਘ ਸੇਵਾ ਵਿੱਚ ਸ਼ਰਧਾ ਦੀ ਭਾਵਨਾ ਮਨ ਵਿੱਚ ਵਸਾ ਕੇ ਤੇ ਸਤਿਕਾਰ ਹਿਰਦੇ ਵਿੱਚ ਵਸਾ ਕੇ ਬਾਬਾ ਜੀ ਦੀ ਹਜ਼ੂਰੀ ਵਿੱਚ ਹਰ ਵੇਲੇ ਤੱਤ ਪਰ ਰਹਿੰਦੇ ਸਨ। ਬਾਬਾ ਜੀ ਦੇ ਹੁਕਮ ਅਨੁਸਾਰ ਸੋਹਣ ਸਿੰਘ ਰਾਤ ਦਾ ਪਹਿਰਾ ਵੀ ਬੜੇ ਅਦਬ ਨਾਲ ਪ੍ਰੇਮ ਬੰਧਨ ਵਿੱਚ ਲੀਨ ਹੋ ਕੇ ਨਿਮਰਤਾ ਨਾਲ ਨਿਭਾਉਂਦੇ ਸੀ। ਜਦ ਪਿੰਡ ਵਿੱਚ ਬਾਬਾ ਜੀ ਦੇ ਪੱਕੇ ਤੌਰ ਤੇ ਭੁੱਚੋ ਵਿੱਚ ਆਉਣ ਬਾਰੇ ਖ਼ਬਰ ਹੋ ਗਈ ਤਾਂ ਹੋਰ ਵੀ ਪ੍ਰੇਮੀ ਰਾਤ ਦੇ ਪਹਿਰੇ ਤੇ ਆਉਣ ਲੱਗ ਪਏ ਪਰ ਪਹਿਰੇ ਦੀ ਦੇਖ ਰੇਖ ਸੋਹਣ

ਸਿੰਘ ਦੀ ਹੁੰਦੀ ਸੀ। ਕਈ ਵਾਰ ਬਾਬਾ ਜੀ ਨੇ ਕਿਸੇ ਦਾ ਨਾਮ ਲੈ ਕੇ ਵੀ ਪਹਿਰੇ ਲਈ ਬੁਲਾ ਲੈਣਾ। ਬਾਬਾ ਜੀ ਨੇ ਸੋਹਣ ਸਿੰਘ ਨੂੰ ਬਚਨ ਕੀਤਾ ਕਿ "ਸੋਹਣ ਸਿੰਘ ਹੁਣ ਤੁਸੀਂ ਵੀ ਸੰਗਤ ਵਾਂਗ ਸੇਵਾ ਵਿੱਚ ਰਿਹਾ ਕਰੋ ਘਰੇਲੂ ਕੰਮ ਕਾਜ ਵੀ ਨਾਲ ਕਰਦੇ ਰਿਹਾ ਕਰੋ।"

ਸੋਹਣ ਸਿੰਘ ਨੇ ਇੱਕ ਦਿਨ ਬੇਨਤੀ ਕੀਤੀ "ਮਹਾਰਾਜ! ਮੈਨੂੰ ਛੁੱਟੀ ਦੇ ਦਿਓ।" ਬਾਬਾ ਜੀ ਨੇ ਛੁੱਟੀ ਦਾ ਕਾਰਣ ਪੁੱਛਿਆ। ਉੱਤਰ ਵਿੱਚ ਸੋਹਣ ਸਿੰਘ ਨੇ ਕਿਹਾ, "ਮਹਾਰਾਜ! ਪਿੰਡ ਦੇ ਲੋਕ ਕਹਿਣਗੇ ਇਹ ਬਾਬਾ ਜੀ ਪਾਸੋਂ ਪੈਸੇ ਲੈਂਦਾ ਹੈ। ਆਪ ਜੀ ਦੀ ਮੇਹਰ ਸਦਕਾ ਮੇਰੇ ਕੋਲ ਬਹੁਤ ਕੁਝ ਹੈ। ਮੇਰੇ ਉਪਰ ਮੇਹਰ ਦ੍ਰਿਸ਼ਟੀ ਕਰਕੇ ਮੈਨੂੰ ਸਬਰ, ਸੰਤੋਖ ਸੇਵਾ ਭਾਵ ਅਤੇ ਸ਼ਰਧਾ ਬਖਸ਼ ਦਿਉ।" ਸ੍ਰੇਸ਼ਟ ਬੁੱਧੀ ਵਾਲਾ ਇਹ ਉੱਤਰ ਸੁਣ ਕੇ ਬਾਬਾ ਜੀ ਪ੍ਰਸੰਨ ਹੋਏ ਅਤੇ ਕਹਿਣ ਲੱਗੇ "ਚੰਗਾ ਫੇਰ ਤੁਹਾਡੇ ਪਾਸੋਂ ਘਰ ਬੈਠਿਆ ਹੀ ਸੇਵਾ ਲੈ ਲਿਆ ਕਰਾਂਗੇ।"

ਜਦ ਵੀ ਬਾਹਰ ਤੋਂ ਆਉਣ ਵਾਲੀ ਸੰਗਤ ਦੂਰ ਦੁਰੇਡੇ ਦੀ ਹੁੰਦੀ ਤਾਂ ਰਾਤ ਦੀ ਰਿਹਾਇਸ਼ੀ ਪ੍ਰਬੰਧ ਸੋਹਣ ਸਿੰਘ ਦੇ ਘਰ ਹੁੰਦਾ। ਇਹ ਸੇਵਾ ਸੋਹਣ ਸਿੰਘ ਨੂੰ ਕਈ ਸਾਲ ਨਸੀਬ ਹੁੰਦੀ ਰਹੀ। ਫੁਰਮਾਨ ਹੈ-

**ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥**

**ਅੰਗ ੯੫੨**

ਇਸ ਤਰ੍ਹਾਂ ਬਾਬਾ ਜੀ ਸੋਹਣ ਸਿੰਘ ਤੋਂ ਸੇਵਾ ਲੈਂਦੇ ਰਹੇ ਅਤੇ ਸਮੇਂ ਸਮੇਂ ਘਰੇਲੂ ਬਿਘਨ ਕਲੇਸ਼ਾਂ ਤੋਂ ਛੁਟਕਾਰਾ ਕਰਵਾਉਂਦੇ ਰਹੇ।

ਇਕ ਵਾਰ ਗੁਰੂ ਨਾਨਕ ਦੇਵ ਜੀ ਮਹਾਰਾਜ ਕਿਸੇ ਸ਼ਹਿਰ ਗਏ। ਸ਼ਹਿਰ ਦੇ ਬਾਹਰ ਆਸਣ ਲਗਾ ਕੇ ਬੈਠ ਗਏ। ਇੱਕ ਅਤਿ ਗਰੀਬ ਜਿਸ ਨੂੰ ਆਪਣਾ ਪੇਟ ਪਾਲਣ ਲਈ ਵੀ ਅਣਥੱਕ ਮਿਹਨਤ ਕਰਨੀ ਪੈਂਦੀ ਸੀ। ਮਜ਼ਦੂਰੀ ਕਮਾ ਕੇ ਪਾਤਸ਼ਾਹ ਦੇ ਆਸਣ ਦੇ ਨੇੜੇ ਦੀ ਲੰਘਣ ਲੱਗਾ। ਦਰਸ਼ਨ ਕਰਕੇ ਮਨ ਗੱਦ ਗੱਦ ਹੋ ਉਠਿਆ, ਮਨ ਪ੍ਰੇਰਿਆ ਗਿਆ ਕਿ ਮਹਾਤਮਾ ਦੀ ਚਰਨ ਛੋਹ ਮਸਤਕ ਨੂੰ ਲਾਈ ਜਾਵੇ। ਨੇੜੇ ਆ ਕੇ ਮੱਥਾ ਟੇਕਿਆ ਤੇ ਕੁਝ ਸਮਾਂ ਅਨੰਦ ਮਾਨਣ ਤੋਂ ਬਾਅਦ ਚਲਾ ਗਿਆ। ਅਗਲੇ ਦਿਨ ਫਿਰ ਮਜ਼ਦੂਰੀ ਕਰਨ ਚਲਾ ਗਿਆ। ਕੰਮ ਸਰੀਰਕ ਤੌਰ ਤੇ ਉਥੇ ਕਰੇ ਪਰ ਮਨ ਗੁਰੂ ਚਰਨਾਂ ਦੇ ਅਥਾਹ

ਪ੍ਰੇਮ ਸਾਗਰ ਵਿੱਚ ਟੁੱਬੀਆਂ ਲਾਉਂਦਾ ਫਿਰੇ। ਮਜ਼ਦੂਰੀ ਦਾ ਸਮਾਂ ਬਿਤਾ ਕੇ ਮਨ ਵਿੱਚ ਤਰ੍ਹਾਂ ਤਰ੍ਹਾਂ ਦੇ ਸੰਦੇਹ ਲੈ ਕੇ "ਕਿ ਕਿਤੇ ਫਕੀਰ ਚਲੇ ਨਾ ਗਏ ਹੋਣ।" ਆਸਣ ਬਦਲ ਨਾ ਲਿਆ ਹੋਵੇ। " ਕੱਲ੍ਹ ਵਾਲੀ ਜਗ੍ਹਾਂ ਵਲ ਤੁਰ ਪਿਆ। ਮਨ ਖੁਸ਼ੀਆਂ ਵਿੱਚ ਝੂੰਮਣ ਲੱਗਾ ਜਦ ਗੁਰੂ ਸਾਹਿਬ ਨੂੰ ਉਥੇ ਹੀ ਬਿਰਾਜਮਾਨ ਦੇਖਿਆ। ਮਰਦਾਨਾ ਜੀ ਕੀਰਤਨ ਕਰ ਰਹੇ ਸਨ। ਕੀਰਤਨ ਦਾ ਅਨੰਦ ਮਾਨਣ ਲਈ ਉਥੇ ਹੀ ਬੈਠ ਗਿਆ। ਕੀਰਤਨ ਦੀ ਸਮਾਪਤੀ ਉਪਰੰਤ ਘਰ ਆਇਆ। ਦਿਨ ਭਰ ਕੀਤੀ ਹੋਈ ਮਜ਼ਦੂਰੀ ਦਾ ਰਾਸ਼ਨ ਖਰੀਦ ਲਿਆਇਆ ਪਤਨੀ ਨੂੰ ਭੋਜਨ ਤਿਆਰ ਕਰਨ ਦਾ ਆਦੇਸ਼ ਦਿੱਤਾ ਅਤੇ ਨਾਲ ਹੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਬੀਤੇ ਦੋ ਪਲ ਦਾ ਬਿਰਤਾਂਤ ਵਿਸਥਾਰ ਪੂਰਵਕ ਸੁਣਾਇਆ। ਉਸ ਨੂੰ ਹਦਾਇਤ ਦਿੱਤੀ ਕਿ ਭੋਜਨ ਤਿਆਰ ਕਰਕੇ ਦੋਵੇਂ ਹੀ ਫਕੀਰ ਦੀ ਭੇਟਾਂ ਕਰੀਏ ਅਤੇ ਨਾਲ ਹੀ ਦਰਸ਼ਨ ਕਰਕੇ ਸੇਵਾ ਕਮਾ ਲਈਏ। ਮਜ਼ਦੂਰੀ ਘੱਟ ਹੋਣ ਕਰਕੇ ਦੋ ਪ੍ਰਸ਼ਾਦੇ ਹੀ ਬਣੇ। ਇਹ ਦੋ ਪ੍ਰਸ਼ਾਦੇ ਸਤਕਿਾਰ ਸਹਿਤ ਗੁਰੂ ਸਾਹਿਬ ਅੱਗੇ ਪੇਸ਼ ਕਰਕੇ ਬੇਨਤੀ ਕੀਤੀ "ਗਰੀਬ ਨਿਵਾਜ। ਇਹ ਗਰੀਬ ਦੀ ਭੇਟਾ ਮਨਜ਼ੂਰ ਕਰੋ।" ਪਾਤਸ਼ਾਹ ਨੇ ਬਾਲਾ ਜੀ ਨੂੰ ਹੁਕਮ ਦਿੱਤਾ "ਬਾਲਾ ਜੀ ਇਸ ਦੇ ਪੰਜ ਟੁਕੜੇ ਕਰ ਦਿਓ।" ਹੁਕਮ ਦੀ ਤਾਮੀਲ ਹੋਈ ਟੁਕੜੇ ਪੰਜ ਬਣਾ ਕੇ ਸਾਰਿਆਂ ਨੂੰ ਛੱਕਣ ਲਈ ਦੇ ਦਿੱਤੇ। ਜਦ ਮਰਦਾਨਾ ਜੀ ਨੇ ਰੋਟੀ ਦੀ ਗਰਾਈ ਮੂੰਹ ਵਿੱਚ ਪਾਈ ਅਸਚਰਜਤਾ ਵਿੱਚ ਬੋਲ ਉੱਠਿਆ "ਸ਼ਹਿਨਸ਼ਾਹ। ਅੱਜ ਤਾਂ ਭਾਈ ਲਾਲੋ ਦੀ ਰੋਟੀ ਜਿਹਾ ਅਨੰਦ ਆਇਆ ਹੈ।"

"ਮਰਦਾਨਿਆਂ ! ਇਹ ਸੱਚੀ ਕਿਰਤ ਅਤੇ ਧਰਮ ਦੀ ਰੋਟੀ ਹੈ ਇਸ ਵਿੱਚ ਸੱਤ ਦੀ ਸ਼ਕਤੀ ਦਾ ਅਭਾਰ ਹੈ ਅਨੰਦ ਕਿਉਂ ਨਾ ਆਵੇ" ਗੁਰੂ ਸਾਹਿਬ ਨੇ ਬਚਨ ਕੀਤਾ।

ਘਰ ਦੀ ਗਰੀਬੀ ਦਾ ਅਹਿਸਾਸ ਮਨ ਵਿੱਚੋਂ ਪਰ ਲਾ ਕੇ ਉੱਡ ਗਿਆ। ਆਪਣੀ ਆਰਥਿਕ ਹਾਲਤ ਭੁੱਲ ਕੇ ਸਹਿਜ ਸੁਭਾ ਪ੍ਰੇਮੀ ਦੀ ਪਤਨੀ ਦੇ ਮੂੰਹ ਵਿੱਚੋਂ ਨਿਕਲ ਗਿਆ ਕਿ ਪਾਤਸ਼ਾਹ ਸਾਡੇ ਘਰ ਸ਼ਾਮ ਦਾ ਪ੍ਰਸ਼ਾਦ ਛਕੋ ਨਾਲ ਆਪਣੇ ਪਵਿੱਤਰ ਚਰਨਾਂ ਦੀ ਛੋਹ ਗਰੀਬ ਦੀ ਕੁਲੀ ਨੂੰ ਬਖਸ਼ੋ।"

ਅੰਤਰਜਾਮੀ ਦਿਆਲਤਾ ਦੇ ਘਰ ਵਿੱਚ ਬਚਨ ਕੀਤਾ "ਮੰਗੋ ਜੋ ਚਾਹੁੰਦੇ

ਹੋ ਮਿਲ ਜਾਏਗਾ।" ਪ੍ਰੇਮ ਲੀਨ ਹੋ ਬੇਨਤੀ ਕੀਤੀ ਮਹਾਰਾਜ ਸਾਡੇ ਘਰ ਚਰਨ ਪਾਓ ਹੋਰ ਕਿਸੇ ਵਸਤੂ ਦੀ ਇਛਾ ਨਹੀਂ। ਬਚਨ ਹੋਇਆ "ਤੁਹਾਡੇ ਘਰ ਹਰ ਰੋਜ਼ ਆਇਆ ਕਰਾਂਗੇ। ਘਰ ਅੰਦਰ ਜਿਹੋ ਜਿਹਾ ਭੋਜਨ ਤਿਆਰ ਹੋਵੇ ਆਉਂਦੇ ਜਾਂਦੇ ਸਾਧੂ ਨੂੰ ਛਕਾ ਦਿਆ ਕਰੋ।" ਇਹ ਬਚਨ ਕਰਕੇ ਗੁਰੂ ਨਾਨਕ ਦੇਵ ਜੀ ਉਥੋਂ ਤੁਰ ਪਏ, ਰਸਤੇ ਵਿੱਚ ਮਰਦਾਨੇ ਨੇ ਬੇਨਤੀ ਕੀਤੀ "ਪਾਤਸ਼ਾਹ! ਘਰ ਵਿੱਚ ਅਥਾਹ ਗਰੀਬੀ ਹੋਣ ਦੇ ਬਾਵਜੂਦ ਵੀ ਸਿੱਖ ਦੀ ਕੋਈ ਵੀ ਤ੍ਰਿਸ਼ਨਾ ਨਾ ਹੋਵੇ।"

"ਮਰਦਾਨਿਆ ਇਸੇ ਦਾ ਨਾਮ ਹੈ" ਸੱਚਾ ਪ੍ਰੇਮ "ਸੱਚਾ ਪਿਆਰ" ਗੁਰੂ ਸਾਹਿਬ ਨੇ ਬਚਨ ਕੀਤਾ।

"ਪਰ ਗਰੀਬ ਨਿਵਾਜ ਉਹ ਤਾਂ ਅਤਿ ਦਾ ਗਰੀਬ ਹੈ ਉਹ ਆਉਣ ਜਾਣ ਵਾਲੇ ਸਾਧੂਆਂ ਦੀ ਸੇਵਾ ਲਈ ਰਾਸ਼ਨ ਕਿਸ ਤਰ੍ਹਾਂ ਲਿਆਵੇਗਾ" ਮਰਦਾਨਾ ਹੈਰਾਨ ਹੋ ਕੇ ਬੋਲਿਆ।

"ਜਿਵੇਂ ਹੀ ਸੰਗਤਾਂ ਉਨ੍ਹਾਂ ਦੇ ਘਰ ਚਰਨ ਪਾਉਣਗੀਆਂ। ਉਸੇ ਤਰ੍ਹਾਂ ਸਾਰੀਆਂ ਬਰਕਤਾਂ ਆਪਣੇ ਆਪ ਆ ਜਾਣਗੀਆਂ। ਸਮਾਂ ਆਉਣ ਤੇ ਤੂੰ ਵੀ ਪ੍ਰਤੱਖ ਦੇਖ ਲੈਣਾ।" ਹਜ਼ੂਰ ਨੇ ਬਚਨ ਕੀਤਾ।

ਕੁਝ ਸਮੇਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਮੰਗਲਾ ਦੀਪ ਦੇ ਟਾਪੂਆਂ ਤੋਂ ਵਾਪਸ ਆਏ। ਸਭ ਤੋਂ ਪਹਿਲਾਂ ਇਸ ਸ਼ਹਿਰ ਵਿੱਚ ਉਸ ਸਿੱਖ ਦੇ ਘਰ ਠਹਿਰੇ। ਦੋਨੋਂ ਹੀ ਸਤਿਗੁਰ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ ਮਨ ਹੀ ਮਨ ਵਿੱਚ ਮਰਦਾਨਾ ਸਿੱਖ ਦੀ ਆਰਥਿਕ ਹਾਲਤ ਦਾ ਅੰਦਾਜਾ ਲਾ ਰਿਹਾ ਸੀ। ਅਗਲੇ ਦਿਨ ਗੁਰੂ ਸਾਹਿਬ ਉਥੋਂ ਤੁਰ ਪਏ। ਰਸਤੇ ਵਿੱਚ ਮਰਦਾਨੇ ਨੂੰ ਮੁਖਾਤਿਬ ਕਰਕੇ ਗੁਰੂ ਜੀ ਨੇ ਫੁਰਮਾਇਆ "ਮਰਦਾਨਿਆਂ! ਇਹ ਉਹੀ ਸਿੱਖ ਦਾ ਘਰ ਹੈ।" ਮਰਦਾਨੇ ਨੀਵੀਂ ਪਾ ਲਈ ਕਹਿਣ ਲੱਗਾ ਪਾਤਸ਼ਾਹ। ਤੁਹਾਡੀ ਰਜ਼ਾ ਅੱਗੇ ਮੈਂ ਭੁੱਲਣਹਾਰ ਹਾਂ।"

"ਮਰਦਾਨਿਆ। ਜਿਸ ਧਰਤੀ ਤੇ ਸਿੱਖ ਸੰਗਤਾਂ ਦੇ ਚਰਨ ਪੈ ਜਾਣ ਉਥੇ ਰਿੱਧੀਆਂ ਸਿੱਧੀਆ ਅੱਗੇ ਪਿੱਛੇ ਫਿਰਦੀਆਂ ਹਨ। ਕਿਸੇ ਵੀ ਤਰ੍ਹਾਂ ਦੀ ਮਨੋਕਾਮਨਾ ਤੋਂ ਰਹਿਤ ਹੋ ਕੇ ਗੁਰੂ ਦੇ ਸਿੱਖਾਂ ਦੀ ਸੇਵਾ ਕੀਤੀ ਵਿਅਰਥ ਨਹੀਂ ਜਾਂਦੀ। ਸਵੇ ਇੱਛਾ, ਸਵੈਮਾਨਤਾ ਤਿਆਗ ਕੇ ਗੁਰੂ ਘਰ ਦੀ ਸੇਵਾ

ਸਰਬਸ੍ਰੇਸਟ ਪਦਵੀ ਬਖ਼ਸ਼ੀ ਦੀ ਹੈ" ਗੁਰੂ ਸਾਹਿਬ ਫੁਰਮਾਇਆ।

**ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥** (ਅੰਗ ੪੪)

ਸਤਿਸੰਗਤ ਦੀ ਸੇਵਾ ਦਾ ਮਹਾਤਮ ਬਾਨੀ ਰਾਹੀਂ ਕਬੀਰ ਜੀ ਨੇ ਦਰਸਾਇਆ ਹੈ-

**ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥**
**ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥**

**ਸਲੋਕ ਭਗਤ ਕਬੀਰ ਜੀ, ਅੰਗ ੧੩੭੪**

# ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥

**ਅੰਗ ੨੮੬**

ਪ੍ਰਮਾਤਮਾ ਆਪਣੇ ਪਿਆਰਿਆਂ ਨਾਲ ਅਥਾਹ ਪਿਆਰ ਰੱਖਦਾ ਹੈ ਉਸ ਦਾ ਨਾਮ ਸਿਮਰਨ ਵਾਲੇ ਹੀ ਉਸ ਨੂੰ ਪਿਆਰੇ ਹਨ। ਪ੍ਰਭੂ ਦੀ ਕਰਨੀ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਨਾਲ ਪ੍ਰਮੇਸ਼ਰ ਆਪ ਵਿਚਰਦਾ ਹੈ ਉਨ੍ਹਾਂ ਦੇ ਅੰਗ ਸੰਗ ਸਹਾਈ ਹੁੰਦਾ ਹੈ ਉਨ੍ਹਾਂ ਨਾਲ ਪਿਆਰ ਦੀ ਪੀਂਘ ਪਾਉਂਦਾ ਹੈ। ਜਿਸ ਤਰ੍ਹਾਂ ਮਾਂ ਬੱਚੇ ਦੀ ਮੋਹ ਮਮਤਾ ਵਿੱਚ ਆ ਕੇ ਉਸ ਨੂੰ ਇੱਕ ਘੜੀ ਵੀ ਪਾਸੇ ਨਹੀਂ ਹੋਣ ਦਿੰਦੀ। ਜੇ ਕਿਧਰੇ ਖੇਡਣ ਚਲਾ ਜਾਵੇ ਝੱਟ ਆਪਣੇ ਆਪ ਬੁਲਾ ਕੇ ਬੁਕਲ ਵਿੱਚ ਬਿਠਾ ਕੇ ਪਿਆਰ ਦੇਂਦੀ ਹੈ। ਜੇ ਬਾਹਰ ਜਾਣ ਦੀ ਜਿੱਦ ਵੀ ਕਰਦਾ ਹੈ ਤਾਂ ਵੀ ਰੋਕਦੀ ਨਹੀਂ ਪਰ ਰੱਖਦੀ ਆਪਣੀ ਨਿਗਰਾਨੀ ਹੇਠ ਹੈ ਫੁਰਮਾਨ ਹੈ।

**ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥**

**ਮਲਾਰ ਮ: ੫, ਅੰਗ ੧੨੬੬**

ਬਾਲਕ ਦੀ ਚੰਚਲ ਬੁੱਧੀ ਹੈ ਉਹ ਜਿਵੇਂ ਵੀ ਦੂਰ ਜਾਂਦਾ ਉਸ ਨੂੰ ਨੇੜੇ ਲੈ ਕੇ ਆਉਂਦੀ ਹੈ। ਇਸੇ ਹੀ ਤਰ੍ਹਾਂ ਮਹਾਂਪੁਰਖ ਦਾ ਸੰਗੀ ਜਿਵੇਂ ਵੀ ਦੂਰ ਜਾਣ ਦੀ ਕੋਸ਼ਿਸ ਕਰਦਾ ਹੈ ਤਿਵੇਂ ਹੀ ਉਸ ਨੂੰ ਨੇੜੇ ਲਿਆਉਣ ਅਤੇ ਨਾਮ ਜਪਣ ਦੀ ਤਾਕੀਦ ਕਰਦੇ ਹਨ। ਹਾੜੀ ਦੇ ਦਿਨ ਸੀ ਸੋਹਣ ਸਿੰਘ ਆਪਣੀ ਖੇਤੀਬਾੜੀ ਵਿੱਚ ਰੁੱਝ ਗਿਆ। ਬਾਬਾ ਜੀ ਦੇ ਦਰਸ਼ਨ ਲਈ ਸਮਾਂ ਕੱਢਣਾ

ਵੀ ਭੁੱਲ ਗਿਆ ਦੋ ਮਹੀਨੇ ਦਾ ਸਮਾਂ ਬੀਤ ਗਿਆ। ਕੰਮਕਾਜ ਤੋਂ ਵਿਹਲਾ ਹੋ ਕੇ ਸੋਹਣ ਸਿੰਘ ਨੂੰ ਬਾਬਾ ਜੀ ਦੇ ਦਰਸ਼ਨ ਕਰਨ ਦਾ ਖਿਆਲ ਆਇਆ। ਝੱਟ ਟਿੱਲੇ ਵੱਲ ਨੂੰ ਹੋ ਤੁਰਿਆ। ਬਾਬਾ ਜੀ ਪਾਸ ਪਹੁੰਚ ਕੇ ਮੱਥਾ ਟੇਕਿਆ ਤੇ ਬੈਠ ਗਿਆ। ਬਾਬਾ ਜੀ ਨੇ ਦੋ ਮਹੀਨੇ ਦਾ ਸਮਾਂ ਆਪਣੇ ਕੋਲ ਨਾ ਆਉਣ ਦਾ ਕਾਰਨ ਪੁੱਛਿਆ।

"ਮਹਾਰਾਜ! ਅਸੀਂ ਦੁਨੀਆਦਾਰ, ਗ੍ਰਹਿਸਤੀ ਆਦਮੀ ਘਰੇਲੂ ਕੰਮ ਵਿੱਚ ਇਤਨਾ ਖੁੱਭ ਜਾਂਦੇ ਹਾਂ ਕਿ ਮਹਾਂਪੁਰਖਾਂ ਦੇ ਦਰਸ਼ਨ ਵੀ ਨਸੀਬ ਨਹੀਂ ਹੁੰਦੇ।" ਸੋਹਣ ਸਿੰਘ ਉਤਰ ਦਿੱਤਾ।

ਬਾਬਾ ਜੀ ਨੇ ਬਚਨ ਕੀਤਾ "ਸੋਹਣ ਸਿੰਘ ਆਦਮੀ ਘਰ ਗ੍ਰਹਿਸਤੀ ਵਿੱਚ ਮਸਤ ਹੋਇਆ ਪ੍ਰਮੇਸ਼ਰ ਦੇ ਨਾਮ ਨੂੰ ਵਿਸਾਰ ਦਿੰਦਾ ਹੈ। ਸਾਡਾ ਕੰਮ ਹੈ ਜਿਸ ਦੇ ਪੂਰਬਲੇ ਕਰਮ ਹੋਣ ਉਸ ਨੂੰ ਇਸ ਕੁੰਭੀ ਨਰਕ ਵਿੱਚੋਂ ਕੱਢ ਕੇ ਪ੍ਰਭੂ ਦਾ ਸਿਮਰਨ ਕਰਵਾਉਣਾ। ਗੁਰੂ ਸਾਹਿਬ ਨੇ ਆਦਮੀ ਤੋਂ ਸਿਰਫ ਦਸਵੰਧ ਹੀ ਮੰਗਿਆ ਹੈ ਪ੍ਰਮੇਸ਼ਰ ਦਾ ਸਿਮਰਨ ਕਰਨ ਲਈ। ਰੋਜ਼ ਰੋਜ਼ ਢਾਈ ਘੰਟੇ ਸਾਧੂ ਦੀ ਸੰਗਤ ਕੀਤੀ ਜਾਵੇ, ਉਸ ਦੀ ਕੀਰਤਨ ਦੁਆਰਾ ਉਸਤਤੀ ਸੁਣੀ ਜਾਵੇ, ਜੇ ਪੜਿਆ ਨਾ ਹੋਵੇ, ਤਾਂ ਵਾਹਿਗੁਰੂ ਨਾਮ ਦੀ ਮਾਲਾ ਜਪੀ ਜਾਵੇ। ਜੇ ਪੜਿਆ ਹੋਵੇ ਤਾਂ ਪਾਠ ਕੀਤਾ ਜਾਵੇ। ਪ੍ਰਮੇਸ਼ਰ ਨਾਲ ਇਹ ਪ੍ਰਣ ਕੀਤਾ ਹੈ ਇਨਸਾਨ ਨੇ (ਮਨੁੱਖ) ਇਹ ਕਰਜਾ ਦੇਣਾ ਹੈ ਪ੍ਰਭੂ ਦਾ। ਜਿਵੇਂ ਬੈਂਕ ਦੀ ਕਿਸਤ ਨਾ ਮੋੜੀ ਜਾਵੇ ਵਿਆਜ ਲਗਾ ਕੇ ਮੂਲ ਵਧੇਗਾ। ਇਸ ਤਰ੍ਹਾਂ ਪ੍ਰਮੇਸ਼ਰ ਦਾ ਉਧਾਰ ਨਾ ਚੁਕਾਇਆ ਤਾਂ ਪੰਡ ਇਨੀ ਭਾਰੀ ਹੋ ਜਾਵੇਗੀ ਕਿ ਤੂੰ ਭਾਰ ਚੁੱਕਣ ਤੋਂ ਅਸਮਰੱਥ ਹੋ ਜਾਏਗਾ।"

ਸੋਹਣ ਸਿੰਘ ਇਹ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਬੇਨਤੀ ਕੀਤੀ "ਮਹਾਰਾਜ! ਖਿਮਾ ਕਰੋ ਮੈਂ ਅੱਗੇ ਤੋਂ ਜ਼ਰੂਰ ਆਇਆ ਕਰਾਂਗਾ ਨਿਤਨੇਮ ਨਾਲ।

ਬਾਬਾ ਜੀ ਬਚਨ ਕੀਤਾ "ਕੰਮ ਵੇਲੇ ਕੰਮ ਵੀ ਕਰੋ ਪਰ ੨੪ ਘੰਟੇ ਦੇ ਦਿਨ ਰਾਤ ਵਿੱਚੋਂ ਕੁਝ ਸਮਾਂ, ਸਿਰਜਨ ਹਾਰ ਨੂੰ ਵੀ ਦਿਓ ਤਾਂ ਕਿ ਤੁਹਾਡਾ ਇਸ ਸੰਸਾਰ ਵਿੱਚ ਆਉਣਾ ਸਫਲ ਹੋਏ ਅਤੇ ਦਰਗਾਹ ਅੰਦਰ ਉੱਜਲ ਮੁਖੜੇ ਨਾਲ ਪਰਵੇਸ਼ ਹੋ ਸਕੇ। ਸੰਸਾਰ ਵਿੱਚ ਜਿਸਨੇ ਤੁਹਾਨੂੰ ਭੇਜਿਆ ਹੈ ਉਸ ਤੋਂ

ਬੇਮੁੱਖ ਨਾ ਹੋਵੇ ਉਸ ਨੂੰ ਹਮੇਸ਼ਾਂ ਯਾਦ ਰੱਖੋ। ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ।

**ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥**
**ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**
**ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥**
**ਭਰਿ ਜੋਬਨ ਭੋਜਨ ਸੁਖ ਸੂਧ ॥**
**ਬਿਰਧਿ ਭਇਆ ਊਪਰਿ ਸਾਕ ਸੈਨ ॥**
**ਮੁਖਿ ਅਪਿਆਉ ਬੈਠ ਕਉ ਦੈਨ ॥**
**ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥**
**ਬਖਸਿ ਲੇਹੁ ਤਉ ਨਾਨਕ ਸੀਝੈ ॥੧॥**

**ਸੁਖਮਨੀ ਸਾਹਿਬ, ਅੰਗ ੨੬੬-੨੬੭**

ਪੰਜਵੇਂ ਪਾਤਸ਼ਾਹ ਨੇ ਇਨਸਾਨ ਨੂੰ ਨਿਰਗੁਨੀਆਂ, ਬੇਗੁਰਾ, ਗੁਣ ਨਹੀਂ ਜਾਣਦਾ ਕਹਿਕੇ ਵੀ ਉਸ ਦੀ ਸਿਫਾਰਸ਼ ਕੀਤੀ ਹੈ ਪ੍ਰਮੇਸ਼ਰ! ਇਹ ਭੁਲਨਹਾਰ ਹੈ ਇਸ ਨੂੰ ਬਖਸ਼ ਦਿਉ। ਬਖਸ਼ਿਸ਼ ਤਾਂ ਹੀ ਹੋਵੇਗੀ ਜੇ ਕਿਸੇ ਪ੍ਰਭੂ ਦੇ ਭਗਤ ਦੀ ਸੰਗਤ ਕਰੋਗੇ। ਘੜੀ ਦੋ ਘੜੀ ਵਿਸ਼ੇ ਵਿਕਾਰਾਂ ਦੇ ਚੱਕਰਾਂ ਵਿੱਚੋਂ ਨਿਕਲ ਕੇ ਨਿਰਮਲ ਜਲ ਦੀ ਤਰਾਂ ਮਨ ਇਕਾਗਰ ਕਰਕੇ ਵਾਹਿਗੁਰੂ ਦਾ ਸਿਮਰਨ ਕਰੋਗੇ ਤਾਂ ਹੀ ਦਰਗਾਹ ਵਿੱਚ ਮਾਨ ਇੱਜ਼ਤ ਪਾਉਗੇ। ਫੁਰਮਾਨ ਹੈ –

**ਜਾ ਕੀ ਟਹਲ ਪਾਵੈ ਦਰਗਹ ਮਾਨੁ ॥**
**ਤਿਸਹਿ ਬਿਸਾਰੈ ਮੁਗਧੁ ਅਜਾਨੁ ॥**

**(ਸੁਖਮਨੀ ਸਾਹਿਬ, ਅੰਗ ੨੬੭)**

# ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥
# ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥

**ਅੰਗ ੨੯੬**

ਰੱਬੀ ਜੋਤ, ਕਲਜੁੱਗੀ ਜੀਵਾਂ ਦਾ ਉਦਾਰ ਕਰਨ ਲਈ ਮਾਨਸ-ਦੇਹੀ ਧਾਰਨ ਕਰਨ ਵਾਲੇ ਮਹਾਂਪੁਰਖ ਬਾਬਾ ਮਹਾਂ ਹਰਨਾਮ ਸਿੰਘ ਜੀ ਟਿਲੇ ਦੇ ਉਪਰ ਬਿਰਾਜਮਾਨ ਹਨ। ਪਿੰਡ ਦੀਆ ਸੰਗਤਾਂ, ਬਾਹਰਲੀਆਂ ਸੰਗਤਾਂ ਜਿਨ੍ਹਾਂ ਦੇ ਸੁਵੱਲੜੇ ਭਾਗ ਹਨ ਦਰਸ਼ਨ ਕਰਨ ਅਤੇ ਸੇਵਾ ਦੀ ਭਾਵਨਾ ਮਨ ਵਿੱਚ ਲੈ ਕੇ ਆਉਂਦੇ ਹਨ। ਦੂਰ ਤੋਂ ਆਉਣ ਵਾਲੀ ਸੰਗਤਾਂ ਦਾ ਮਨ ਕਿਸੇ ਗੁਪਤ ਰੂਪ ਜਾ ਸੁਪਨਿਆਂ ਰਾਹੀਂ ਦਰਸ਼ਨ ਕਰਨ ਲਈ ਪ੍ਰੇਰਦੇ ਹਨ। ਪ੍ਰੇਰਨਾ ਉਸ ਨੂੰ ਹੀ ਹੁੰਦੀ ਹੈ ਜਿਸ ਦਾ ਪ੍ਰਭੂ ਨਾਲ ਨੇੜਲਾ ਸੰਬੰਧ ਹੋਵੇ ਜਿਸ ਨੇ ਉਸ ਦਾ ਸਿਮਰਨ ਕੀਤਾ ਹੋਵੇ। ਮੰਡੀ ਬਹਾਵਲ ਪੁਰ ਦੇ ਰਹਿਣ ਵਾਲਾ ਇੱਕ ਪ੍ਰੇਮੀ ਆਪਣੀ ਪਤਨੀ ਨੂੰ ਨਾਲ ਲੈ ਕੇ ਬਾਬਾ ਜੀ ਦੇ ਦਰਸ਼ਨ ਕਰਨ ਲਈ ਘਰ ਵਿੱਚ ਕੁਝ ਬ੍ਰਿਤਾਤ ਹੋਣ ਦੇ ਬਾਵਜੂਦ ਆਇਆ। ਲੜਕੀ ਦੇ ਪੇਕੇ ਘਰ ਭਾਈ ਬਖਤੌਰ ਸਨ। ਕੱਚੀ ਭੁੱਚੋ ਉਨ੍ਹਾਂ ਦੀ ਦੂਰ ਦੁਰੇਡੇ ਤੋਂ ਰਿਸ਼ਤੇਦਾਰੀ ਸੀ। ਬੀਬੀ ਆਪਣੇ ਸਹੁਰੇ ਘਰ ਰਹਿੰਦਿਆਂ ਇੱਕ ਦਿਨ ਸਖਤ ਬੀਮਾਰ ਹੋ ਗਈ ਅਤੇ ਸਰੀਰ ਦੇ ਸੁਆਸ ਵੀ ਖ਼ਤਮ ਹੋਏ। ਘਰ ਅੰਦਰ ਅਚਾਨਕ ਹੋਈ ਮੌਤ ਦਾ (ਸਨਾਟਾ) ਸੋਗ ਜਿਹਾ ਛਾ ਗਿਆ ਪਰ ਇਹ ਅਟੱਲ ਅਣਹੋਣੀ ਨੂੰ ਸਤਿ ਕਰਕੇ ਮੰਨਦੇ ਹੋਏ ਸੱਜਣ ਮਿੱਤਰ ਬੀਬੀ ਨੂੰ ਅੰਤਮ ਸੰਸਕਾਰ ਲਈ ਲੈ ਤੁਰੇ। ਅੱਧ ਵਿਚਕਾਰ ਘੜਾ ਭੰਨਣ ਦੇ ਸਮੇਂ ਮ੍ਰਿਤਕ ਸਰੀਰ ਨੂੰ ਧਰਤੀ ਉਤੇ ਰੱਖ ਕੇ ਘੜਾ ਭੰਨਿਆ। ਅਚਾਨਕ ਹੀ ਬੀਬੀ ਦਾ ਪੈਰ ਹਰਕਤ ਵਿੱਚ ਆਇਆ ਇਹ ਦੇਖ ਕੇ ਸਾਰੇ ਅਚਰਜਤਾ ਨਾਲ ਮਿੱਟੀ ਰੂਪੀ ਦੇਹ ਵੱਲ ਅਕਰਸ਼ਕ ਹੋ ਗਏ ਕੁਝ ਸਮੇਂ ਬਾਅਦ ਦੂਜਾ ਪੈਰ ਵੀ ਹਰਕਤ ਵਿੱਚ ਆਇਆ। ਹੌਲੀ ਹੌਲੀ ਬੀਬੀ ਨੇ ਅਵਾਜ਼ ਦੇ ਕੇ ਸੀੜੀ ਦੀਆਂ ਰੱਸੀਆਂ ਕੱਟਣ ਲਈ ਕਿਹਾ। ਆਖਰ ਆਪ ਚੱਲ ਕੇ ਘਰ ਵਾਪਸ ਆ ਗਈ। ਘਰ ਵਿੱਚ ਸੋਗ ਖੁਸ਼ੀ ਵਿੱਚ ਬਦਲ

ਗਿਆ। ਘਰ ਆਏ ਹਰ ਪ੍ਰਾਣੀ ਵਿੱਚ ਬੀਬੀ ਦੇ ਜੀਵਨ ਵਾਪਸ ਆਉਣ ਬਾਰੇ ਪੁੱਛਣ ਦੀ (ਕਾਹਲੀ) ਜਾਂ (ਤਾਂਘ) ਜਾਂ (ਉਕਸ਼ਾਹਟ) ਜਾਂ ਉਸਤਕਤਾ ਸੀ। ਜਦੋਂ ਬੀਬੀ ਨੂੰ ਪੁੱਛਿਆ ਗਿਆ ਤਾਂ ਜਵਾਬ ਵਿੱਚ ਉਸ ਨੇ ਕਿਹਾ, ਜਦੋਂ "ਜਮ ਮੇਰੀ ਰੂਹ ਨੂੰ ਲਿਜਾ ਰਹੇ ਸਨ ਰਸਤੇ ਵਿੱਚ ਮਹਾਂਪੁਰਖ ਮਿਲ ਗਏ ਉਨ੍ਹਾਂ ਨੇ ਮੇਰੀ ਰੂਹ ਦੀ ਖਲਾਸੀ ਜਮ੍ਹਾਂ ਤੋਂ ਕਰਵਾਈ। ਮਹਾਂਪੁਰਖਾਂ ਨੇ ਆਪਣਾ ਡੇਰਾ ਵੀ ਦੱਸਿਆ ਕਿ ਅਸੀਂ ਪੱਕੀ ਭੁੱਚੋ ਰੁਂਮੀ ਵਾਲੇ ਦੇ ਨਾਮ ਤੇ ਬਿਰਾਜਦੇ ਹਾਂ।"

ਬੁੱਤ ਤੋਂ ਅਲੱਗ ਹੋਈ ਰੂਹ ਨੂੰ ਮਿਲਾਣ ਵਾਲੇ ਮਹਾਤਮਾ ਪ੍ਰਤੀ ਸ਼ਰਧਾ, ਭਾਵਨਾ ਨੇ ਮਨ ਵਿੱਚ ਆਪਣਾ ਵਿਲੱਖਣ ਹੀ ਵਜੂਦ ਕਾਇਮ ਕਰ ਲਿਆ। ਹਰ ਵੇਲੇ ਮਨ ਉਨ੍ਹਾਂ ਬਖਸ਼ਣਹਾਰ ਮਹਾਂਪੁਰਖਾਂ ਦੀ ਯਾਦ ਵਿੱਚ ਵਿਆਕੁਲ ਰਹੇ ਅਤੇ ਦਰਸ਼ਨਾਂ ਲਈ ਉਤਾਵਲਾ ਹੋਇਆ ਰਹੇ। ਸਭਾਗਾ ਦਿਨ ਵੀ ਆ ਗਿਆ ਜਿਸ ਸਮੇਂ ਪਤੀ ਪਤਨੀ ਦੀ ਤਿਆਰੀ ਬਾਬਾ ਜੀ ਦੇ ਅਸਥਾਨ ਦੇ ਦਰਸ਼ਨਾਂ ਲਈ ਹੋ ਗਈ। ਅਣਜਾਣੇ ਰਸਤੇ ਤੋਂ ਸੂਹ ਲੈਂਦੇ ਹੋਏ ਬਾਬਾ ਜੀ ਦੇ ਅਸਥਾਨ ਟਿੱਲਾ ਸਾਹਿਬ ਦੇ ਨੇੜੇ ਪਹੁੰਚ ਗਏ। ਪਹਿਰੇਦਾਰ ਪਾਸ ਬੇਨਤੀ ਕੀਤੀ "ਕਿ ਬਾਬਾ ਜੀ ਦੇ ਦਰਸ਼ਨ ਕਰਨੇ ਹਨ। ਕੋਈ ਜਵਾਬ ਆਉਣ ਦੀ ਉਡੀਕ ਵਿੱਚ ਹੀ ਦਿਨ ਡੁੱਬਣ ਦੇ ਨੇੜੇ ਹੋ ਗਿਆ। ਦੋਨਾਂ ਨੇ ਕੱਚੀ ਭੁੱਚੋ ਰਿਸ਼ਤੇਦਾਰੀ ਵਿੱਚ ਚਲੇ ਜਾਣ ਬਾਰੇ ਵਿਚਾਰ ਕਰ ਲਈ ਕਿ ਕੱਲ੍ਹ ਆ ਕੇ ਦਰਸ਼ਨ ਕਰ ਲਵਾਂਗੇ। ਦਰਸ਼ਨ ਨਾ ਹੋਣ ਕਰਕੇ ਮਨ ਵਿੱਚ ਥੋੜ੍ਹੀ ਨਿਰਾਸਤਾ ਜਿਹੀ ਲੈ ਕੇ ਕੱਚੀ ਭੁੱਚੋ ਵੱਲ ਤੁਰ ਪਏ। ਖੇਤਾਂ ਵਿੱਚ ਹੀ ਗਏ ਤੇ ਰਸਤੇ ਦੀ ਸਮਝ ਨਾ ਪਈ। ਹੁਣ ਦੀ ਤਰ੍ਹਾਂ ਸੜਕਾਂ ਆਦਿ ਨਹੀਂ ਸੀ, ਛੋਟੀਆਂ-ਛੋਟੀਆਂ ਪਗ ਡੰਡੀਆਂ ਪਿੰਡ ਤੋਂ ਪਿੰਡ ਨੂੰ ਹੁੰਦੀਆਂ ਸਨ। ਨੇੜੇ ਹੀ ਕੰਮ ਕਰ ਰਹੇ ਜਿੰਮੀਦਾਰਾਂ ਪਾਸੋਂ ਰਸਤੇ ਬਾਰੇ ਪੁੱਛਣ ਲੱਗੇ। ਇਨ੍ਹਾਂ ਵਿੱਚ ਬਾਬਾ ਜੀ ਦਾ ਸੇਵਕ ਸੋਹਣ ਸਿੰਘ ਸੀ ਉਸਨੇ ਇਨ੍ਹਾਂ ਨੂੰ ਵਾਪਸ ਭੁੱਚੋ ਹੀ ਮੋੜ ਲਿਆਂਦਾ ਤੇ ਕਿਹਾ, "ਕਿ ਅਸੀਂ ਤੁਹਾਨੂੰ ਸਵੇਰੇ ਦਰਸ਼ਨ ਕਰਵਾ ਦੇਵਾਂਗੇ। ਰਾਤ ਉਨ੍ਹਾਂ ਪ੍ਰੇਮੀਆਂ ਨੇ ਬਾਬਾ ਸੋਹਣ ਸਿੰਘ ਦੇ ਘਰ ਕੱਟੀ। ਸਵੇਰੇ ਇਸ਼ਨਾਨ ਪਾਣੀ ਕਰਕੇ ਬਾਬਾ ਜੀ ਦੇ ਦਰਸ਼ਨਾਂ ਲਈ ਤੁਰਨ ਲੱਗੇ ਤਾਂ ਬਾਬਾ ਸੋਹਣ ਸਿੰਘ ਨੇ ਪੁੱਛਿਆ, "ਬੀਬੀ ਤੂੰ ਬਾਬਾ ਜੀ ਨੂੰ ਪਛਾਣ ਸਕਦੀ ਹੈ।" ਬੀਬੀ ਨੇ ਹਾਂ ਵਿੱਚ ਜਵਾਬ ਦਿੱਤਾ। ਪਤੀ, ਪਤਨੀ ਸੋਹਣ ਸਿੰਘ ਤੇ ਕੁਝ ਪ੍ਰੇਮੀ ਟਿੱਲਾ

ਸਾਹਿਬ ਦੇ ਨੇੜੇ ਪਹੁੰਚ ਗਏ। ਬਾਬਾ ਜੀ ਨਗਰ ਵੱਲ ਮੁੱਖ ਕਰਕੇ ਖੜ੍ਹੇ ਸਨ। ਲੰਗਰ ਵਾਲੀ ਇਮਾਰਤ ਵਾਲੇ ਪਾਸੇ ਟਿੱਲਾ ਸਾਹਿਬ ਦੇ ਉਪਰ ਜਾਣ ਦਾ ਰਸਤਾ ਸੀ। ਬਾਬਾ ਜੀ ਦੇ ਦਰਸ਼ਨ ਕਰਦੇ ਹੀ ਬੀਬੀ ਨੇ ਬਾਬਾ ਜੀ ਨੂੰ ਪਛਾਣ ਲਿਆ ਤੇ ਨੀਮ ਬੇਹੋਸ਼ੀ ਦੀ ਹਾਲਤ ਵਾਲੇ ਰੋਗੀ ਦੀ ਤਰ੍ਹਾਂ ਭੱਜ ਤੁਰੀ। ਪਰ ਉਪਕਾਰੀ ਵੱਲੋਂ ਕੀਤੇ ਹੋਏ ਪਰਉਪਕਾਰ ਦਾ ਬਦਲਾ ਪ੍ਰਾਣੀ (ਮਨੁੱਖ) ਉਨ੍ਹਾਂ ਪ੍ਰਤੀ ਸ਼ਰਧਾ ਅਤੇ ਅਥਾਹ ਪਿਆਰ ਦਿਖਾ ਕੇ ਚੁੱਕਾ ਸਕਦਾ ਹੈ। ਸੱਚਾ ਪਿਆਰ ਹੀ ਕਠੋਰ ਤੋਂ ਕਠੋਰ ਮਨ ਨੂੰ ਨਿਮਰਤਾ ਦੀ ਕੁਠਾਲੀ ਵਿੱਚ ਪਿਘਲਾ ਸਕਦਾ ਹੈ। ਟਿੱਲੇ ਦੇ ਨੇੜੇ ਪਹੁੰਚੀ ਬਾਬਾ ਜੀ ਨੇ ਹੱਥ ਦਾ ਇਸ਼ਾਰਾ ਦੇ ਰੁਕਣ ਲਈ ਕਿਹਾ। ਬੀਬੀ ਉਥੇ ਹੀ ਅਡੋਲ ਖੜੀ ਰਹੀ ਦੋਨੋਂ ਹੱਥ ਜੁੜੇ, ਸਿਰ ਝੁਕਿਆ ਹੋਇਆ ਮਹਾਂਪੁਰਖਾ ਵੱਲੋਂ ਕੀਤੇ ਹੋਏ ਪਰ ਉਪਕਾਰ ਦਾ ਸ਼ੁਕਰਾਨਾ ਕਰ ਰਹੇ ਸਨ। ਕਾਫੀ ਦੇਰ ਸ਼ਾਂਤਮਈ ਮਾਹੌਲ ਰਿਹਾ, ਮਨ ਅੰਦਰ ਫੁਰਨਿਆਂ ਦਾ ਢੇਰ ਬੱਝ ਗਿਆ ਪਰ ਇਸਨੂੰ ਕੌਣ ਜਾਣੈ।

**"ਮਨ ਕੀ ਬਿਰਥਾ ਮਨ ਹੀ ਜਾਣੈ**
**ਅਵਰੁ ਨਿ ਜਾਣੈ ਕੋ ਪੀਰ ਪਰਈਆ॥੧॥"**

**ਬਿਲਾਵਲੁ ਮ: ੫, ਅੰਗ ੮੩੬**

ਪ੍ਰੇਮੀ ਸੋਹਣ ਸਿੰਘ ਤੇ ਸੰਗਤ ਨੇ ਆ ਨਮਸਕਾਰ ਕੀਤੀ। ਬਾਬਾ ਜੀ ਨੇ ਬਚਨ ਕੀਤਾ "ਕੰਨਿਆ! ਉਠ ਕੇ ਖੜੀ ਹੋ ਜਾ।" ਰਹਿਮਤ ਦੇ ਘਰ ਆਏ ਤੇ ਬਾਣੀ ਦੁਆਰਾ ਵਰਦਾਨ ਬਖਸ਼ਿਆ।

**ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ ॥**
**ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ ॥**

**ਅੰਗ ੮੦੭**

"ਕੰਨਿਆ ਤੂੰ ਬਖਸ਼ੀ ਗਈ।" ਛੋਟੀ ਉਮਰ ਦੀ ਲੜਕੀ ਨੂੰ ਆਪਣੇ ਮੁਖਾਰਬਿੰਦ ਮੁਖਬਨ ਵਿੱਚੋਂ ਕੰਨਿਆ ਪੁਕਾਰਦੇ ਸਨ।

ਸ਼ਰਧਾਲੂ ਨੇ ਅੱਗੇ ਹੋ ਕੇ ਪੰਦਰਾਂ ਰੁਪੈ ਮੱਥਾ ਟੇਕਿਆ। ਬਚਨ ਹੋਇਆ "ਅਸੀਂ ਕੀ ਕਰਨੇ ਹਨ ਲੈ ਜਾਉ। ਮਾਇਆ ਘਰ ਵਿੱਚ ਚੰਗੀ ਹੁੰਦੀ ਹੈ।" ਦੋਨਾਂ ਨੇ ਬੇਨਤੀ ਕੀਤੀ, "ਮਹਾਰਾਜ! ਸਾਨੂੰ ਨਿਰਾਸ ਨਾ ਕਰੋ। ਥੋੜ੍ਹੀ ਭੇਟਾ ਜ਼ਰੂਰ ਸਵੀਕਾਰ ਕਰੋ।"

"ਚੰਗਾ ਫੇਰ ਪੰਜ ਰੁਪਏ ਰੱਖ ਲੈਂਦੇ ਹਾਂ। ਬਾਕੀ ਦਸ ਰੁਪਏ ਦਾ ਘਰ ਜਾ ਕੇ ਸਧਾਰਣ ਪਾਠ ਕਰਵਾ ਦੇਣਾ" ਹਜ਼ੂਰ ਨੇ ਬਚਨ ਕੀਤਾ।

ਦੋਨਾਂ ਨੂੰ ਨਾਮ ਜਪਣ ਲਈ ਪ੍ਰੇਰਨਾ ਕੀਤੀ। ਜੇ ਅਨਪੜ ਹੋ ਤਾਂ ਵਾਹਿਗੁਰੂ, ਵਾਹਿਗੁਰੂ ਹੀ ਜਪ ਲਿਆ ਕਰੋ। ਨਾਮ ਹੀ ਇੱਕ ਸੱਚੀ ਸੁੱਚੀ ਕਿਰਤ ਹੈ ਇਹ ਹੀ ਜੀਵ ਦਾ ਅਧਾਰ ਕਰਦਾ ਹੈ।

(ਇਹ ਬਚਨ ਜੋਗਿੰਦਰ ਸਿੰਘ ਢਿੱਲੋਂ ਭੁੱਚੋ ਕਲਾਂ ਤੋਂ ਪ੍ਰਾਪਤ ਹੋਇਆ।)

# ਲਖ ਖੁਸੀਆ ਪਾਤਿਸਾਹੀਆ
# ਜੇ ਸਤਿਗੁਰੁ ਨਦਰਿ ਕਰੇਇ॥

ਬਨਸਪਤੀ ਦੇ ਝੁੰਡ ਵਿੱਚ ਖਿੜਿਆ ਹੋਇਆ ਫੁੱਲ ਆਦਮੀ ਦੀ ਨਜ਼ਰ ਤੋਂ ਪਰਦਾ ਕਰ ਸਕਦਾ ਹੈ ਪਰ ਉਸ ਦਾ ਦੀਵਾਨਾ ਭੌਰਾ ਘਣੀ ਤੋਂ ਘਣੀ ਕੰਡਿਆਲੀ ਝਾੜੀ ਵਿੱਚੋਂ ਵੀ ਉਸਦੀ ਖੁਸ਼ਬੂ, ਸੁਗੰਧੀ ਅਤੇ ਰਸ ਪ੍ਰਾਪਤ ਕਰਨ ਲਈ ਜਾਦਾ ਹੈ। ਰੰਗ ਰੂਪ ਕਾਲਾ ਹੋਣ ਤੇ ਵੀ ਮਨ ਉਜਲਤਾ ਨੂੰ ਪਸੰਦ ਕਰਦਾ ਹੈ। ਸੋ ਸੱਚੇ ਪ੍ਰੇਮ ਕਰਨ ਵਾਲੇ ਨੂੰ ਤਾਂ ਉਸ ਪਾਂਧੀ ਦੀ ਤਲਾਸ਼ ਹੈ ਜੋ ਉਸ ਦੀ ਡੰਗੋਰੀ ਫੜ ਕੇ ਸੱਚ ਦੀ ਪੱਗਡੰਡੀ ਉੱਤੇ ਤੁਰਦਿਆ ਬੈਕੁੰਠ ਦੀ ਮੰਜ਼ਿਲ ਵੱਲ ਲੈ ਜਾਵੇ। ਸਵੈਇਛਾ ਦੀ ਪੂਰਤੀ ਲਈ ਇੱਕ ਛੋਟੀ ਉਮਰ ਦੇ ਮਹਾਤਮਾ ਬਾਬਾ ਜੀ ਦੀ ਸਰੋਤ ਸੁਣ ਕੇ ਟਿੱਲਾ ਸਾਹਿਬ ਦੇ ਨੇੜੇ ਪਹੁੰਚੇ। ਉਨ੍ਹਾਂ ਦੇ ਨਾਲ ਇੱਕ ਬ੍ਰਿਧ ਅਵਸਥਾ ਦੇ ਸਾਧੂ ਵੀ ਸਨ। ਦਮਦਮਾ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੇ ਹੋਏ ਕੱਚੀ ਭੁੱਚੋ ਤੋਂ ਬਾਬਾ ਜੀ ਦੇ ਅਸਥਾਨ ਦੇ ਅਤੇ ਬਾਬਾ ਜੀ ਦੇ ਦਰਸ਼ਨ ਕਰਨ ਲਈ ਇਥੇ ਪਹੁੰਚੇ।

ਬਾਬਾ ਜੀ ਪਰਾਕਿਰਤਕ ਨਜ਼ਾਰੇ ਦੇਖ ਕਾਦਰ ਦੀ ਕੁਦਰਤ ਵਿੱਚ ਮਸਤ ਬੈਠੇ ਹਨ। ਚੇਤ ਦਾ ਮਹੀਨਾ ਹੈ। ਬੂੰਦਾ ਬਾਂਦੀ ਹੋ ਰਹੀ ਹੈ। ਕਿੱਕਰਾਂ, ਬੇਰੀਆਂ, ਜੰਡ, ਕਰੀਰਾਂ ਅਤੇ ਵਣਾਂ ਦੇ ਹੇਠ ਤਰ੍ਹਾਂ ਤਰ੍ਹਾਂ ਦੀ ਬਨਸਪਤੀ ਹੈ। ਪੱਛਮ ਵਾਲੇ ਪਾਸੇ ਕੱਚਾ ਤਲਾਬ ਹੈ। ਬ੍ਰਿਛਾ ਉਪਰ ਬੈਠੇ ਮੋਰ ਅਤੇ ਹੋਰ ਪੰਛੀ ਬੋਲ ਕੇ ਮਨ ਤੇ ਅਸਚਰਜ ਹੀ ਪ੍ਰਭਾਵ ਪਾ ਰਹੇ ਹਨ। ਹਜ਼ੂਰ ਦੇ ਪ੍ਰਭਾਵ ਤੇ ਪ੍ਰਤਾਪ

ਸਦਕਾ ਇਉਂ ਮਲੂਮ ਹੋ ਰਿਹਾ ਸੀ ਜਿਵੇਂ -

**ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥**

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥**

**ਅੰਗ ੧੨੬੫**

ਤਰਕਾਲਾਂ ਪਈਆਂ ਤਾਂ ਸੂਰਜ ਨਿਤਨੇਮ ਦੀ ਤਰ੍ਹਾਂ ਦਿਨ ਭਰ ਪ੍ਰਕਾਸ਼ ਦੇ ਭੰਡਾਰੇ ਬਖਸ਼ਦਾ ਹੋਇਆ ਪੱਛਮ ਵਿੱਚ ਰਾਤ ਦੀ ਗੋਦ ਵੱਲ ਵਧਦਾ ਜਾ ਰਿਹਾ ਸੀ। ਰਹਿਰਾਸ ਦਾ ਸਮਾਂ ਹੋ ਗਿਆ ਘੜਿਆਲ ਵੱਜੇ, ਆਰਤੀ ਉਤਾਰੀ ਗਈ ਅਤੇ ਸੰਖ ਪੂਰਿਆ ਗਿਆ। ਪਾਠ ਸ਼ੁਰੂ ਹੋਇਆ ਸਾਰੀ ਸੰਗਤ ਨੇ ਅਨੰਦਮਈ ਰਸ ਮਾਣਿਆ। ਭੋਗ ਤੋਂ ਉਪਰੰਤ ਸਾਰੀ ਸੰਗਤ ਬਾਬਾ ਜੀ ਦੇ ਦਰਸ਼ਨ ਕਰਨ ਵਾਰੀ ਵਾਰੀ ਟਿੱਲੇ ਉਪਰ ਗਈ। ਬਾਬਾ ਜੀ ਨੇ ਸਭ ਦੀ ਕੁਸ਼ਲਤਾ ਪੁੱਛੀ ਤੇ ਸਾਰਿਆਂ ਨੂੰ ਲੰਗਰ ਵਿੱਚ ਪ੍ਰਸ਼ਾਦਾ ਛੱਕਣ ਲਈ ਹੁਕਮ ਦਿੱਤਾ। ਸਮੂੰਹ ਸੰਗਤ ਨੂੰ ਜਿਵੇਂ ਹੁਕਮ ਆਸਣ ਲਾਉਣ ਦਾ ਸੀ ਸਾਰੇ ਹੀ ਰਾਤ ਨੂੰ ਅਲਵਿਦਾ ਕਹਿਣ ਲਈ ਅਰਾਮ ਵਿੱਚ ਹੋ ਗਏ। ਬਾਲਕ ਸਾਧੂ ਵੀ ਬਾਬਾ ਜੀ ਦੇ ਪ੍ਰਤੱਖ ਦਰਸ਼ਨ ਕਰਕੇ ਮਨ ਦੇ ਖਿਆਲ ਦੁੜਾ ਰਿਹਾ ਸੀ ਕਿ ਇਹੋ ਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਕੋਈ ਫਿਕਰ ਮਨ ਵਿੱਚ ਨਹੀਂ ਰਹਿਣਾ ਚਾਹੀਦਾ ਇਥੋਂ ਤਾਂ ਬਿਨਾਂ ਮੰਗੇ ਹੀ ਸਭ ਕੁਝ ਮਿਲ ਜਾਂਦਾ ਹੈ। ਇਸ ਤਰ੍ਹਾਂ ਦੇ ਵਿਚਾਰਾਂ ਅੰਦਰ ਟੁੰਬਿਆ ਹੋਇਆ ਮਨ ਨੀਂਦ ਦੀ ਗੋਦ ਵਿੱਚ ਜਾ ਸਮਾਇਆ। ਸਵੇਰੇ ਚਾਰ ਵਜੇ ਘੰਟੀ ਵੱਜੀ। ਸਾਰੀ ਸੰਗਤ ਨੂੰ ਇਹ ਸਿਗਨਲ ਸੀ ਕਿ ਇਸ਼ਨਾਨ ਕਰੋ ਸਰੀਰ ਦੀ ਸ਼ੁੱਧਤਾ ਕਰਕੇ ਨਿਤਨੇਮ ਕਰਨ ਵਿੱਚ ਉਠ ਕੇ ਬੈਠ ਜਾਓ। ਸੂਰਜ ਨੇ ਅਗਲੇ ਦਿਨ ਦੇ ਰੂਪ ਵਿੱਚ ਆ ਰੌਸ਼ਨੀ ਪਾਈ। ਕੁਝ ਸਮੇਂ ਬਾਅਦ ਪਿੰਡ ਵਿੱਚੋਂ ਪ੍ਰਸ਼ਾਦਾ ਤੇ ਲੱਸੀ ਆ ਗਈ। ਸ਼ਰ੍ਹਾ ਕਰਨ ਉਪਰੰਤ ਸਾਰੀ ਸੰਗਤ ਨੂੰ ਮਿਸੇ ਪ੍ਰਸ਼ਾਦੇ ਤੇ ਲੱਸੀ ਛਕਾਉਣ ਲਈ ਹਦਾਇਤ ਕੀਤੀ ਬ੍ਰਿਧ ਸਾਧੂ ਅਤੇ ਬਾਲਕ ਨੇ ਭੋਜਨ ਕਰਨ ਤੋਂ ਬਅਦ ਆਗਿਆ ਲੈਣੀ ਸੀ। ਬਾਬਾ ਜੀ ਦੇ ਕੋਲ ਕਾਫੀ ਸੰਗਤ ਬੈਠੀ ਸੀ ਜੋ ਕਿ ਆਪਣੀਆਂ ਬੇਨਤੀਆਂ ਕਰ ਰਹੇ ਸਨ ਬਾਬਾ ਜੀ ਕਿਸੇ ਨੂੰ ਵਰਦਾਨ ਬਖਸ਼ਦੇ ਤੇ ਕਿਸੇ ਨੂੰ ਤਾੜਨਾ ਕਰਦੇ। ਸੰਗਤ ਦੇ ਚਲੇ ਜਾਣ ਤੇ ਬਾਬਾ ਜੀ ਨੇ ਬਾਲਕ ਸਾਧੂ ਨੂੰ ਪੁੱਛਿਆ "ਬੇਟੇ! ਕਿਥੇ ਜਾਣਾ ਹੈ।"

"ਪਾਤਸ਼ਾਹ। ਦਮਦਮਾ ਸਾਹਿਬ ਦੇ ਦਰਸ਼ਨ ਕਰਨ ਜਾਣਾ ਹੈ" ਬਾਲਕ ਸਾਧੂ ਨੇ ਨਿਮਰਤਾ ਸਹਿਤ ਉਤਰ ਦਿੱਤਾ।

ਹਜ਼ੂਰ ਪ੍ਰਸੰਨਤਾ ਦੇ ਘਰ ਵਿੱਚ ਆਏ, ਅਤੇ ਪੰਗਤੀ ਦਾ ਉਚਾਰਨ ਕੀਤਾ।

**"ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮ ਧੇਨਾ॥"**

(ਅੰਗ ੬੭੦)

ਪੰਗਤੀ ਸੁਣਦਿਆ ਬਾਲਕ ਸਾਧੂ ਨੂੰ ਪ੍ਰਤੀਤ ਹੋਇਆ ਕਿ ਬਨਸਪਤੀ ਵੀ ਬਾਣੀ ਦਾ ਉਚਾਰਨ ਕਰ ਰਹੀ ਹੈ। ਖਲਕ ਦੇ ਸੱਚੇ ਸਹਿਨਸ਼ਾਹ ਦੇ ਮੁਖਾਰ ਬਿੰਦ ਤੋਂ ਮਿਠੜੇ ਬੋਲ ਨਿਕਲੇ "ਜਾਉ ਸ਼ੁੱਧ ਹੈ।" ਬਚਨ ਸੁਨਣ ਉਪਰੰਤ ਆਪਣੇ ਬ੍ਰਿਧ ਸਾਧੂ ਨੂੰ ਨਾਲ ਲੈ ਕੇ ਦਮਦਮਾ ਸਾਹਿਬ ਦੇ ਦਰਸ਼ਨਾਂ ਲਈ ਚਲੇ ਗਏ। ਸਮਾਂ ਪਾ ਕੇ ਬਾਲਕ ਸਾਧੂ ਸੰਤ ਆਤਮਾ ਸਿੰਘ ਜੀ ਦੇ ਰੂਪ ਵਿੱਚ ਕਲਜੁਗੀ ਜੀਵਾਂ ਦਾ ਉਧਾਰ ਕਰਦੇ ਰਹੇ। ਇਨ੍ਹਾਂ ਦਾ ਬਚਪਨ ਦਾ ਨਾਮ ਭਾਨ ਸਿੰਘ ਸੀ। ਇਹ ਪਰਮ ਪਦਵੀ ਬਾਬਾ ਜੀ ਦੇ ਬਚਨ ਸਦਕਾ ਪਾਈ। ਦੁਨੀਆਦਾਰੀ ਦੀ ਸਤਾ ਤੋਂ ਉੱਚਾ ਉੱਠ ਕੇ ਪ੍ਰਮੇਸ਼ਰ ਨਾਲ ਲੀਨ ਹੋ ਗਏ ਤੇ ਸ੍ਰੇਸ਼ਟ ਪਦਵੀ ਪਾ ਗਏ।

ਧੰਨਵਾਦੀ ਸਹਿਤ "ਆਤਮ ਸਹਿਤਾ" ਪੰਨਾ ੩੧ ਤੋਂ ੩੩ ਤੱਕ ਲੇਖਕ ਪੰਡਿਤ ਹਕੀਕਤ ਸਿੰਘ "ਅਰਬਿੰਦ"।

ਸਮਾਂ ੧੧ ਅਪ੍ਰੈਲ ੨੯ ਚੇਤ ਸੰਮਤ ੧੯੫੪

# ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ

**ਅੰਗ ੫੯੭**

ਭੁੱਚੋ ਕਲਾਂ ਤੋਂ ਤਿੰਨ ਕੁ ਮੀਲ ਦੇ ਫਾਸਲੇ ਨਾਲ ਰੇਲ ਪਟੜੀ ਪਟਿਆਲੇ ਨੇੜੇ ਸਥਿਤ ਪਿੰਡ ਲਹਿਰੇ ਖਾਨੇ ਹੈ ਉਂਝ ਤਾਂ ਨੇੜੇ ਨੇੜੇ ਪੰਜ ਲਹਿਰੇ ਹਨ ਪਰ ਲਹਿਰੇ ਖਾਨੇ ਦੇ ਮਹਾਂਪੁਰਖਾਂ ਦੇ ਇਤਿਹਾਸ ਨਾਲ ਖਾਸ ਸੰਬੰਧ ਹੈ। ਇਥੇ ਪੁਰਾਣਾ ਡੇਰਾ ਹੈ ਜਿਥੇ ਸੰਤ ਕਾਬਲ ਸਿੰਘ ਜੀ ਰਹਿੰਦੇ ਸਨ। ਨਿਰਮਲੇ ਸਾਧੂਆਂ ਦਾ ਅਸਥਾਨ ਹੋਣ ਕਰਕੇ ਸੰਤ ਬਾਬਾ ਵਧਾਵਾ ਸਿੰਘ ਜੀ ਵੀ ਇਥੇ ਬਿਰਾਜਮਾਨ

ਸਨ। ਆਪ ਜੀ ਦਾ ਜਨਮ ਪਿੰਡ "ਜਖੇਪਲ" ਜੋ ਹਰਿਆਣੇ ਵਿੱਚ ਹੈ ਹੋਇਆ ਆਪ ਬਚਪਨ ਵਿੱਚ ਆਪਣੀ ਭੂਆ ਜੀ ਕੋਲ ਪਿੰਡ ਲਹਿਰੇ ਖਾਨੇ ਰਹਿਣ ਲੱਗੇ। ਡੇਰੇ ਦੇ ਮਹਾਤਮਾ ਨਾਲ ਆਪ ਜੀ ਦਾ ਇਤਨਾ ਪਿਆਰ ਹੋ ਗਿਆ ਕਿ ਵਿਦਿਆ ਦੀ ਪ੍ਰਾਪਤ ਹੋ ਗਈ। ਵਿਦਿਆ ਪੜਨੀ ਅਤੇ ਲਿਖਣੀ ਆਪ ਜੀ ਦੀ ਰੂਹ ਦੀ ਖੁਰਾਕ ਬਣ ਗਈ। ਆਪ ਨੇ ਲਿਖਣ ਵਿੱਚ ਇਤਨੀ ਨਿਪੁੰਨਤਾ ਹਾਸਲ ਕਰ ਲਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾ ਅਤੇ ਪੋਥੀਆਂ ਹੱਥ ਨਾਲ ਲਿਖਦੇ ਸਨ। ਲਹਿਰੇ ਖਾਨੇ ਇਨ੍ਹਾਂ ਦੇ ਹੱਥ ਲਿਖਤ ਸਰੂਪ ਹੁਣ ਵੀ ਮੌਜੂਦ ਹਨ।

ਸ੍ਰ. ਗੁਰਦਿੱਤ ਸਿੰਘ ਸੇਮੇ ਵਾਲਾ ਬਾਬਾ ਜੀ ਦੇ ਦਰਸ਼ਨਾਂ ਲਈ ਆਇਆ ਮਿਜਾਜ ਪੁਛਣ ਉਪਰੰਤ ਬਾਬਾ ਜੀ ਨੇ ਹੁਕਮ ਕੀਤਾ "ਗੁਰਦਿੱਤ ਸਿੰਘ, ਸਾਡਾ ਗੁਟਕਾ ਬਿਰਧ ਹੋ ਗਿਆ ਹੈ ਇਸ ਲਈ ਪੰਜ ਗ੍ਰੰਥੀ ਪੋਥੀ ਲਿਆ ਕੇ ਦੇਵੀ।" ਗੁਰਦਿੱਤ ਸਿੰਘ ਨੇ ਬੇਨਤੀ ਕੀਤੀ "ਹਜ਼ੂਰ! ਗੁਟਕਾ ਕਿਥੋਂ ਲੈ ਕੇ ਆਉਣਾ ਹੈ।

ਹੁਕਮ ਹੋਇਆ "ਲਹਿਰੇ ਖਾਨੇ ਸੰਤ ਵਧਾਵਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾ ਹੱਥ ਨਾਲ ਲਿਖਦੇ ਹਨ। ਉਨ੍ਹਾਂ ਨੇ ਇੱਕ ਗੁਟਕਾ ਲਿਖਿਆ ਹੈ ਅਤੇ ਪ੍ਰਣ ਕੀਤਾ ਹੈ ਜੋ ਇਸ ਨੂੰ ਮੰਗ ਕੇ ਲਵੇਗਾ ਉਸ ਨੂੰ ਇਹ ਪੋਥੀ ਦੇਵਾਂਗਾ।"

ਗੁਰਦਿੱਤ ਸਿੰਘ ਨੇ ਲਹਿਰੇ ਖਾਨੇ ਜਾਣ ਲਈ ਆਗਿਆ ਲਈ ਤਾਂ ਹਜੂਰ ਨੇ ਪੰਜ ਰੁਪਈਏ ਵੀ ਦੇ ਦਿੱਤੇ ਤੇ ਬਚਨ ਕੀਤਾ "ਉਨ੍ਹਾਂ ਨੂੰ ਦੇ ਆਵੀਂ।" ਗੁਰਦਿਤ ਸਿੰਘ ਲਹਿਰੇ ਖਾਨੇ ਪਹੁੰਚ ਗਿਆ। ਡੇਰੇ ਦੀ ਪੁੱਛ ਪੜਤਾਲ ਕਰਕੇ ਸੰਤ ਵਧਾਵਾ ਸਿੰਘ ਜੀ ਨੂੰ ਜਾ ਨਮਸਕਾਰ ਕੀਤੀ। ਨਿਮਰਤਾ ਨਾਲ ਪੰਜ ਗ੍ਰੰਥੀ ਪੋਥੀ ਦੀ ਮੰਗ ਕਰ ਦਿੱਤੀ।

ਸੰਤ ਵਧਾਵਾ ਸਿੰਘ ਜੀ ਨੇ ਦੌਲਤ ਖਾਨਾ ਅਤੇ ਗੁਟਕਾ ਮੰਗਣ ਦਾ ਵੇਰਵਾ ਪੁੱਛਿਆ। ਗੁਰਦਿੱਤ ਸਿੰਘ ਨੇ ਸਾਰੀ ਵਿਥਿਆ ਸੁਣਾ ਦਿੱਤੀ ਅਤੇ ਪੰਜ ਰੁਪਏ ਵੀ ਅੱਗੇ ਰੱਖ ਦਿੱਤੇ। ਸੰਤਾਂ ਨੂੰ ਜਿਸ ਘੜੀ ਦਾ ਇੰਤਜਾਰ ਸੀ ਉਹ ਆ ਗਈ ਸੀ। "ਜਿੰਦਗੀ ਕੀ ਰੇਲ ਮੇ ਹਰ ਕੋਈ ਸਵਾਰ ਹੈ ਸਭ ਕੋ ਆਪਣੀ ਆਪਣੀ ਮੰਜ਼ਿਲ ਕਾ ਇੰਤਜ਼ਾਰ ਹੈ।" ਅੱਜ ਉਹ ਮੰਜ਼ਿਲ ਪਾ ਲਈ

ਸੀ। ਹਰ ਇਨਸਾਨ ਆਪਣੀ ਕੀਤੀ ਹੋਈ ਮੇਹਨਤ ਦਾ ਫਲ ਪਾ ਕੇ ਪ੍ਰਸੰਨ ਹੁੰਦਾ ਹੈ। ਖੁਸ਼ੀ ਵਿੱਚ ਮਨ ਝੂੰਮਦਾ ਹੈ ਰੋਮ ਰੋਮ ਵਿੱਚ ਖੂਨ ਦੇ ਕਤਰੇ ਕਤਰੇ ਵਿੱਚ ਪ੍ਰਸੰਨਤਾ ਦੇ ਚਿੰਨ ਦਿਖਾਈ ਦਿੰਦੇ ਹਨ। ਇਹੀ ਅਵਸਥਾ ਸੰਤ ਵਧਾਵਾ ਸਿੰਘ ਜੀ ਦੀ ਹੋ ਗਈ ਇੰਤਜਾਰ ਅੱਜ ਹਕੀਕਤ ਵਿੱਚ ਬਦਲ ਗਿਆ। ਮਨ ਦੀ ਇੱਛਾ ਪੂਰੀ ਹੋ ਗਈ ਕਿਉਂਕਿ ਗੁਟਕਾ ਮਹਾਂਪੁਰਖਾਂ ਨੇ ਆਪ ਮੰਗਿਆ ਸੀ। ਛੇਤੀ ਨਾਲ ਗੁਟਕਾ ਲਿਆ ਕੇ ਆਦਰ ਸਹਿਤ ਗੁਰਦਿਤ ਸਿੰਘ ਨੂੰ ਦੇ ਦਿੱਤਾ ਅਤੇ ਪੰਜ ਰੁਪਏ ਵੀ ਵਾਪਸ ਲੈ ਜਾਣ ਲਈ ਕਹਿ ਦਿੱਤਾ। ਗੁਰਦਿਤ ਸਿੰਘ ਨੇ ਪੋਥੀ ਅਤੇ ਪੰਜ ਰੁਪਏ ਲਿਆ ਕੇ ਬਾਬਾ ਜੀ ਅੱਗੇ ਰੱਖ ਦਿੱਤੇ। ਹਜ਼ੂਰ ਨੇ ਪੈਸੇ ਦੇਖ ਕੇ ਹੁਕਮ ਕੀਤਾ "ਕਿ ਪੈਸੇ ਹੁਣੇ ਹੀ ਦੇ ਕੇ ਆ। ਜੇ ਪੈਸੇ ਲੈਣ ਤੋਂ ਇਨਕਾਰ ਕਰਨ ਤਾਂ ਰੱਖ ਕੇ ਵਾਪਸ ਆ ਜਾਵੀਂ ਅਤੇ ਕਹਿਣਾ ਕਿ ਜੋ ਮੋੜਨੇ ਹਨ ਤਾਂ ਆਪ ਆ ਕੇ ਮੋੜ ਦੇਣ।"

ਗੁਰਦਿੱਤ ਸਿੰਘ ਫੇਰ ਪੈਸੇ ਲੈ ਕੇ ਗਿਆ ਅਤੇ ਜਾ ਵਿਥਿਆ ਸੁਣਾਈ। ਕੁਝ ਦੇਰ ਬਾਅਦ ਗੁਰਦਿੱਤ ਸਿੰਘ ਬਾਬਾ ਜੀ ਕੋਲ ਵਾਪਸ ਪਹੁੰਚ ਗਿਆ। ਪਿੰਡ ਸੇਮੇ ਜਾਣ ਦੀ ਆਗਿਆ ਮਿਲਣ ਤੇ ਗੁਰਦਿੱਤ ਸਿੰਘ ਸੇਮੇ ਚਲਾ ਗਿਆ।

ਸੰਤ ਵਧਾਵਾ ਸਿੰਘ ਜੀ ਕੁਝ ਸਮੇਂ ਬਾਅਦ ਹੀ ਆ ਪਹੁੰਚੇ। ਬਾਬਾ ਜੀ ਨੂੰ ਨਮਸਕਾਰ ਕਰਕੇ ਅੱਗੇ ਵੱਧੇ ਤਾਂ ਬਾਬਾ ਜੀ ਇਉਂ ਮਿਲੇ ਜਿਵੇਂ ਮੁਦਤਾ ਦੇ ਵਿਛੜੇ ਮਿਲਦੇ ਹਨ। ਫੁਰਮਾਨ ਹੈ।

**ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥**
**ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥੧॥**

**ਅੰਗ ੧੦੯੪**

ਗ੍ਰਹਿਸਤੀ ਪੁਰਸ਼ ਮਿਲ ਕੇ ਕਬੀਲਦਾਰੀ ਦੇ ਸਮੁੰਦਰ ਵਿੱਚ ਗੋਤੇ ਖਾਂਦਾ ਹੈ ਪਰ ਸੰਤ ਜਨ ਮਿਲਦੇ ਹਨ ਤਾਂ ਪਿਆਰੇ ਪ੍ਰਭੂ ਦੀ ਉਸਤਤੀ ਵਿਵਰਣ ਇੱਕ ਦੂਜੇ ਪ੍ਰਤੀ ਪੇਸ਼ ਕਰਦੇ ਹਨ। ਕੁਝ ਬਚਨ ਸੁਨਣ ਤੋਂ ਬਾਅਦ ਸੰਤ ਵਧਾਵਾ ਸਿੰਘ ਜੀ ਨੇ ਪੰਜ ਰੁਪਏ ਬਾਬਾ ਜੀ ਅੱਗੇ ਰੱਖ ਕੇ ਬੇਨਤੀ ਕੀਤੀ "ਹਜ਼ੂਰ ! ਮੈਂ ਇਹ ਪੈਸੇ ਨਹੀਂ ਲੈਣੇ। ਮੇਰੀ ਦਿਲੀ ਖਾਹਿਸ਼ ਪੂਰੀ ਹੋ ਗਈ ਹੈ। ਇਹ ਪੋਥੀ ਸਦਕਾ ਹੀ ਆਪ ਜੀ ਦੇ ਦਰਸ਼ਨ ਹੋਏ ਹਨ ਇਹ ਹੀ ਮੇਰੀ ਪ੍ਰਤੀਬਿੰਬ

ਸੀ। ਰਹਿਮਤ ਦੇ ਘਰ ਆ ਕੇ ਦਾਸ ਲਈ ਸੇਵਾ ਬਖਸ਼ੋ।"

ਬਾਬਾ ਜੀ ਬੇਨਤੀ ਸੁਨਣ ਪਸਚਾਤ ਬਚਨ ਕੀਤਾ "ਸੇਵਾ ਬਹੁਤ ਲੈਣੀ ਹੈ। ਇਹ ਪੰਜ ਰੁਪਏ ਵੀ ਲੈ ਜਾਉ ਅਤੇ ਸਾਡੀ ਮਾਤਾ ਨਮਿਤ ਸਧਾਰਨ ਪਾਠ ਕਰ ਦਿਆ ਕਰੋ। ਬਾਕੀ ਜੋ ਅਸੀਂ ਦੇਵਾਂਗੇ ਉਹ ਮੋੜਨਾ ਨਹੀਂ।"

ਇਹ ਬਚਨ ਸੁਣ ਕੇ ਸੰਤ ਬਾਬਾ ਵਧਾਵਾ ਸਿੰਘ ਜੀ ਹੱਥ ਜੋੜ ਕੇ "ਸਤਿ ਬਚਨ ਜੀ" ਕਿਹਾ।

"ਜਾਓ ਸ਼ੁਧ ਹੈ" ਬਾਬਾ ਜੀ ਪ੍ਰਸੰਨਤਾ ਦੇ ਘਰ ਆਏ।

ਸੰਤ ਵਧਾਵਾ ਸਿੰਘ ਜੀ ਲਹਿਰੇ ਖਾਨੇ ਚਲੇ ਗਏ। ਸਧਾਰਨ ਪਾਠ ਸ਼ੁਰੂ ਕਰ ਦਿੱਤਾ। ਭੋਗ ਦਾ ਸਮਾਂ ਬਾਬਾ ਜੀ ਪਾਸ ਭੇਜ ਦਿੱਤਾ। ਬਾਬਾ ਜੀ ਨੇ ਗਿਆਰਾ ਰੁਪਏ ਇੱਕ ਸੇਰ ਖੰਡ, ਸੇਰ ਘਿਓ ਅਤੇ ਇੱਕ ਸੇਰ ਆਟਾ ਭੇਜ ਦਿੱਤਾ। ਇਸ ਤਰ੍ਹਾਂ ਪਾਠਾਂ ਦੀ ਮਰਿਆਦਾ ਚਲਦੀ ਰਹੀ ਬਾਬਾ ਜੀ ਭੋਗ ਦੇ ਸਮੇਂ ਇਹ ਸਮੱਗਰੀ ਭੇਜਦੇ ਰਹੇ। ਪਹਿਲਾਂ ਇਹ ਸੇਵਾ ਭਾਈ ਗੁਰਦਿੱਤ ਸਿੰਘ ਜੀ ਸੇਮਾ ਪਿੰਡ ਵਾਲੇ ਫਿਰ ਭਾਗੀ ਬਾਂਦਰ ਵਾਲੇ ਸਰਬਣ ਸਿੰਘ ਨਿਭਾਉਂਦੇ ਰਹੇ। ਕਦੇ ਕਦੇ ਭਾਈ ਰਤਨ ਸਿੰਘ ਜੀ ਡਰੋਲੀ ਭਾਈ ਵਾਲੇ ਵੀ ਇਹ ਸੇਵਾ ਕਰਦੇ ਸਨ। ਇਸ ਜੁਗਤੀ ਨਾਲ ਬਾਬਾ ਜੀ ਸੰਤ ਵਧਾਵਾ ਸਿੰਘ ਜੀ ਦੀ ਮਨ ਭਾਵਨਾ ਪੂਰੀ ਕਰਦੇ ਰਹੇ। ਜਿਵੇਂ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਕਿਸੇ ਤੇ ਬਖਸ਼ਿਸ਼ ਕਰਨੀ ਤਾਂ ਮਰਦਾਨੇ ਨੂੰ ਹੀ ਅੱਗੇ ਕਰਦੇ ਸਨ।

**ਸੁਮਤ ਹੇਤ ਕਾਰਨ ਕਰਨ ਹਿਤ ਉਹ ਭੁਖ ਲਗਾਇ॥**

ਮਰਦਾਨੇ ਨੂੰ ਭੁੱਖ ਲੱਗੀ ਕੋਡੇ ਰਾਖਸ਼ ਦਾ ਉਧਾਰ ਹੋਇਆ, ਝੰਡੇ ਬਾਢੀ ਅਤੇ ਰਾਜਾ ਸੁਧਰ ਸੈਨ ਤੇ ਬਖਸ਼ਿਸ਼ ਹੋਈ। ਸਤਿਗੁਰੂ ਤੁਰੇ ਜਾ ਰਹੇ ਸਨ ਪਿੱਛੇ ਵੱਲ ਝਾਤੀ ਪਾਈ ਤਾਂ ਮਰਦਾਨਾ ਉਦਾਸੀ ਦੀ ਗਹਿਰੀ ਸੋਚ ਵਿੱਚ ਡੁੱਬਿਆ ਆ ਰਿਹਾ ਸੀ। "ਮਰਦਾਨਿਆਂ ਚਿਹਰੇ ਤੇ ਉਦਾਸੀ ਦੀ ਕਿਰਨ ਦਿਖਾਈ ਦੇ ਰਹੀ ਹੈ।" ਹਜ਼ੂਰ ਨੇ ਬਚਨ ਕੀਤਾ।

"ਪਾਤਸ਼ਾਹ ! ਤੀਸਰਾ ਦਿਨ ਵੀ ਲੰਘ ਰਿਹਾ ਹੈ ਭੋਜਨ ਤੋਂ ਬਿਨਾ ਸਰੀਰ ਨਿਢਾਲ ਹੋ ਰਿਹਾ ਹੈ" ਮਰਦਾਨੇ ਦਾ ਤਰਲਾ ਸੀ।

"ਸਾਹਮਣੇ ਵਾਲੇ ਪਾਸੇ ਤੱਕ ਨਗਰ ਆ ਰਿਹਾ ਹੈ। ਇਸ ਨਗਰ ਵਿੱਚ ਤੈਨੂੰ ਅਨੇਕਾਂ ਤਰ੍ਹਾਂ ਦੇ ਭੋਜਨ ਮਿਲ ਜਾਣਗੇ।"

"ਸਤਿਗੁਰੂ ਆਪਣੇ ਕੋਲ ਪੈਸਾ ਕੋਈ ਨਹੀਂ ਨਗਰ ਵਿੱਚ ਜਾਣ ਪਛਾਣ ਨਹੀਂ ਪਦਾਰਥ ਕਿਸ ਤਰ੍ਹਾਂ ਮਿਲਣਗੇ।" ਮਰਦਾਨੇ ਪੁੱਛ ਹੀ ਲਿਆ।

ਹਜ਼ੂਰ ਨੇ ਆਪਣੇ ਚਰਨਾਂ ਨਾਲ ਮਿੱਟੀ ਪਾਸੇ ਕੀਤੀ ਤਾਂ ਹੇਠਾਂ ਇੱਕ ਲਾਲ ਮਿਲ ਗਿਆ। ਜਿਸ ਦੀ ਅਨੋਖੀ ਚਮਕ ਸੀ। "ਮਰਦਾਨਿਆ ਇਸ ਨੂੰ ਚੁੱਕ ਲੈ" ਬਚਨ ਹੋਇਆ! ਮਰਦਾਨੇ ਨੇ ਚੁੱਕ ਕੇ ਪੱਲੇ ਨਾਲ ਬੰਨ ਲਿਆ। ਨਗਰ ਦੇ ਨੇੜੇ ਪਹੁੰਚ ਕੇ ਬਾਹਰ ਆਸਨ ਲਾ ਲਿਆ।

"ਮਰਦਾਨਿਆ ਇਹ ਲਾਲ ਨੂੰ ਵੇਚ ਕੇ ਰਾਸ਼ਨ ਲੈ ਆਉਣਾ" ਸਾਹਿਬ ਨੇ ਬਚਨ ਕੀਤਾ।

ਮਰਦਾਨਾ ਨਗਰ ਦਾ ਚੱਕਰ ਲਾ ਕੇ ਛੇਤੀ ਹੀ ਪਰਤ ਆਇਆ। ਸਤਿਗੁਰੂ ਨੇ ਪੁੱਛਿਆ "ਛੇਤੀ ਮੁੜ ਆਇਆ ਹੈਂ"।

"ਪਾਤਸ਼ਾਹ ਪਹਿਲੇ ਦੁਕਾਨਦਾਰ ਕੋਲ ਗਿਆ ਉਸਨੇ ਕਿਹਾ ਕਿ ਮੂਲੀ ਲੈ ਜਾ ਇਹ ਮੇਰੇ ਕੰਮ ਦੀ ਚੀਜ਼ ਨਹੀਂ ਮੈਂ ਇਸ ਕਰਕੇ ਲੈ ਰਿਹਾ ਹਾਂ ਕਿ ਬੱਚੇ ਖੇਡ ਕੇ ਮਨ ਪਰਚਾਵਾ ਕਰ ਲਿਆ ਕਰਨਗੇ" ਅਤੇ ਦੂਸਰੇ ਕੋਲ ਗਿਆ ਉਸ ਨੇ ਥੋੜ੍ਹੀ ਮਿਠਿਆਈ ਲੈ ਜਾਣ ਲਈ ਕਿਹਾ, ਗਰੀਬ ਨਿਵਾਜ਼! ਮੈਂ ਇਸ ਨੂੰ ਕਿਸ ਦੇ ਕੋਲ ਵੇਚਣ ਲਈ ਜਾਵਾਂ ਮੈਨੂੰ ਸੁਮੱਤ ਬਖਸ਼ੋ।"

"ਲਾਲ ਦੀ ਕੀਮਤ ਜੌਹਰੀ ਹੀ ਪਾ ਸਕਦੇ ਹਨ ਹੋਰ ਦੁਕਾਨਦਾਰ ਨੂੰ ਕੀ ਪਤਾ ਹੈ ਇਸ ਦੀ ਕਦਰ ਕੀਮਤ ਦਾ। ਇਸ ਨੂੰ ਸਾਲਿਸ ਰਾਇ ਜੌਹਰੀ ਜੋ ਇਸ ਨਗਰ ਦਾ ਵਾਸੀ ਹੈ ਕੋਲ ਲੈ ਕੇ ਜਾਵੀ" ਸਤਿਗੁਰਾਂ ਨੇ ਬਚਨ ਕੀਤਾ।

ਘਰ ਦੀ ਪੁੱਛ ਗਿੱਛ ਕਰਕੇ ਮਰਦਾਨਾ ਸਾਲਿਸ ਦੀ ਰਿਹਾਇਸ਼ ਤੇ ਪਹੁੰਚ ਗਿਆ। ਲਾਲ ਸਾਲਿਸ ਰਾਇ ਅੱਗੇ ਵਿਕਰੀ ਲਈ ਰੱਖ ਦਿੱਤਾ। ਜੌਹਰੀ ਨੇ ਨੀਝ ਲਾ ਕੇ ਤੱਕਿਆ ਤੇ ਨੌਕਰ ਨੂੰ ਘਰ ਅੰਦਰੋਂ ਇੱਕ ਸੋ ਰੁਪਏ ਮੰਗਵਾਏ। ਸੌ ਰੁਪਏ ਮਰਦਾਨੇ ਦੇ ਹੱਥ ਰੱਖ ਦਿੱਤੇ। ਮਰਦਾਨਾ ਬਹੁਤ ਖੁਸ਼ ਹੋਇਆ ਕਿ ਇਸ ਨਾਲ ਕਈ ਦਿਨ ਦਾ ਰਾਸ਼ਨ ਆ ਜਾਵੇਗਾ। ਜੌਹਰੀ ਨੇ ਲਾਲ ਵੀ ਮੋੜ ਦਿੱਤਾ ਅਤੇ ਕਿਹਾ "ਕਿ ਮੈਂ ਇਹੋ ਜਿਹੇ ਲਾਲ ਦੇ ਦਰਸ਼ਨ ਆਪਣੀ

ਹੁਣ ਤੱਕ ਦੀ ਆਯੂ ਵਿੱਚ ਨਹੀਂ ਕੀਤੇ। ਇਸ ਉਪਰ ਲਿਖਿਆ ਹੈ ਕਿ ਜੋ ਵੀ ਇਸ ਦੇ ਦਰਸ਼ਨ ਕਰੇ ਉਹ ਇਸ ਦੀ ਸੌ ਰੁਪਏ ਦਰਸ਼ਨੀ ਭੇਟਾ ਦੇਵੇ। ਇਸ ਲਈ ਮੈਂ ਇਹ ਸੌ ਰੁਪਏ ਦਰਸ਼ਨੀ ਭੇਟਾਂ ਤੇ ਲਾਲ ਵੀ ਮੋੜ ਰਿਹਾ ਹਾਂ। ਜੇ ਤੁਸੀਂ ਵੇਚਣਾ ਚਾਹੁੰਦੇ ਹੋ ਤਾਂ ਇਸ ਦੀ ਕੀਮਤ ਦੱਸ ਦਿਓ।'

ਮਰਦਾਨੇ ਕਿਹਾ, "ਕਿ ਮੈਂ ਤਾਂ ਵੇਚਣ ਦਾ ਅਧਿਕਾਰ ਨਹੀਂ ਰੱਖਦਾ ਇਸ ਦੇ ਮਾਲਕ ਨਗਰ ਤੋਂ ਬਾਹਰ ਬੈਠੇ ਹਨ।" ਮਰਦਾਨਾ ਲਾਲ ਅਤੇ ਸੌ ਰੁਪਏ ਲੈ ਕੇ ਸਤਿਗੁਰਾਂ ਪਾਸ ਪਹੁੰਚ ਗਿਆ। ਸਤਿਗੁਰਾ ਅੱਗੇ ਦੋਨੋ ਰੱਖ ਕੇ ਕਹਿਣ ਲੱਗਾ "ਤੁਹਾਡੀ ਲੀਲਾ ਵਿਲੱਖਣ ਹੀ ਹੈ ਅਸੀਂ ਇਸ ਦੀ ਪਰਖ ਨਹੀਂ ਕਰ ਸਕਦੇ। ਕੋਈ ਇਸ ਦਾ ਮੁੱਲ ਮੂਲੀ ਪਾਉਂਦਾ ਹੈ ਅਤੇ ਕੋਈ ਦਰਸ਼ਨ ਭੇਟਾ ਹੀ ਸੌ ਰੁਪਏ ਦੇ ਕੇ ਇਸ ਨੂੰ ਵੱਡਮੁੱਲਾ ਆਖਦਾ ਹੈ।" "ਜਿਵੇਂ ਜੌਹਰੀ ਨੇ ਇਸ ਦੀ ਪਰਖ ਕੀਤੀ ਹੈ ਮੂਲੀ ਵਾਲਾ ਕੀ ਜਾਣੇ ਇਸ ਦੀ ਸਾਰ ਨੂੰ। ਇਸੇ ਤਰ੍ਹਾ ਜਿਸ ਨੇ ਪ੍ਰਮੇਸ਼ਰ ਨਾਲ ਪ੍ਰੇਮ ਪੀਘਾਂ ਪਾਈਆਂ ਹਨ ਉਹੀ ਹੀ ਇਸ ਦੇ ਹੁਲਾਰੇ ਦੀ ਕੀਮਤ ਜਾਣ ਸਕਦਾ ਹੈ। ਕੁਰਾਹੀਆ ਕਦੇ ਰਸਤੇ ਦੀ ਭਾਲ ਨਹੀਂ ਕਰ ਸਕਦਾ ਅਤੇ ਮੰਜ਼ਿਲ ਤੱਕ ਨਹੀਂ ਪਹੁੰਚ ਸਕਦਾ।" ਪਿਛਲੇ ਦਿਨ ਹੀ ਇਹ ਸ਼ਬਦ ਪੜ੍ਹਿਆ ਸੀ।

"ਮੇਰੇ ਲਾਲ ਜੀਓ ਤੇਰਾ ਅੰਤੁ ਨਾ ਜਾਣਾ" ਸਤਿਗੁਰਾਂ ਨੇ ਬਚਨ ਸੁਣਾਇਆ ਇਹ ਉਹੀ ਲਾਲ ਹੈ। ਮਰਦਾਨੇ ਨੇ ਕਿਹਾ ਜੇ ਚਾਹੁੰਦੇ ਹੋ ਤਾਂ ਵੇਚ ਦਿੰਦੇ ਹਾਂ।

ਸਤਿਗੁਰਾਂ ਨੇ ਕਿਹਾ ਇਹ ਨਹੀਂ ਵੇਚਣਾ। ਮਰਦਾਨਾ ਸਤਿਗੁਰੂ ਦੇ ਬਚਨ ਸੁਣ ਕੇ ਰੁਪਏ ਮੋੜਨ ਲਈ ਸਾਲਿਸ ਰਾਇ ਦੇ ਘਰ ਪਹੁੰਚ ਗਿਆ।

ਜੌਹਰੀ ਜੀ ਅਸੀਂ ਇਹ ਲਾਲ ਨਹੀਂ ਵੇਚਣਾ। ਇਹ ਦਰਸ਼ਨ ਭੇਟਾ ਵੀ ਵਾਪਸ ਲੈ ਲਵੋ। ਸਾਲਸ ਰਾਇ ਦੇ ਨਾਂਹ ਕਰਨ ਦੇ ਬਾਵਜੂਦ ਵੀ ਮਰਦਾਨਾ ਰੁਪਏ ਰੱਖ ਕੇ ਸਤਿਗੁਰਾਂ ਪਾਸ ਪਹੁੰਚ ਗਿਆ। ਸਾਲਸ ਰਾਇ ਦੇ ਮਨ ਵਿੱਚ ਫੁਰਨਾ ਬਣਿਆ ਇਹੋ ਜਿਹੇ ਲਾਲਾਂ ਦੇ ਮਾਲਕ ਦੇ ਦਰਸ਼ਨ ਕੀਤੇ ਜਾਣ। ਸ਼ਾਮ ਦਾ ਸਮਾਂ ਸੀ ਜੌਹਰੀ ਨੇ ਪ੍ਰਸ਼ਾਦ ਤਿਆਰ ਕਰਵਾਇਆ। ਨੌਕਰ ਨਾਲ ਲੈ ਪ੍ਰਸ਼ਾਦ ਪਰੋਸ ਕੇ ਨਗਰ ਤੋਂ ਬਾਹਰ ਸਤਿਗੁਰਾਂ ਦੀ ਤਲਾਸ਼ ਵਿੱਚ ਆ ਗਿਆ। ਆਸਣ ਉਤੇ ਨਜ਼ਰ ਪੈਣ ਤੇ ਕੋਲ ਆ ਪਹੁੰਚਿਆ, ਨਮਸ਼ਕਾਰ

ਕੀਤੀ। ਸਤਿਗੁਰਾਂ ਦੇ ਬਚਨ ਸੁਣੇ, ਮਨ ਨੂੰ ਸ਼ਾਂਤੀ ਮਹਿਸੂਸ ਹੋਈ ਫੁਰਮਾਨ ਹੈ–

**ਦਰਸਨੁ ਪੇਖਤ ਮੈ ਜੀਓ।**

**ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ॥**

**ਅੰਗ ੩੯੨ ਆਸਾ ਮ: ੫**

ਸਾਲਸ ਰਾਇ ਅਤੇ "ਅਧਰਕਾ" ਉਸ ਦਾ ਨੌਕਰ ਦੋਨੋਂ ਹੀ ਧਰਮ ਪਦਵੀ ਨੂੰ ਪ੍ਰਾਪਤ ਹੋਇ। ਸਾਲਸ ਰਾਇ ਨੂੰ ਸਤਿਗੁਰਾਂ ਨੇ ਮੰਜੀ ਬਖਸ਼ੀ। ਜੌਹਰੀ ਨੂੰ ਹੁਕਮ ਹੋਇਆ "ਆਪਣੇ ਨੌਕਰ ਨੂੰ ਮੱਥਾ ਟੇਕ।" ਉਸ ਨੇ ਤੁਰੰਤ ਚਰਨਾ ਤੇ ਸਿਰ ਰੱਖ ਦਿੱਤਾ।

**ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ॥**

**ਅੰਗ ੯੩੫**

ਸਤਿਗੁਰੂ ਨੇ ਆਪਣੇ ਤਨ ਦਾ ਕੱਪੜਾ ਸਾਲਸ ਰਾਇ ਦੇ ਸਿਰ ਤੇ ਬੰਨ ਦਿੱਤਾ। ਭਾਈ ਸੰਤੋਖ ਸਿੰਘ ਜੀ ਨਾਨਕ ਪ੍ਰਕਾਸ਼ ਵਿੱਚ ਲਿਖਦੇ ਹਨ।

**ਸਾਲਸ ਬਾਂਧਿਯੋ ਸੀਸ ਪਰ ਸ਼ੀਘਰ ਖੁਲੇ ਕਪਾਟ॥**
**ਗਿਆਨਾ ਨੰਦ ਪੂਰਨ ਭਯੋ ਠਟਿਯੋ ਔਰ ਹੀ ਠਾਟ॥**
**ਭਾ ਨਿਹਾਲ ਤਤਕਾਲ ਸ੍ਰੀ ਗੁਰੂ ਨਾਨਕ ਮਇਆ ਤੇ॥**
**ਉਮਰਾਯੋ ਪ੍ਰੇਮ ਬਿਸਾਲ ਉਸਤਤਿ ਉਚਰਤਿ ਸ਼ਬਦ ਕਰ॥**

**ਨਾਨਕ ਪ੍ਰਕਾਸ਼**

(ਇਹ ਬਚਨ ਭਾ: ਰਤਨ ਸਿੰਘ ਡਰੋਲੀ ਭਾਈਂ ਤੋਂ ਮਿਲਿਆ।)

# ਸਗਲ ਸਰੰਜਾਮ ਕਰੇ ਪ੍ਰਭੁ ਆਪੇ॥

**ਅੰਗ ੮੦੬**

ਸ਼ਰਧਾ ਤੋਂ ਹੀ ਪ੍ਰੇਮ ਦੀ ਕੋਮਲ (ਕ੍ਰੂੰਬਲ) ਫੁੱਟਦੀ ਹੈ। ਪ੍ਰੇਮ ਹੀ ਸੁਖ ਦੇਂਦਾ ਹੈ। ਸੇਵਾ ਤਾਂ ਛਾਲ ਹੈ ਜੋ ਸ਼ਰਧਾ ਤੇ ਪ੍ਰੇਮ ਨੂੰ ਪੱਕਿਆ ਕਰਦੀ ਹੈ ਨਾ ਕਿ ਪ੍ਰੇਮ ਤੇ ਸ਼ਰਧਾ ਤੋੜਨ ਲਈ ਹੈ। ਇਹ ਹੀ ਫਲ ਸਾਧ ਸੰਗਤ ਕੀਤੀਆਂ ਬ੍ਰਿਛ ਨੂੰ ਦੇਵੀ, ਸੰਸਾਰੀ ਨੂੰ ਬਿਬੇਕ ਤੇ ਗਿਆਨ ਦੇ ਅਨੇਕਾਂ ਗੁਣ ਲੱਗਦੇ ਹਨ ਤੇ ਘਣ ਛਾਵਾਂ ਬਣਾਉਂਦੇ ਹਨ। ਸਾਧ ਸੰਗਤ, ਮਹਾਂਪੁਰਖਾਂ ਦੀ ਸੰਗਤ ਕਰਕੇ ਇਹੀ ਪਦਵੀ ਸੰਤ ਬਹਾਲ ਦਾਸ ਜੀ ਜੱਸੀ ਪੌ ਵਾਲੇ ਪਾ ਚੁੱਕੇ ਹਨ। ਇਹਨਾਂ

ਦੀ ਜੀਵਨੀ ਪਾਠਕ ਪਿੱਛਲੇ ਹਿੱਸੇ ਵਿੱਚ ਪੜ ਚੁੱਕੇ ਹਨ। ਸੰਤ ਬਹਾਲ ਦਾਸ ਜੀ ਨੇ ਦਸ ਸਾਲ ਸਵੈ ਸੁਆਰਥ, ਸਵੈ ਇਛਾ, ਸਵੈ ਮਾਨ ਦੀ ਪੂਰਤੀ ਤੋਂ ਨਿਰਮਲ ਹੋ ਕੇ ਸੇਵਾ ਕੀਤੀ ਸਰੀਰ ਅਤੇ ਦੁਨੀਆਂ ਤੋਂ ਬੇਖਬਰ ਹੋ ਕੇ ਜਿਵੇਂ-

**ਸਿਰ ਪੈਰਾਂ ਦੀ ਖਬਰ ਨਾ ਕੋਈ ਵਿਚ ਮੁਹੱਬਤ ਤੇਰੀ॥**

ਨਿੱਜੀ ਸੁਆਰਥ ਤਿਆਗ ਕੇ ਸੱਚ ਪ੍ਰਾਪਤੀ ਲਈ ਨਿਸ਼ਕਾਮ ਸੇਵਾ ਕਰਕੇ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਸੰਤ ਬਹਾਲ ਦਾਸ ਜੀ ਹਜ਼ੂਰ ਦਾ ਹੁਕਮ ਮੰਨ ਕੇ ਆਪਾ ਵਿਚਰਨ ਲਈ ਗਹਿਰੀ ਬੁਰਜ ਵਾਲੀ ਰਹਿਣ ਲੱਗ ਪਏ ਸਨ। ਇਸ ਜਗ੍ਹਾਂ ਬੁਰਜ ਵਰਗੀ ਇਮਾਰਤ ਹੁਣ ਵੀ ਮੌਜੂਦ ਹੈ। ਪੰਜ ਸੱਤ ਦਿਨ ਦੇ ਬਾਅਦ ਆਪ ਬਾਬਾ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਸਨ। ਬਾਬਾ ਜੀ ਨੇ ਬਹਾਲ ਦਾਸ ਜੀ ਨੂੰ ਹੁਕਮ ਦਿੱਤਾ "ਬਹਾਲ ਦਾਸ ਲੋਕਾਂ ਦੇ ਘਰ ਸਹਿਜ ਪਾਠ ਅਤੇ ਅਖੰਡ ਪਾਠ ਕਰਦਿਆ ਕਰੋ। ਆਪਣੇ ਨਾਲ ਚੰਗੇ ਪਾਠੀ ਰੱਖ ਲਵੋ ਜੋ ਕਿ ਨੇੜੇ ਦੇ ਪਿੰਡਾਂ ਅਤੇ ਸ਼ਹਿਰ ਵਿੱਚ ਪਾਠ ਕਰਿਆ ਕਰਨ। ਜਦੋਂ ਕੋਈ ਸੇਵਕ ਸ਼ਰਧਾ ਭਾਵਨਾ ਨਾਲ ਖੁਸ਼ੀ ਦਾ ਗਮੀ ਦਾ ਪਾਠ ਕਰਵਾਏ ਜਾਂ ਕੋਈ ਘਰੇਲੂ ਬਿਘਨ ਨਜ਼ਰ ਆਉਂਦੇ ਹੋਣ ਉਥੇ ਜ਼ਰੂਰ ਪ੍ਰਕਾਸ਼ ਕਰਨ ਲਈ ਪਹੁੰਚਣਾ।"

ਹਜ਼ੂਰ ਨੇ ਪਾਠ ਦੀ ਵਿਧੀ ਤੇ ਮਰਯਾਦਾ ਸਮਝਾਈ। ਜੋ ਵਿਧੀ ਅੱਜ ਤੱਕ ਡੇਰਾ ਰੂੰਮੀ ਵਾਲਾ ਵਿਖੇ ਪ੍ਰਚੱਲਤ ਹੈ। ਬਾਬਾ ਜੀ ਜਿਤਨੀ ਦੇਰ ਸਰੀਰ ਕਰਕੇ ਰਹੇ ਸੰਤ ਬਹਾਲ ਦਾਸ ਨੇ ਦਰਸ਼ਨ ਕਰਨ ਆਉਂਦੇ ਰਹਿਣਾ ਅਤੇ ਖੁਸ਼ੀਆਂ ਪ੍ਰਾਪਤ ਕਰਦੇ ਰਹਿਣਾ।

ਸੰਤ ਬਹਾਲ ਦਾਸ ਜੀ ਨੇ ਪੈਦਲ ਆਉਣਾ ਜੱਸੀ ਪਿੰਡ ਦੇ ਬਾਹਰ ਸੰਘਣੇ ਦਰਖਤ ਸਨ। ਉਨ੍ਹਾਂ ਦੀ ਸੰਘਣੀ ਛਾਵੇਂ ਆਰਾਮ ਕਰਲ ਲਈ ਬੈਠ ਜਾਂਦੇ। ਜੱਸੀ ਪਿੰਡ ਦੇ ਪ੍ਰੇਮੀਆਂ ਨੇ ਆਪ ਜੀ ਨੂੰ ਇਥੇ ਹੀ ਡੇਰਾ ਬਨਾਉਣ ਲਈ ਬੇਨਤੀ ਕੀਤੀ। ਕਈ ਵਾਰ ਆਪ ਨੇ ਟਾਲ ਮਟੋਲ ਕਰ ਦਿੱਤੀ ਪਰ ਸੰਗਤ ਦੇ ਵਾਰ ਵਾਰ ਬੇਨਤੀ ਕਰਨ ਤੇ ਆਪਨੇ ਹੁਕਮ ਦਿੱਤਾ "ਪ੍ਰੇਮੀ ਜਨੋ ਡੇਰੇ ਬਣਾਕੇ ਜੇਕਰ ਡੇਰੇ ਦੀ ਮਰਯਾਦਾ ਨਾ ਚਲਾਈ ਜਾਵੇ ਉਨ੍ਹਾਂ ਚਿਰ ਡੇਰੇ ਵਿੱਚ ਬੈਠਣਾ ਸੋਭਾ ਨਹੀਂ ਦਿੰਦਾ।"

ਸੰਗਤ ਨੇ ਮਰਯਾਦਾ ਸਮਝਾਉਣ ਲਈ ਬੇਨਤੀ ਕੀਤੀ। ਆਪ ਜੀ ਨੇ

ਫੁਰਮਾਇਆ ਆਉਣ ਜਾਣ ਵਾਲੇ ਅਤਿਥੀ ਲਈ ਅੰਨ ਦੁਆਰਾ ਭੋਜਨ ਤਿਆਰ ਕਰਨਾ, ਪਿਆਸੇ ਲਈ ਪਾਣੀ, ਰਾਹੀ ਲਈ ਅਰਾਮ ਲਈ ਜਗ੍ਹਾ ਨਾ ਮਿਲੇ ਉਥੇ ਡੇਰੇ ਦਾ ਕੋਈ ਅਰਥ ਨਹੀਂ। ਅਸੀਂ ਤਾਂ ਸਾਧੂ ਬਿਰਤੀ ਵਾਲੇ ਅਤੀਤ ਹਾਂ ਜਿਥੇ ਮਨ ਕੀਤਾ ਬੈਠ ਗਏ ਤੇ ਚਲੇ ਗਏ। ਫਿਰ ਸਾਡੇ ਕੋਲ ਕੋਈ ਇਹੋ ਜਿਹਾ ਸੇਵਕ ਨਹੀਂ ਜੋ ਨੇਮ ਨਾਲ ਇਹ ਸੇਵਾ ਨਿਭਾ ਸਕੇ ਜਿਵੇਂ ਕਿ ਪਿੰਡਾਂ ਤੋਂ ਪ੍ਰਸ਼ਾਦਾ ਲਿਆਉਣਾ, ਆਏ ਪਾਂਧੀ ਨੂੰ ਛਕਾਉਣਾ, ਪਾਣੀ ਪਿਲਾਉਣਾ ਆਦਿ। ਭੂਸ ਮੰਡੀ ਨਗਰ ਦੇ ਦੋ ਪ੍ਰੇਮੀ ਹੀਰਾ ਸਿੰਘ ਤੇ ਤਖ਼ਤ ਸਿੰਘ ਨੇ ਇਹ ਸੇਵਾ ਮੰਗੀ। ਸੰਤਾਂ ਨੇ ਬਚਨ ਕੀਤਾ ਕਿ "ਇਹ ਤੁਹਾਡੀ ਕਿਰਿਆ ਸਾਡੇ ਮਿਸ਼ਨ ਦੇ ਉਲਟ ਹੈ।"

ਦੋਨਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ "ਮਹਾਰਾਜ! ਸਾਨੂੰ ਸੇਵਾ ਬਖਸ਼ੋ ਅਸੀਂ ਅੱਜ ਤੋ ਪ੍ਰਣ ਕਰਦੇ ਹਾਂ ਕਿ ਸ਼ਿਕਾਰ ਨਹੀਂ ਕਰਾਂਗੇ।" ਸੋ ਇਨ੍ਹਾਂ ਨੇ ਇਹ ਸੇਵਾ ਜ਼ਿੰਦਗੀ ਭਰ ਨਿਭਾਈ। ਇਨ੍ਹਾਂ ਦੀ ਔਲਾਦ ਨੂੰ ਗਾਜੀਆਂ ਦੀ ਅੱਲ ਪੈਂਦੀ ਹੈ। ਸੰਤ ਬਹਾਲ ਦਾਸ ਜੀ ਨੇ ਇਹ ਡੇਰਾ ਆਬਾਦ ਕੀਤਾ ਜੋ ਤਲਵੰਡੀ ਸਾਬੋ (ਦਮਦਮਾ ਸਾਹਿਬ) ਬਠਿੰਡਾ ਸੜਕ ਉਪਰ ਮੌਜੂਦ ਹੈ। ਸੰਤਾਂ ਨੇ ਇਸ ਜਗ੍ਹਾਂ ਗਰਮੀਆਂ ਵਿੱਚ ਪੋ ਲਵਾ ਇੱਕ ਪ੍ਰੇਮੀ ਉਥੇ ਹਰ ਵੇਲੇ ਪਾਣੀ ਪਿਲਾਉਣ ਲਈ ਹਾਜ਼ਰ ਰਹਿੰਦਾ ਸੀ ਕਈ ਵਾਰ ਪਾਂਧੀਆਂ ਲਈ ਭੁੰਨੇ ਹੋਏ ਛੋਲੇ ਅਤੇ ਗੁੜ ਵੀ ਦਿੰਦੇ ਸਨ। ਇਸ ਕਰਕੇ ਇਸ ਨਗਰ ਦਾ ਨਾਮ ਜੱਸੀ ਪੋ ਵਾਲੀ ਹੋ ਗਿਆ।

ਜਿਉਂ ਹੀ ਬਾਬਾ ਜੀ ਦੀ ਕ੍ਰਿਪਾ ਦੁਆਰਾ ਸੰਤ ਬਹਾਲ ਦਾਸ ਜੀ ਪ੍ਰਤੀ ਲੋਕਾਂ ਦਾ ਸਤਿਕਾਰ ਬਣਦਾ ਗਿਆ ਸੰਗਤ ਜੁੜਨ ਲੱਗ ਪਈ। ਮੰਡਲੀ ਫਰਨ ਲੱਗ ਪਏ।

ਸਿੱਖ ਧਰਮ ਦੇ ਮਹਾਨ ਵਿਦਵਾਨ ਜਿੰਨ੍ਹਾਂ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਮੰਨਿਆ ਜਾਂਦਾ ਹੈ। ਭਾਈ ਗੁਰਦਾਸ ਜੀ ਗੁਰਮਤਿ ਕਸਾਉਟੀ ਤੋਂ ਅਧੂਰੇ ਜੀਵ ਨੂੰ ਮੰਦਭਾਗੀ ਕਹਿੰਦੇ ਹਨ। ਕਿਉਂਕਿ ਜੇ ਪ੍ਰਭੂ ਦੀ ਬੰਦਗੀ ਕਰਨ ਵਾਲਾ ਜੀਵ ਹਿਰਦੇ ਵਿੱਚ ਪ੍ਰਭੂ ਦੀ ਰਜਾ ਨਹੀਂ ਵਸਾਉਂਦਾ ਤਾਂ ਉਹ ਹਉਮੈ ਵੱਸ ਹੈ। ਕਿਉਂਕਿ ਉਸ ਦੀ ਮੱਤ, ਬੁਧਿ ਭਰਮ ਵਿੱਚ ਭੁੱਲੀ ਹੈ। ਜਿਵੇਂ "ਚੰਦਨ ਕੇ ਨਿਕਟੇ ਬਸੈ ਬਾਸ ਸੁਗੰਧ ਨ ਹੋਇ" ਜੋ ਜੀਵ ਸੰਤ ਸੰਗਤ ਵਿੱਚ ਵੀ ਰਹੇ

ਜਾ ਘਰ ਗ੍ਰਿਹਸਤੀ ਤਿਆਗ ਕੇ ਵਣਾਂ ਵਿੱਚ ਨਿਵਾਸ ਕਰਕੇ ਵੀ ਹਉਮੈ ਨਾ ਛੱਡੇ ਅਜਿਹਾ ਜੀਵ ਆਤਮਿਕ ਸ਼ਾਂਤੀ, ਆਤਮਿਕ ਅਨੰਦ ਦੀ ਪ੍ਰਾਪਤੀ ਨਹੀਂ ਕਰ ਸਕਦਾ ਸਦਾ ਭਟਕਦਾ ਰਹਿੰਦਾ ਹੈ ਅਤੇ ਈਰਖੇ ਦੀ ਭਾਵਨਾ ਸਦਕਾ, ਹਉਮੈ ਦੀ ਗੁਲਾਮੀ ਸਦਕਾ ਆਪੇ ਤੋਂ ਬੇਵਸ ਹੋ ਖਿਝਦਾ ਨਜ਼ਰ ਆਉਂਦਾ ਹੈ।

**ਸਾਧ ਸੰਗਤਿ ਗੁਰ ਸਬਦ ਸੁਣਿ ਰਿਦੈ ਨ ਵਸੈ ਅਭਾਗ ਪਰਾਣੀ॥**
**ਹਉਮੈ ਅੰਦਰ ਭਰਮ ਭੁਲਾਣੀ॥**

ਅਜਿਹਾ ਜੀਵ ਭਾਵੇਂ ਧਾਰਮਿਕ ਤੌਰ ਤੇ ਨਿਜੀ ਤੌਰ ਤੇ ਕਿੰਨੀ ਵੀ ਪ੍ਰਸਿੱਧੀ ਲੈ ਲਵੇ ਸੰਸਾਰ ਵਿੱਚ ਸੋਭਾ ਹਾਸਲ ਕਰ ਲਵੇ, ਪਰ ਆਤਮਿਕ ਜੀਵਨ ਤੋਂ ਸੱਖਣਾ ਹੋਣ ਕਰਕੇ ਸਦਾ ਹੀ ਈਰਖੇ ਦੀ ਜੁਆਲਾ ਅੰਦਰ ਸੜਦਾ ਰਹਿੰਦਾ ਹੈ। ਇਸੇ ਹੀ ਤਰ੍ਹਾਂ ਸੰਤ ਬਹਾਲ ਦਾਸ ਜੀ ਦੀ ਸੰਸਾਰਿਕ ਪ੍ਰਸਿੱਧੀ ਦੇਖ ਉਨ੍ਹਾਂ ਦੇ ਨੇੜੇ ਰਹਿੰਦੇ ਇੱਕ ਉਦਾਸੀਨ ਸਾਧੂ "ਸ੍ਰੀ ਮੌਜ ਦਰਿਆ" ਜੋ ਚੰਗੀ ਕਮਾਈ ਵਾਲੇ ਸਨ। ਇਸ ਪਾਸੋਂ ਇਹ ਬ੍ਰਦਾਸ਼ਤ ਨਾ ਹੋਈ। ਈਰਖੇ ਦੀ ਅੱਗ ਵਿੱਚ ਕੁੱਦਣ ਲਈ ਮਨ ਬੇਕਾਬੂ ਹੋ ਗਿਆ। ਹਉਮੈ ਦੇ ਪ੍ਰਭਾਵ ਹੇਠ ਇਹ ਮਨੁੱਖ ਦੁੱਖ ਦੀ ਨਵਿਰਤੀ ਤੇ ਸੁੱਖ ਦੀ ਲਾਲਸਾ ਵਿੱਚ ਬੱਝਾ ਰਹਿੰਦਾ ਹੈ। ਈਰਖਾ ਦੇ ਰਾਹ ਦਾ ਰੋੜਾ ਬਣ ਜਾਂਦਾ ਹੈ ਅਤੇ ਫਿਰ ਇਹ "ਕਰਮ" ਅਨੰਦ ਅਤੇ ਸੁੱਖ ਦੀ ਥਾ ਭਟਕਣਾ ਵਿੱਚ ਪਾਈ ਰੱਖਦਾ ਹੈ। ਆਪਣੇ ਗਿਆਨ ਦੁਆਰਾ ਗੁਪਤ ਢੰਗਾਂ ਨਾਲ "ਮੌਜ ਦਰਿਆ" (ਜਿੰਨ੍ਹਾਂ ਨੂੰ ਕਾਲੇ ਮੂੰਹ ਵਾਲਾ ਵੀ ਕਹਿੰਦੇ ਸਨ) ਨੇ ਸੰਤ ਬਹਾਲ ਦਾਸ ਜੀ ਨੂੰ ਨੁਕਸਾਨ ਪਹੁੰਚਾਉਣ ਲਈ ਪੂਰੀ ਸ਼ਕਤੀ ਲਾ ਦਿੱਤੀ। ਪਰ ਉਸ ਦੀਆਂ ਸਾਰੀਆਂ ਚਾਲਾਂ ਵਿਅਰਥ ਹੋ ਗਈਆਂ। ਜਦੋਂ "ਮੌਜ ਦਰਿਆ" ਦੀ ਕੋਈ ਪੇਸ਼ ਨਾ ਗਈ ਤਾਂ ਉਸ ਨੇ ਅਸਲੀਅਤ ਜਾਨਣ ਦੀ ਕੋਸ਼ਿਸ ਕੀਤੀ ਕਿ ਇਨ੍ਹਾਂ ਨੂੰ "ਬਾਬਾ ਮਹਾਂ ਹਰਨਾਮ ਸਿੰਘ ਜੀ" ਦੀ ਸਹਾਇਤਾ ਮਿਲਦੀ ਹੈ। ਉਸ ਨੇ ਆਪਣਾ ਹਉਮੈ ਰੂਪੀ ਜ਼ਹਿਰ ਬਾਬਾ ਜੀ ਵੱਲ ਉੱਗਲਣ ਦਾ ਯਤਨ ਕੀਤਾ। ਇਸ ਦਾ ਜ਼ਿਕਰ ਅੱਗੇ ਆਵੇਗਾ। ਇਸ ਤਰ੍ਹਾਂ ਬਹਾਲ ਦਾਸ ਜੀ ਦੀ ਰੱਖਿਆ ਬਾਬਾ ਜੀ ਨੇ ਆਪ ਕੀਤੀ।

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ।**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥**

**ਅੰਗ ੪੦੩**

ਕਿਵੇਂ ਨਿਰੰਕਾਰ ਪਿਆਰਿਆਂ ਦੀ ਪਤ ਰੱਖਦਾ ਹੈ।

**"ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ"**
**ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥**

**ਅੰਗ ੩੧੭**

**ਸਲੋਕ ਮਹਲਾ ੨**

**ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ ॥**
**ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥**
**ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ ॥**
**ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥**
**ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ ॥**
**ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ ॥੧॥**

**ਅੰਗ ੧੪੮**

ਸੰਸਾਰ ਦਾ ਹਰ ਜੀਵ ਸੁਖ ਆਨੰਦ ਦੀ ਭਾਲ ਵਿੱਚ ਲੱਗਾ ਹੋਇਆ ਹੈ। ਗੁਰੂ ਅਰਜਨ ਦੇਵ ਜੀ ਨੇ ਸਰਬ ਸੰਸਾਰ ਲਈ ਮਹਾਨ ਪਰਉਪਕਾਰ ਕੀਤਾ "ਗੁਰੂ ਗ੍ਰੰਥ ਸਾਹਿਬ" ਦੀ ਸਥਾਪਨਾ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਕਰ ਦਿੱਤਾ। ਸਰਬ ਸੰਸਾਰ ਦੀ ਆਤਮਿਕ ਸ਼ਾਂਤੀ ਲਈ, ਆਤਮਿਕ ਅਨੰਦ ਸੁਖ ਦੀ ਪ੍ਰਾਪਤੀ ਦਾ ਸੋਮਾ ਬਖਸ਼ ਦਿੱਤਾ। ਇਹ ਹੋਕਾ ਦਿੱਤਾ "ਥਾਲ ਵਿਚਿ ਤਿੰਨ ਵਸਤੂ ਪਾਈਓ ਸਤੁ ਸੰਤੋਖੁ ਵੀਚਾਰੋ॥" ਇਹ ਗੱਲ ਵੀ ਦ੍ਰਿੜ ਕਰਵਾ ਦਿੱਤੀ ਕਿ ਇਹ ਵਸਤੂ ਤਜੀ ਨਹਿ ਜਾਈ ਨਿਤ ਨਿਤ ਰੱਖ ਉਰਧਾਰੋ। ਆਤਮਿਕ ਸੁਖ ਅਨੰਦ ਲਈ ਜ਼ਰੂਰੀ ਹੈ ਕਿ ਗੁਰਮਤਿ ਦੀ ਕਸਵੱਟੀ ਤੇ ਆਪਣੇ ਆਤਮਿਕ ਵਿਕਾਸ ਨੂੰ ਨਿਤ ਪਰਖੋ ਅਨੰਦ ਸੁਖ ਦੀ ਪ੍ਰਾਪਤੀ ਦਾ ਰਾਜ ਗੁਰੂ ਸ਼ਬਦ ਦੀ ਓਟ ਹੈ। ਵਿਕਾਸ ਦੇ ਰਾਹ ਵਿੱਚ ਰੋੜਾ ਹਉਮੈ ਰੂਪੀ ਸ਼ੈ ਹੈ। ਇਸ ਦੀ ਤੁਲਨਾ ਬਿਖ ਭਾਵ ਜ਼ਹਿਰ ਨਾਲ ਕੀਤੀ ਹੈ। ਜ਼ਹਿਰ ਦੇ ਸੇਵਨ ਨਾਲ ਆਦਮੀ ਮਰ ਜਾਂਦਾ ਹੈ ਇਨਸਾਨੀ (ਮਨੁੱਖੀ) ਵਜੂਦ ਖ਼ਤਮ ਹੋ ਜਾਂਦਾ ਹੈ। ਇਸੇ ਹੀ ਤਰ੍ਹਾਂ ਆਤਮਿਕ ਵਿਕਾਸ ਹਉਮੈ ਰੂਪੀ ਜ਼ਹਿਰ ਸਦਕਾ ਰੁਕ ਜਾਂਦਾ ਹੈ ਜਿਸ ਕਰਕੇ ਜੀਵ ਅਨੰਦ ਤੇ ਖੁਸ਼ੀ ਵਾਲਾ ਜੀਵਨ ਸਦਾ ਵਾਸਤੇ ਖੋ ਬੈਠਦਾ ਹੈ, ਖ਼ਤਮ ਕਰ ਲੈਂਦਾ ਹੈ।

ਹੁਣ 'ਮੌਜ ਦਰਿਆ' ਨੇ ਸੰਤ ਬਹਾਲ ਦਾਸ ਜੀ ਵਲੋਂ ਆਪਣਾ ਰੁੱਖ ਬਦਲ ਕੇ ਬਾਬਾ ਜੀ ਵੱਲ ਕਰ ਲਿਆ। ਜਿਸ ਤਰ੍ਹਾਂ ਕੋਈ ਚਸ਼ਮੇ ਤੋਂ ਅੰਮ੍ਰਿਤ ਵਰਤਾਉਣ ਵਾਲੇ ਨੂੰ ਛੱਡ ਕੇ ਅੰਮ੍ਰਿਤ ਦੇ ਚਸ਼ਮੇ ਨੂੰ ਹੀ ਸੁਕਾਉਣ ਦਾ ਇਰਾਦਾ ਰੱਖਦਾ ਹੋਵੇ। ਇਸ ਤਰ੍ਹਾਂ "ਮੌਜ ਦਰਿਆ" ਆਪਣੇ ਦਿਮਾਗ ਦੇ ਸੌੜੇਪਨ (ਛੋਟੇਪਨ) ਸੀਮਤਪਨ ਦਾ ਸਬੂਤ ਪੇਸ਼ ਕਰਦੇ ਹੋਏ ਬਾਬਾ ਜੀ ਵੱਲ ਹੋ ਤੁਰੇ। ਆਪਣੇ ਇੱਕ ਸੇਵਕ ਨੂੰ ਮੌਜ ਦਰਿਆ ਨੇ ਬੁਲਾਇਆ ਅਤੇ ਉਸ ਨੂੰ ਸਮਝਾਇਆ "ਕਿ ਰਸਤੇ ਵਿੱਚ ਕਿਸੇ ਨਾਲ ਬੋਲਣਾ ਨਹੀਂ ਭੁੱਚੋ ਜਾਣਾ ਹੈ ਉਥੇ ਸੰਤਾਂ ਦੇ ਸਾਹਮਣੇ ਖੜੋ ਕੇ ਇਹ ਬਚਨ ਕਰਨਾ "ਕਾਲੇ ਮੂੰਹ ਵਾਲੇ ਦੀ ਸੱਤ ਵਾਰੀ ਰਾਮ ਰਾਮ"। ਸੱਤ ਵਾਰੀ ਅੱਲ੍ਹਾ ਅੱਲ੍ਹਾ, ਸੱਤ ਵਾਰੀ ਖੁਦਾਇ ਖੁਦਾਇ। ਸੇਵਕ ਬਚਨ ਮੰਨ ਕੇ ਭੁੱਚੋ ਨੂੰ ਤੁਰ ਪਿਆ। (ਆਗਿਆ ਪਾਲਕ ਹੋ ਤੁਰ ਪਿਆ), ਇਧਰ ਅੰਤਰਜਾਮੀ ਅੱਖਾਂ ਤੇ ਪੱਟੀ ਰੱਖ ਕੇ ਵੀ ਆਦਮੀ ਦੀ ਅੰਤ੍ਰਿਮ ਸੋਚ ਦੀ ਪ੍ਰਤੀ ਕ੍ਰਿਆ ਸਮਝਦੇ ਸਨ। ਆਪ ਨੇ ਭਵਿੱਖਤ ਕਲਾਤਮਿਕ ਨੂੰ ਪਛਾਣਦੇ ਹੋਏ ਸੇਵਕ ਨੂੰ ਬੁਲਾਇਆ। ਸੇਵਕ ਪੰਡਿਤ ਜੋ ਕਿ ਜਿਸਮਾਨੀ ਤੌਰ ਤੇ ਕਾਫੀ ਤਾਕਤਵਾਰ ਸੀ ਉਸ ਨੂੰ ਬੁਲਾਵਾ ਭੇਜਿਆ। ਪੰਡਿਤ ਮਹਾਰਾਜ ਦੀ ਹਜ਼ੂਰੀ ਵਿੱਚ ਪਹੁੰਚ ਕੇ ਸੇਵਾ ਪੁੱਛਣ ਲੱਗਾ।

ਬਾਬਾ ਜੀ ਨੇ ਬਚਨ ਕੀਤਾ "ਪੰਡਿਤ ਜੀ! ਇੱਕ ਬਹੁਤ ਵੱਡੀ ਸ਼ਕਤੀ, ਪਹਾੜ ਵਰਗੀ ਤਾਕਤ ਲੈ ਕੇ ਕੋਈ ਆ ਰਿਹਾ ਹੈ, ਉਸਨੂੰ ਸਾਡੇ ਸਾਹਮਣੇ ਨਹੀਂ ਆਉਣ ਦੇਣਾ ਜਿਸ ਵਕਤ ਉਹ ਉਪਰ ਆਉਣ ਲੱਗੇ ਇੱਕ ਹੱਥ "ਜਮਨਾ ਰੋੜੀ" ਰੱਖਣਾ ਤੇ ਦੂਜੇ ਹੱਥ ਨਾਲ ਧੌਣ ਤੋਂ ਪਕੜ ਕੇ ਥੱਲੇ ਨੂੰ ਧੱਕਾ ਦੇ ਦੇਣਾ।

(ਜਮਾ ਰੋੜੀ) ਟਿੱਲਾ ਸਾਹਿਬ ਦੇ ਉਪਰ ਪਹਾੜ ਵਾਲੇ ਪਾਸੇ ਇੱਕ ਮਿੱਟੀ ਦਾ ਥੜ੍ਹਾ (ਜੋ ਅੱਜ ਵੀ ਮੌਜੂਦ ਹੈ)। ਇਸ ਨੂੰ ਬਾਬਾ ਜੀ ਨੇ ਹੁਕਮ ਦੇ ਕੇ ਤਿਆਰ ਕਰਵਾਇਆ ਸੀ। ਇਸ ਦਾ ਨਾਮ ਜਮਨਾ ਰੋੜੀ ਰੱਖਿਆ। ਉਸ ਨੂੰ ਉਨ੍ਹੀ ਦੇਰ ਨਹੀਂ ਛੱਡਣਾ ਜਿੰਨੀ ਦੇਰ ਉਹ ਬੋਲ ਨਾ ਪਵੇ, ਉਸ ਨੂੰ ਪੂਰੀ ਤਾਕਤ ਲਾ ਕੇ ਕਾਬੂ ਕਰਨਾ ਹੈ ਅਤੇ ਬੁਲਾਉਣ ਦੀ ਕੋਸ਼ਿਸ਼ ਕਰਨੀ ਹੈ।

ਬਾਬਾ ਜੀ ਇਹ ਬਚਨ ਕਰਕੇ ਆਪਣੇ ਆਸਣ ਵਾਲੀ ਮੰਜੀ ਦੇ ਪਿੱਛੇ ਉਹਲੇ ਵਿੱਚ ਹੋ ਗਏ। ਥੋੜੀ ਦੇਰ ਬਾਅਦ "ਮੌਜ ਦਰਿਆ" ਦਾ ਸੇਵਕ ਆ

ਗਿਆ। ਟਿੱਲੇ ਦੇ ਉਪਰ ਵੱਲ ਸਿੱਧਾ ਹੀ ਹੋ ਤੁਰਿਆ, ਪੰਡਿਤ ਦੇ ਨੇੜੇ ਹੋਇਆ ਤਾਂ ਉਸਨੇ ਗਲੇ ਤੋਂ ਫੜ ਲਿਆ। ਉਹ ਅੱਗੇ ਵੱਧਣ ਦੀ ਕੋਸ਼ਿਸ ਕਰੇ ਪਰ ਪੰਡਿਤ ਅੱਗੇ ਨਾ ਜਾਣ ਦੇਵੇ। ਇਸੇ ਕਸ਼ਮਕਸ਼ ਵਿੱਚ ਦੋਨੋਂ ਇੱਕ ਦੂਜੇ ਨੂੰ ਚੁੰਬੜ ਗਏ। ਹੇਠਾਂ ਉਪਰ ਹੁੰਦੇ ਹੋਏ ਟਿੱਲੇ ਤੋਂ ਥੱਲੇ ਆ ਗਏ। ਬਾਬਾ ਜੀ ਜਦੋਂ ਨਜ਼ਰ ਨਾ ਆਏ ਤਾਂ ਉਸ ਨੇ ਦੂਰ ਤੋਂ ਹੀ ਕਾਲੇ ਮੂੰਹ ਵਾਲੇ ਦੇ ਸਮਝਾਏ ਲਫਜ਼ ਬੋਲ ਦਿੱਤੇ ਕਿ "ਕਾਲੇ ਮੂੰਹ ਵਾਲੇ ਦੀ ਸੱਤ ਵਾਰੀ ਰਾਮ ਰਾਮ।" ਸੱਤ ਵਾਰੀ ਅੱਲ੍ਹਾ ਅੱਲ੍ਹਾ, ਸੱਤ ਵਾਰੀ ਖੁਦਾਇ ਖੁਦਾਇ। ਉਤਰ ਵਿੱਚ ਬਾਬਾ ਜੀ ਨੇ ਸ਼ਬਦ ਪੜਿਆ।

**ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥**
**ਪਾਰਬ੍ਰਹਮ ਪ੍ਰਭ ਭਏ ਦਇਆਲਾ**
**ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ ॥**
**ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ ॥**
**ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥**
**ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥**
**ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥**

**ਅੰਗ ੭੧੪**

ਆਖਰ ਵਿੱਚ ਬਚਨ ਕੀਤਾ "ਜਾਕੇ ਉਸ ਨੂੰ ਆਖ ਕਿ ਆਪਨੇ ਆਪ ਨੂੰ ਸੰਭਾਲ ਲੈ। ਸਾਡਾ ਕੁਝ ਨਹੀਂ ਵਿਗੜਿਆ।" ਇਹ ਬਚਨ ਸੁਣ ਕੇ "ਮੋਜ ਦਰਿਆ ਦਾ ਸੇਵਕ ਚਲਾ ਗਿਆ।

ਬਾਬਾ ਜੀ ਨੇ ਇੱਕ ਸੇਵਕ ਬਹਾਲ ਦਾਸ ਜੀ ਵੱਲ ਭੇਜਿਆ ਅਤੇ ਉਸ ਨੂੰ ਆਦੇਸ਼ ਦਿੱਤਾ ਕਿ "ਬਹਾਲ ਦਾਸ ਕਾਲੇ ਮੂੰਹ ਵਾਲੇ ਕੋਲ ਨਾ ਜਾਵੇ।" ਪੈਂਡਾ ਕਾਫੀ ਸੀ ਪਰ ਇੰਨੀ ਦੇਰ ਨੂੰ ਬਹਾਲ ਦਾਸ ਜੀ ਨੂੰ ਕਾਲੇ ਮੂੰਹ ਵਾਲੇ ਦਾ ਸੇਵਕ ਪਹਿਲਾਂ ਹੀ ਆ ਕੇ ਲੈ ਗਿਆ ਸੀ। ਬਹਾਲ ਦਾਸ ਜੀ ਨੇ ਉਸਦੀ ਬੇਹੋਸ਼ੀ ਦੀ ਹਾਲਤ ਦੇਖ ਕੇ ਰਖਿਆ ਦਾ ਸ਼ਬਦ ਪੜਿਆ, ਰੱਖਿਆ ਤਾਂ ਹੀ ਹੋ ਸਕਦੀ ਸੀ ਜੇ ਕੋਈ ਚੋਟ, ਸੱਟ ਜਾਂ ਬਿਮਾਰ ਨਾਲ ਬੇਹੋਸ਼ੀ ਹੁੰਦੀ। ਉਸ ਨੂੰ ਤਾਂ ਦਰਗਾਹ ਦੇ ਫਿਟਕਾਰ ਦੀ ਸੱਟ ਸੀ, ਉਹ ਤਾਂ ਹੰਕਾਰ ਦੀ ਅੱਗ ਵਿੱਚ ਸੜ ਰਿਹਾ ਸੀ, ਉਹ ਤਾਂ ਈਰਖੇ ਦੀ ਜਵਾਲਾ ਵਿੱਚ ਭਟਕਦਾ ਸੀ। ਸ਼ਬਦ

ਪੜਿਆ ਹੀ ਸੀ ਕਿ ਸੰਤ ਬਹਾਲ ਦਾਸ ਬੇਹੋਸ਼ ਹੋ ਗਏ। ਇਹ ਸਾਰੀ ਹਕੀਕਤ ਦੇਖ ਬਹਾਲ ਦਾਸ ਜੀ ਦਾ ਸੇਵਕ ਬਾਬਾ ਜੀ ਦੇ ਅਸਥਾਨ ਤੇ ਪਹੁੰਚ ਗਿਆ। ਬਾਬਾ ਜੀ ਅੱਗੇ ਸਾਰੀ ਹਕੀਕਤ ਪੇਸ਼ ਕੀਤੀ। ਪਹਿਲਾਂ ਬਾਬਾ ਜੀ ਗੁੱਸੇ ਵਿੱਚ ਬੋਲੇ "ਉਹ ਉਥੇ ਕਿਉਂ ਗਿਆ ਸੀ। ਉਸ ਸਾਰੀ ਮਰਿਯਾਦਾ ਸਮਝਾਈ ਹੋਈ ਹੈ, ਉਸਨੇ ਵਿਚਾਰ ਕਰਕੇ ਤੁਰਨਾ ਸੀ।"

ਸੇਵਕ ਨੇ ਬੇਨਤੀ ਕੀਤੀ "ਮਹਾਰਾਜ! ਅਸੀਂ ਭੁਲਣਹਾਰ ਹਾਂ ਆਪ ਬਖਸ਼ਿੰਦ ਹੋ। ਅਨਾੜੀ ਬੱਚੇ ਸਮਝ ਕੇ ਦਿਆਲਤਾ ਦੀ ਖੈਰ ਪਾਉ।" ਪਾਣੀ ਲੱਕੜ ਨੂੰ ਡੋਬਦਾ ਨਹੀਂ ਕਿਉਂਕਿ ਉਸਨੇ ਲੱਕੜ ਦੀ ਪਾਲਣਾ ਕੀਤੀ ਹੈ। ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ।

**ਪਾਣੀ ਕਾਠੁ ਨ ਡੋਬਈ ਪਾਲੇ ਦੀ ਲਜੈ॥**

ਕੀੜੀ ਹਾਥੀ ਨੂੰ ਖਾਣਾ ਚਾਹੇ ਤਾਂ ਹਾਥੀ ਕੀੜੀ ਦੇ ਪੇਟ ਵਿੱਚ ਕਿਵੇਂ ਜਾ ਸਕਦਾ ਹੈ। ਛੋਟਾ ਕੀੜਾ (ਭੂੰਡ ਦੀ ਸ਼ਕਲ ਵਰਗਾ) ਬੇਅੰਤ ਵਜ਼ਨ ਕਿਵੇ ਚੁੱਕ ਸਕਦਾ ਹੈ।

ਬੇਸ਼ੱਕ ਮੱਛਰ ਵਿੱਚ ਜ਼ਹਿਰ ਹੈ ਪਰ ਉਸਦੇ ਡੰਗਿਆ ਕਦੇ ਬਾਸ਼ਕ ਨਾਗ ਵੀ ਦਮ ਤੋੜ ਸਕਦਾ ਹੈ।

ਪੰਛੀ ਪਖੇਰੂ ਅਕਾਸ਼ ਵਿੱਚ ਉਡਦੇ ਹਨ ਪਰ ਉਸਦਾ ਅੰਤ ਨਹੀਂ ਪਾ ਸਕਦੇ। ਸੰਦਲ ਦਾ ਰੁੱਖ ਉਪਰ ਨੂੰ ਵੱਧਦਾ ਹੈ ਪਰ ਅਕਾਸ਼ ਨੂੰ ਛੋਹ ਨਹੀਂ ਸਕਦਾ। ਚੂਹਾ ਤੈਰਦਾ ਹੈ ਪਰ ਤੈਰ ਕੇ ਸਮੁੰਦਰ ਤਾਂ ਪਾਰ ਨਹੀਂ ਕਰ ਸਕਦਾ।

ਦਰਿਆ ਦਾ ਪਾਣੀ ਆਪਣੇ ਨਾਲ ਬਹੁਤ ਬਨਾਸਪਤੀ, ਜੀਵ ਜੰਤੂ ਰੋੜ ਕੇ ਲੈ ਜਾਂਦਾ ਹੈ। ਬਾਰਸ਼ ਦੇ ਦਿਨਾਂ ਵਿੱਚ ਭਿਆਨਕ ਰੂਪ ਧਾਰ ਕੇ ਧਰਤੀ ਦੀ ਹਿੱਕ ਤੇ ਕੁਰਲਾਹਟ ਪਾਉਂਦਾ ਜਾਂਦਾ ਹੈ ਪਰ ਸਮੁੰਦਰ ਵਿੱਚ ਡਿੱਗਦੇ ਹੀ ਆਪਣਾ ਵਜੂਦ ਖ਼ਤਮ ਕਰ ਲੈਂਦਾ ਹੈ।

ਸੋ ਇਸ ਤਰ੍ਹਾਂ "ਮੌਜ ਦਰਿਆ" ਨੇ ਆਪਨੇ ਸੋੜੇਪਨ ਦੇ ਪ੍ਰਭਾਵ ਹੇਠ ਦੱਬ ਕੇ, ਆਪਣੀ ਹਸਤੀ ਵੀ ਗਵਾ ਲਈ। ਇਵੇਂ ਹੀ ਹਉਮੈ ਵੱਸ ਇਨਸਾਨ ਆਤਮਿਕ ਅਨੰਦ ਤੇ ਸੁਖ ਵਿਹੂਣਾ ਕੋਰਾ ਹੀ ਜਿੰਦਗੀ ਦਾ ਸਫਰ ਤਹਿ ਕਰਕੇ ਨਿਰਾਸ਼ਤਾ ਦੀ ਝੋਲੀ ਭਰ ਸੰਸਾਰ ਤੋਂ ਚਲਾ ਜਾਂਦਾ ਹੈ। ਆਪਣੇ ਪਿਆਰ

ਦੇ ਪ੍ਰੇਮ ਅਤੇ ਹੁਕਮ (ਨੇਮ) ਵਿੱਚ ਅਭੇਦ ਹੋਇ ਅਗਮ ਅਗਾਧ ਵਾਹਿਗੁਰੂ ਨੂੰ ਜਪ ਕੇ, ਪ੍ਰਮੇਸ਼ਰ ਨਾਲ ਇਹ ਰੂਪ ਹੋਇ ਆਪਣੀ ਹਸਤੀ ਮਿਟਾ ਕੇ, ਸਮੁੰਦਰ ਵਿੱਚ ਬੂੰਦ ਦੀ ਤਰ੍ਹਾਂ ਸਮਾਏ ਹੋਏ ਹਨ ਉਹ ਹੀ ਸੱਚ ਪ੍ਰਾਪਤੀ ਕਰ ਸਕਦੇ ਹਨ। ਉਨ੍ਹਾਂ ਦੀ ਬਰਾਬਰੀ ਨਹੀਂ ਹੋ ਸਕਦੀ।

**ਆਪੁ ਗਵਾਈਐ ਤਾ ਸਹੁ ਪਾਈਐ॥**

**ਤਿਲੰਗ ਮ: ੧, ਅੰਗ ੭੨੧-੨੨**

ਬਾਬਾ ਜੀ ਨੇ ਬੇਨਤੀ ਪਰਵਾਨ ਕੀਤੀ ਅਤੇ ਹੁਕਮ ਦਿੱਤਾ "ਤਿਹੋਉਲਾ ਦੇ ਪ੍ਰਸ਼ਾਦ ਦੇ ਸੱਤ ਕੜਾਹੇ ਬਣਾ ਕੇ ਸਾਰੀ ਆਉਣ ਜਾਣ ਵਾਲੀ ਸੰਗਤ, ਰਾਹੀਂ ਪਾਂਧੀ ਨੂੰ ਛਕਾਉ, ਸਭ ਠੀਕ ਹੋ ਜਾਏਗਾ। ਸਾਰੇ ਰਸਤਿਆਂ ਵਿੱਚ ਆਦਮੀ ਖੜੇ ਕਰ ਦਿੱਤੇ ਤਾਂ ਕਿ ਕੋਈ ਛਕੇ ਬਿਨਾ ਨਾ ਜਾਵੇ।

ਸਤਿ ਬਚਨ ਸਾਧੂ ਉਪਦੇਸ਼ ਨੂੰ ਅਥਾਹ ਮਨ ਕੇ ਪ੍ਰਸ਼ਾਦ ਤਿਆਰ ਕਰਕੇ ਛਕਾਇਆ ਗਿਆ। ਸੰਤ ਬਹਾਲ ਦਾਸ ਜੀ ਹੋਸ਼ ਵਿੱਚ ਆ ਗਏ।

**ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ॥**

ਭਾਈ ਗੁਰਦਾਸ ਜੀ ਨੇ ਆਪਣੇ ਕਥਿੱਤ ਅੰਦਰ ਦੱਸਿਆ ਹੈ।

**ਅੰਗ ੧੪੮**

**੧. ਚੀਟੀ ਕੇ ਉਦਰ ਬਿਖੈ ਹਸਤੀ ਸਮਾਇ ਕੈਸੇ,**
**ਅਤੁਲ ਪਹਾਰ ਭਾਰ ਭ੍ਰਿੰਗੀ ਨਾ ਉਠਾਵਈ।**
**੨. ਮਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ,**
**ਮਕਰੀ ਨ ਚੀਤੈ ਜੀਤੈ ਸਰਿ ਨ ਪੁਜਾਵਈ॥**
**੩. ਤੁਮਚਰ ਉਚਤ ਨ ਪਹੂਚੈ ਅਕਾਸ ਬਾਸ,**
**ਮੂਸਾ ਤਉ ਨ ਪੈਰਤ ਸਮੁੰਦ੍ਰ ਪਾਰ ਪਾਵਈ॥**
**੪. ਤੈਸੇ ਪ੍ਰਿਅ ਪ੍ਰੇਮ ਨੇਮ ਅਗਮ ਅਗਾਧ ਬੋਧ,**
**ਗੁਰਮੁਖ ਸਾਗਰ ਜਿਉ ਬੂੰਦ ਹੁਇ ਸਮਾਵਈ॥**

ਇਸ ਤਰ੍ਹਾਂ ਹਉਮੈ ਜੀਵ ਨੂੰ ਇਸ ਗੇੜ ਵਿੱਚ ਲਿਆ ਖੜਾ ਕਰਦੀ ਹੈ ਤੇ ਜੀਵਨ ਤੋਂ ਵੀ ਖਤਮ (ਵੰਚਿਤ) ਕਰ ਦਿੰਦੀ ਹੈ।

# ਸੰਤ ਕੇ ਦੋਖੀ ਕਉ ਡਾਨੁ ਲਾਗੈ ॥

**ਅੰਗ ੨੮੦**

ਸਾਧ ਸੰਗਤ ਕਰਨ ਵਾਲਾ ਗੁਰਮੁਖ ਮਹਾਂ ਪੁਰਖਾਂ ਦੀ ਕਰਨੀ ਤੋਂ ਮਨ ਅੰਦਰ ਭੈਅ ਰਖਦਾ ਹੈ ਕਿਉਂਕਿ ਆਸਤਿਕ ਹੋਣ ਕਰਕੇ ਪ੍ਰਭੂ ਦੀ ਚੇਤਨਾ ਕਰਦਾ ਹੈ। ਉਸ ਨੂੰ ਸਾਧ ਸੰਗਤ ਵਿੱਚ ਬੈਠ ਕੇ, ਮਹਾਂ ਪੁਰਖਾਂ ਦੀ ਸ਼ਰਨ ਆ ਕੇ ਉਹਨਾਂ ਦੇ ਪ੍ਰਮਾਨ ਹੋਏ ਬਚਨਾਂ ਨੂੰ ਪ੍ਰਮਾਤਮਾ ਪੱਖੋਂ ਪ੍ਰਤੱਖ ਮਿਲਦੇ ਦੇਖੇ ਹੁੰਦੇ ਹਨ।

**ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ॥**
**ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ॥**

**ਅੰਗ ੭੫੬**

ਇਹ ਪ੍ਰਤੱਖ ਕੌਤਕ ਉਨ੍ਹਾਂ ਦੇ ਮਨ ਨੂੰ ਸੂਖਮ ਕਲੀ ਵਾਂਗ ਕੋਮਲ ਨਿਰਵੈਰ ਤੇ ਨਿਮਰਤਾ ਭਰਿਆ ਬਣਾ ਦਿੰਦੇ ਹਨ। ਇਹੋ ਜਿਹਾ ਪ੍ਰਾਣੀ ਪ੍ਰਮਾਤਮਾ ਰੂਪੀ ਤਨੇ ਦੀਆਂ ਉਹ ਟਾਹਣੀਆ ਜੋ ਮਹਾਂ ਪੁਰਖਾਂ ਦੇ ਰੂਪ ਵਿੱਚ ਹਨ ਉਹਨਾਂ ਦੀ ਸੇਵਾ ਵਿੱਚ ਰਹਿੰਦੇ ਹੋਏ ਬਚਨਾਂ ਤੇ ਫੁੱਲ ਚੜਾਉਂਦੇ ਹੋਏ ਆਪਣਾ ਲੋਕ ਪ੍ਰਲੋਕ ਸਵਾਰ ਲੈਂਦੇ ਹਨ।

ਪਰ ਇਸ ਦੇ ਉਲਟ ਨਾਸਤਿਕ ਪ੍ਰਾਣੀ ਜੋ ਨਿਤਾ ਪ੍ਰਤੀ ਕੁਦਰਤ ਦੇ ਕ੍ਰਿਸਮੇ ਦੇਖ ਕੇ ਵੀ ਪ੍ਰਮਾਤਮਾ ਦੀ ਹੋਂਦ ਨੂੰ ਨਹੀਂ ਮੰਨਦੇ। ਜਿਸ ਨੂੰ ਪ੍ਰਮੇਸ਼ਰ ਨਾਲ ਪਿਆਰ ਨਹੀਂ, ਉਹੋ ਮਹਾਂਪੁਰਖਾਂ ਦੀ ਸੰਗਤ ਤੋਂ ਮਨਮੁਖ ਹੁੰਦਾ ਹੈ। ਮਨੁੱਖ ਜੀਵ ਜੰਤੂ ਬਨਾਸਪਤੀ ਚੰਦ, ਤਾਰੇ, ਧਰਤੀ, ਹਵਾ, ਪਾਣੀ ਆਦਿ ਸਭ ਕੁਝ ਦੀ ਹੋਂਦ ਮਨਮੁੱਖ ਦੀ ਮਲੀਨ ਬੁਧੀ ਦੇ ਘੇਰੇ ਅੰਦਰ ਨਹੀਂ ਆਉਂਦੀ। ਇਹੋ ਜਿਹੇ ਮਨੁੱਖ ਮਹਾਂ ਪੁਰਖਾਂ ਦੀ ਸੰਗਤ ਤੋਂ ਬੇਖਬਰ ਹੁੰਦੇ ਹਨ ਅਤੇ ਮਾਇਆ ਧਨ, ਪੁੱਤਰ, ਸੰਪਤੀ ਨੂੰ ਹੀ ਇਨਸਾਨ ਦਾ ਅਧਾਰ ਸਮਝਦੇ ਹਨ।

**ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥**

**ਅੰਗ ੪੫**

ਮਹਾਂਪੁਰਖਾਂ ਦੇ ਬਚਨ ਤੋਂ ਬੇਖਬਰ ਹੋ ਕੇ ਦੁੱਖਾਂ ਦੇ ਮੰਝਧਾਰ ਵਿੱਚ ਗੋਤੇ ਖਾਣ ਲੱਗਦੇ ਹਨ। ਸੋ ਇਸੇ ਤਰ੍ਹਾਂ ਦਾ ਬਿਰਤਾਂਤ ਕੇਹਰ ਸਿੰਘ ਭੁੱਚੋਂ ਕਲਾਂ ਦੇ ਪਰਿਵਾਰ ਨਾਲ ਵਰਤਿਆ।

ਬਾਬਾ ਜੀ ਮਹਾਰਾਜ ਆਪਣੀ ਕੁਟੀਆਂ ਵਿੱਚ ਆਰਾਮ ਕਰਨ ਤੋਂ ਬਾਅਦ ਸ਼ਾਮ ਨੂੰ ਜਦੋਂ ਬਾਹਰ ਆਏ ਤਾਂ ਕੀ ਦੇਖਦੇ ਹਨ ਕਿ ਸਾਹਮਣੇ ਅੱਗ ਮੱਚ ਰਹੀ ਹੈ। ਪਾਠਕ ਵਿੱਚੋਂ ਪੜ ਚੁੱਕੇ ਹਨ ਕਿ ਬਾਬਾ ਜੀ ਨੇ ਪ੍ਰਣ ਕੀਤਾ ਸੀ ਕਿ "ਜਦ ਤਕ ਸਰੀਰ ਵਿੱਚ ਰਹਾਂਗੇ ਅੱਗ ਮੱਥੇ ਨਹੀਂ ਲਾਵਾਂਗੇ।" ਮਹਾਰਾਜ ਨੇ ਸੇਵਕ ਨੂੰ ਹੁਕਮ ਕੀਤਾ ਕਿ ਦੇਖੋ ਉਹ ਅੱਗ ਬਲ ਰਹੀ ਏ। ਉਸ ਨੂੰ ਪਾਣੀ ਨਾਲ ਬੁਝਾ ਕੇ ਆਉ। ਸੇਵਕ ਸਤਿ ਬਚਨ ਕਹਿ ਕੇ ਇੱਕ ਘੜਾ ਲੈ ਕੇ ਅੱਗ ਬੁਝਾਉਣ ਲਈ ਚੱਲ ਪਿਆ। ਜਦੋਂ ਨੇੜੇ ਪਹੁੰਚਿਆ ਤਾਂ ਦੇਖਿਆ ਕਿ ਇੱਕ ਸਿਵਾ ਜਲ ਰਿਹਾ ਹੈ। ਉਸ ਨੇ ਹੁਕਮ ਅਨੁਸਾਰ ਪਾਣੀ ਲਿਆ ਕੇ ਅੱਗ ਬੁਝਾਉਣੀ ਸ਼ੁਰੂ ਕਰ ਦਿੱਤੀ। ਕਈ ਘੜੇ ਪਾਣੀ ਦੇ ਪਾ ਕੇ ਅੱਗ ਬੁਝਾ ਦਿੱਤੀ ਰਾਤ ਲੰਘ ਗਈ ਅਗਲੀ ਸਵੇਰ ਹੋਣ ਤੇ ਕੇਹਰ ਸਿੰਘ ਦੇ ਬਜ਼ੁਰਗ ਸਿਵਾ ਦੇਖਣ ਆਏ ਤਾਂ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਸਿਵਾ ਕਿਸੇ ਨੇ ਬੁਝਾ ਦਿੱਤਾ ਹੈ। ਉਸੇ ਸ਼ਾਮ ਨੂੰ ਹੋਰ ਲੱਕੜਾ ਪਾ ਕੇ ਸਿਵਾ ਦੁਬਾਰਾ ਜਲਾ ਦਿੱਤਾ ਅਤੇ ਦੋ ਆਦਮੀ ਉਸ ਦੀ ਨਿਗਰਾਨੀ ਲਈ ਸਿਵੇ ਕੋਲ ਬੈਠ ਗਏ। ਰਾਤ ਹੋਣ ਤੇ ਬਾਬਾ ਜੀ ਕੁਟੀਆ ਤੋਂ ਬਾਹਰ ਆਏ ਤਾਂ ਅੱਗ ਦੇਖ ਕੇ ਫਿਰ ਸੇਵਕ ਨੂੰ ਹੁਕਮ ਕੀਤਾ "ਅੱਗ ਫਿਰ ਬਲ ਰਹੀ ਹੈ ਇਸ ਨੂੰ ਬੁਝਾ ਕੇ ਆਉ ਹੁਕਮ ਅਨੁਸਾਰ ਸੇਵਕ ਘੜਾ ਲੈ ਕੇ ਅੱਗ ਬੁਝਾਉਣ ਲਈ ਤੁਰ ਪਿਆ। ਪਾਣੀ ਦਾ ਘੜਾ ਲੈ ਕੇ ਜਦੋਂ ਅੱਗੇ ਗਿਆ ਤਾਂ ਨਿਗਰਾਨੀ ਵਾਲੇ ਬੰਦਿਆਂ ਨੇ ਰੋਕਿਆ। ਸੇਵਕ ਨੇ ਬਾਬਾ ਜੀ ਦਾ ਇਲਾਹੀ ਹੁਕਮ ਸੁਣਾ ਦਿੱਤਾ। ਉਨ੍ਹਾਂ ਨੇ ਇਹ ਬਚਨ ਘਰ ਜਾ ਕੇ ਦੱਸਿਆ ਉਹ ਚਾਰ ਆਦਮੀ ਨਾਲ ਲੈ ਕੇ ਆਏ ਤੇ ਕਿਹਾ" ਕਿ ਮਹਾਰਾਜ ਅਸੀਂ ਸਿਵੇ ਕਿਥੇ ਬਣਾਈਏ, ਤੁਸੀਂ ਤਾਂ ਫੂਕਣ ਵੀ ਨਹੀਂ ਦਿੰਦੇ।

**ਹਰਿ ਭਗਤਾ ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ ॥**

**ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈਂ ਦੀਏ ਰੁੜਾਈ ॥**

**ਅੰਗ ੧੨੩੫**

ਇਹ ਸੁਣ ਕੇ ਬਾਬਾ ਜੀ ਨੇ ਸਹਿਜੇ ਹੀ ਬਚਨ ਕਰ ਦਿੱਤਾ, "ਕਿ ਤੁਸੀਂ ਮੁਰਦੇ ਫੂਕ ਕੇ ਚਾਅ ਲਾਹ ਲਵੋ।"

**ਸਾਧ ਬਚਨ ਅਟਲਾਧਾ॥**

ਬਚਨ ਮਹਾਂਪੁਰਖਾਂ ਦੀ ਕਰੋਪੀ ਦਾ ਹੋਵੇ ਭਾਵੇਂ ਖੁਸ਼ੀ ਦਾ ਉਹ ਅਟੱਲ ਹੈ। ਕੁਝ ਹੀ ਦਿਨਾਂ ਬਾਅਦ ਇਸੇ ਹੀ ਘਰ ਦਾ ਇੱਕ ਹੋਰ ਮੈਂਬਰ ਮਰ ਗਿਆ ਤੇ ਕੁਝ ਦਿਨਾਂ ਬਾਅਦ ਇੱਕ ਹੋਰ। ਇਸੇ ਘਰ ਦੇ ਪੰਜ ਮੈਂਬਰ ਥੋੜੇ ਹੀ ਦਿਨਾਂ ਵਿੱਚ ਰੱਬ ਨੂੰ ਪਿਆਰੇ ਹੋ ਗਏ।

**ਇਕ ਚਲੇ ਇਕ ਚਲ ਗਏ। ਰਹਿੰਦੇ ਭੀ ਫੁਨਜਾਏ॥**

ਫਿਰ ਸਮਝ ਆਈ ਕਿ ਬਾਬਾ ਜੀ ਦੇ ਬਚਨ ਦੀ ਨਿਰਾਦਰੀ ਕਰਕੇ ਹੀ ਇਹ ਸਜਾ ਮਿਲ ਰਹੀ ਹੈ। ਘਰ ਦੇ ਬੱਚੇ ਮੈਂਬਰ ਕੁਝ ਗੁਆਂਢੀਆਂ ਨੂੰ ਨਾਲ ਲੈ ਕੇ ਬਾਬਾ ਜੀ ਪਾਸ ਪਹੁੰਚੇ। ਟਿੱਲੇ ਉੱਪਰ ਪਹੁੰਚ ਕੇ ਰੋ ਕੇ ਵਿਥਿਆ ਸੁਣਾਉਣ ਲੱਗੇ ਤਾਂ ਮੁਆਫੀ ਮੰਗਣ ਲੱਗੇ। ਮਹਾਂਪੁਰਖ ਕੋਮਲ ਚਿੱਤ ਹੁੰਦੇ ਹਨ। ਰਹਿਮਤ ਦੇ ਘਰ ਆਉਣ ਤਾਂ ਬਖਸ਼ਣ ਲੱਗੇ ਦੇਰ ਨਹੀਂ ਲਾਉਂਦੇ ਤੇ ਬਚਨ ਕੀਤਾ ਕਿ "ਜੋ ਹੋਣਾ ਸੀ ਹੋ ਗਿਆ ਅੱਗੇ ਤੋਂ ਸੁੱਖ ਸ਼ਾਂਤੀ ਰਹੇਗੀ ਅਤੇ ਕੋਈ ਵੀ ਤੁਹਾਡਾ ਇਸ ਤਰ੍ਹਾਂ ਨਹੀਂ ਮਰੇਗਾ।"

**ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥**

**ਨਾਨਕ ਸੰਤ ਭਾਵੈ ਤਾ ਲਏ ਉਬਾਰਿ॥**

**ਅੰਗ ੨੮੦**

ਆਪਣਾ ਪਰਿਵਾਰ ਬਚਾ ਲਿਆ ਇਸ ਤੋਂ ਬਾਅਦ ਇਸ ਪੱਤੀ ਦੇ ਲੋਕਾਂ ਨੇ ਆਪਣੇ ਸਿਵੇ ਬਾਬਾ ਜੀ ਦੇ ਡੇਰੇ ਤੋਂ ਦੂਰ ਬਣਾ ਲਏ। ਇਨ੍ਹਾਂ ਵਿੱਚੋਂ ਇੱਕ ਕੇਹਰ ਸਿੰਘ ਦਾ ਪਰਿਵਾਰ ਹੈ ਜਿਹੜਾ ਇਸੇ ਪਿੰਡ ਵਿੱਚ ਗਿੱਲ ਪੱਤੀ ਵਿੱਚ ਮੌਜੂਦ ਹੈ।

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

**ਅੰਗ ੫੪੪**

# ਸਤਿਗੁਰੁ ਸਿਖ ਕੇ ਬੰਧਨ ਕਾਟੈ॥

**ਅੰਗ ੨੮੬**

ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਇਨਸਾਨ ਦਾ ਘੇਰਾ ਬਹੁਤ ਸੋੜਾ ਹੁੰਦਾ ਹੈ। ਮਹਾਂਪੁਰਖ ਇੱਕ ਵਿਸ਼ਾਲ ਸਾਗਰ ਦੀ ਨਿਆਈ ਹੁੰਦੇ ਹੋਏ ਵੀ ਇਨਸਾਨੀ ਬੁੰਦ ਨੂੰ ਨਾਮ ਰੂਪੀ ਸਿੱਪ ਦੇ ਮੂੰਹ ਵਿੱਚ ਪਾ ਕੇ ਲਾਲ ਬਣਾ ਦਿੰਦੇ ਹਨ। ਉਸ ਦੇ ਦੁੱਖ ਸੁਖ ਵਿੱਚ ਆਪ ਸਹਾਈ ਹੁੰਦੇ ਹਨ। ਉਸ ਦੇ ਆਉਣ ਵਾਲੇ ਭਵਿੱਖ ਬਾਰੇ ਸੁਚੇਤ ਕਰ ਦਿੰਦੇ ਹਨ।

ਸੋਹਣ ਸਿੰਘ ਨੇ ਬਾਬਾ ਜੀ ਦੇ ਰੂੰਮੀ ਰਹਿਣ ਸਮੇਂ ਅਣਥੱਕ ਸੇਵਾ ਕੀਤੀ ਜਦੋਂ ਇਥੇ ਭੁੱਚੋ ਕਲਾਂ ਆ ਗਏ ਸੇਵਾ ਉਸ ਤਰ੍ਹਾਂ ਹੀ ਨਿਭਾਈ। ਰਾਤ ਦੇ ਸਮੇਂ ਬਾਬਾ ਜੀ ਨੇ ਇਸ ਦੇ ਪਰਿਵਾਰ ਦੇ ਇੱਕ ਆਦਮੀ ਨੂੰ ਪਹਿਰੇ ਲਾਉਣਾ। ਪਹਿਰਾ ਕੀ ਸੀ ਕਿ ਰਾਤ ਸ਼ੁਰੂ ਹੁੰਦੇ ਹੀ ਸੇਵਕ ਡੇਰੇ ਅੰਦਰ ਆ ਜਾਣ ਅਤੇ ਬਾਬਾ ਜੀ ਜਿਸ ਜਗ੍ਹਾਂ ਪੈਣ ਲਈ ਹੁਕਮ ਦਿੰਦੇ ਉਥੇ ਜਾ ਕੇ ਸੌਂ ਜਾਣਾ ਸਵੇਰੇ ਆਗਿਆ ਲੈ ਕੇ ਘਰ ਚਲੇ ਜਾਣਾ। ਪਹਿਰਾ ਦੇਣ ਵਾਲੇ ਨੂੰ ਬਾਬਾ ਜੀ ਆਪਣੀ ਪ੍ਰਬਲ ਕਮਾਈ ਤੇ ਮੇਹਰ ਸਦਕਾ ਕਈ ਤਰ੍ਹਾਂ ਦੇ ਗੁਪਤ ਬ੍ਰਿਤਾਂਤ ਦਿਖਾ ਦਿੰਦੇ, ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਇਤਿਹਾਸ ਗਵਾਹੀ ਦਿੰਦਾ ਹੈ। ਆਪ ਆਪਣੇ ਜਨਮ ਅਸਥਾਨ ਤਲਵੰਡੀ ਬਿਰਾਜੇ ਹੋਏ ਸਨ। ਹਜ਼ੂਰ ਛੋਟੀ ਅਵਸਥਾ ਵਿੱਚ ਹੋਣ ਕਰਕੇ ਨੀਂਦ ਸਦਕਾ ਸਰੀਰਕ ਅਰਾਮ ਵਿੱਚ ਸਨ। ਮਾਤਾ ਜੀ ਨੇ ਪ੍ਰਸ਼ਾਦ ਤਿਆਰ ਕਰਕੇ ਨੌਕਰਾਨੀ ਨੂੰ ਹੁਕਮ ਦਿੱਤਾ "ਜਾ ਕੇ ਲਾਲ ਜੀ ਨੂੰ ਜਗਾ ਦਿਓ, ਕਹੋ ਕਿ ਪ੍ਰਸ਼ਾਦ ਛੱਕ ਲੈਣ।" ਨੌਕਰਾਨੀ ਅੰਦਰ ਗਈ ਪਾਤਸ਼ਾਹ ਦੇ ਚਿਹਰੇ ਦਾ ਦਰਸ਼ਨ ਕੀਤਾ ਤਾਂ ਮਨ ਪ੍ਰਭਾਵਿਤ ਹੋਇਆ ਤੇ ਜਗਾਉਣ ਦੀ ਹਿੰਮਤ ਚਲੀ ਗਈ। ਕਿੰਨੀ ਦੇਰ ਅਡੋਲ ਖੜੀ ਰਹੀ। ਜਦੋਂ ਅੰਦਰੋਂ ਕੋਈ ਅਵਾਜ਼ ਨਾ ਆਈ ਮਾਤਾ ਜੀ ਨੇ ਫਿਰ ਅਵਾਜ਼ ਦਿੱਤੀ "ਤੁਲਸਾਂ ਇਤਨੀ ਦੇਰ ਕਿਉਂ ਲਾ ਦਿੱਤੀ ਲਾਲ ਜੀ ਨੂੰ ਜਗ੍ਹਾਂ ਦੇ।" ਉਸ ਦੇ ਅਵਾਜ਼ ਦੇਣ ਦੀ ਬਜਾਏ ਅਦਬ, ਸਤਿਕਾਰ ਸਹਿਤ ਜਗਾਉਣ ਲਈ ਵਿਉਂਤ ਬਣਾਈ

ਉਸ ਨੇ ਚਰਨਾਂ ਵੱਲ ਹੋ ਕੇ ਆਪਣੀ ਜ਼ਬਾਨ ਸਤਿਗੁਰੂ ਦੇ ਚਰਨਾਂ ਨਾਲ ਛੁਹਾਈ। ਜਬਾਨ ਰਾਹੀਂ ਚਰਨ ਛੋਹ ਮਿਲਣ ਦੀ ਦੇਰ ਹੀ ਸੀ ਕਿ ਗੁਪਤ ਬ੍ਰਿਤਾਂਤ ਜੋ ਹਜ਼ੂਰ ਵਰਤਾ ਰਹੇ ਸਨ ਪ੍ਰਤੱਖ ਹੋ ਨਿਬੜਿਆ। ਸਭ ਮਨ ਦੇ ਭੁਲੇਖੇ ਦੇ ਪਰਦੇ ਦੂਰ ਹੋ ਗਏ ਪ੍ਰਤੱਖ ਦ੍ਰਿਸ਼ਟਾਂਤ ਸਾਹਮਣੇ ਦਿਖਾਈ ਦੇ ਰਿਹਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਇੱਕ ਸਿੱਖ ਦੀ ਅਰਦਾਸ ਪ੍ਰਵਾਨ ਕਰਕੇ ਉਸ ਦੀ ਆਸ਼ਾ ਪੂਰੀ ਕਰ ਰਹੇ ਹਨ। ਇਹ ਦੇਖ ਕੇ ਤੁਲਸਾਂ ਮੁੜ ਆਈ ਮਾਤਾ ਜੀ ਨੂੰ ਕਹਿਣ ਲੱਗੀ "ਮਾਤਾ ਜੀ ਲਾਲ ਜੀ ਤਾਂ ਇੱਕ ਸਿੱਖ ਦਾ ਜ਼ਹਾਜ ਪਾਰ ਲਾ ਰਹੇ ਹਨ, ਮੇਰਾ ਉਹਨਾਂ ਨੂੰ ਜਗਾਉਣ ਨੂੰ ਦਿਲ ਨਹੀਂ ਕੀਤਾ।

ਮਾਂ ਤ੍ਰਿਪਤਾ ਗੁੱਸੇ ਵਿੱਚ ਆ ਕੇ ਖੜੇ ਹੋ ਗਏ ਤੇ ਆਪ ਸਤਿਗੁਰਾਂ ਨੂੰ ਉਠਾਂ ਕੇ ਚੌਂਕੇ ਉਪਰ ਲੈ ਆਏ। ਆਪ ਪ੍ਰਸ਼ਾਦ ਛੱਕ ਰਹੇ ਸਨ ਤਾਂ ਮਾਂ ਨੇ ਨੌਕਰਾਣੀ ਤੋਂ ਸੁਣੀ ਹੋਈ ਗੱਲ ਦਾ ਜ਼ਿਕਰ ਛੇੜਿਆ ਮਾਂ ਮਨ ਭਰ ਕੇ ਬੋਲੀ "ਬੇਟਾ ਸਾਨੂੰ ਸਰੀਕਾਂ ਤਾਂ ਤਾਹਨੇ ਮਾਰਨੇ ਹਨ ਘਰ ਦੇ ਨੌਕਰ ਵੀ ਮਸਖਰੀਆਂ ਕਰਦੇ ਹਨ।" ਸਤਿਗੁਰਾਂ ਇਹ ਕਹਿ ਟਾਲ ਮਟੋਲ ਕਰ ਦਿੱਤੀ "ਮਾਂ ਇਹ ਨੌਕਰਾਣੀ ਝੱਲੀ ਹੈ।"

ਜਗਤ ਨੂੰ ਪਾਲਣਹਾਰ ਰਸੋਈ ਵਿੱਚੋਂ ਬਾਹਰ ਆਏ ਅੱਗੇ ਬੀਬੀ ਨਾਨਕੀ ਜੀ ਖੜੇ ਸਨ। ਭੈਣ ਨੇ ਬੇਨਤੀ ਕੀਤੀ "ਵੀਰਾ ਇਹ ਨੌਕਰਾਣੀ ਤੋਂ ਕੀ ਭੁੱਲ ਹੋਈ ਜੋ ਇਹ ਬਾਕੀ ਦੀ ਜ਼ਿੰਦਗੀ ਤੁਹਾਡੇ ਬਚਨਾਂ ਅਨੁਸਾਰ ਝੱਲੀ ਰਹੇਗੀ। ਸਤਿਗੁਰਾਂ ਬਚਨ ਕੀਤਾ "ਨਹੀਂ ਬੇਬੇ ਇਹ ਦੁਨੀਆਂ ਵਲੋਂ ਹੀ ਝੱਲੀ ਹੋਵੇਗੀ ਪਰ ਜੋ ਕੁਝ ਇਸਨੇ ਪ੍ਰਾਪਤ ਕੀਤਾ ਹੈ, ਉਸਨੂੰ ਆਪਣੇ ਆਪ ਵਿੱਚ ਸਮਾਅ ਕੇ ਰੱਖੇਗੀ।"

ਅੰਮ੍ਰਿਤ ਵੇਲਾ ਹੋਇਆ ਸਾਰੀ ਸੰਗਤ ਜੋ ਪਹਿਰਾ ਦੇ ਰਹੀ ਸੀ। ਹਜ਼ੂਰ ਬਾਬਾ ਮਹਾਂਹਰਨਾਮ ਸਿੰਘ ਜੀ ਪਾਸੋਂ ਆਗਿਆ ਲੈਣ ਲਈ ਗਏ ਜਗਤਾ ਸਿੰਘ ਜੋ ਕਿ ਸੋਹਣ ਸਿੰਘ ਦਾ ਲੜਕਾ ਸੀ ਆਗਿਆ ਲੈ ਕੇ ਘਰ ਗਿਆ। ਰਾਤ ਦੇ ਹਨੇਰੇ ਵਿੱਚ ਜੋ ਉਸ ਨੇ ਦ੍ਰਿਸ਼ਟਾਂਤ ਦੇਖਿਆ ਸੀ ਆਪਣੇ ਪਿਤਾ ਕੋਲ ਕਹਿਣ ਲੱਗਾ "ਇਕ ਰੇਲ ਦੇ ਇੰਜਨ ਵਰਗੀ ਹਮਸ਼ਕਲ ਕੋਈ ਚੀਜ਼ ਖੇਤਾਂ ਵਿੱਚ ਦੀ ਸਿੱਧੀ ਹੀ ਜਾ ਰਹੀ ਸੀ। ਉਸ ਦੇ ਸਵਾਰ ਬੜੇ ਹੀ ਕਰੂਪ ਤੇ ਭੈ ਵਾਲੇ ਸਨ। ਉਹ ਬੈਠੇ ਸਨ ਅਤੇ ਚਲਦੇ ਹੋਏ ਇੰਜਨ ਵਿੱਚੋਂ ਹੀ ਆਪਣੇ

ਆਪ ਜ਼ਮੀਨ ਤੇ ਆ ਰਹੇ ਸਨ। ਮੈਂ ਡਰ ਦੇ ਨਾਲ ਸਹਿਮ ਗਿਆ ਸੀ।" ਸੋਹਣ ਸਿੰਘ ਨੇ ਕੁਝ ਬੁਧੀਮਾਨ ਪੁਰਸ਼ਾਂ ਕੋਲ ਇਹ ਪ੍ਰਤੱਖ ਚਮਤਕਾਰ ਦੀ ਚਰਚਾ ਕੀਤੀ ਸਿਆਣੇ ਪੁਰਸ਼ਾ ਨੇ ਕਿਹਾ "ਕਿ ਦ੍ਰਿਸ਼ਟਾਂਤ ਤਾਂ ਮਾੜਾ ਹੀ ਹੈ ਪਰ ਸੋਹਣ ਸਿੰਘ ਸੰਤਾਂ ਤੋਂ ਪੁੱਛ ਕੇ ਦੇਖ ਲੈਂਦੇ ਹਾਂ। ਮਹਾਂਪੁਰਖ ਹੀ ਇਹੋ ਜਿਹੇ ਸ਼ੰਕੇ ਦੂਰ ਕਰ ਸਕਦੇ ਹਨ।

ਜਿਵੇਂ ਕਥਨ ਹੈ -

**ਸੰਸਾਂ ਦਿਲੋਂ ਨਾ ਜਾਏ ਮਿਲੇ ਫਕੀਰ ਦੇ॥**
**ਮਿਤਰ ਕੰਮ ਨਾ ਆਇ ਵੇਲੇ ਭੀੜ ਦੇ॥**
**ਦਲਿਦ੍ਰ ਨਾ ਹੋਵੈ ਦੂਰ ਮਿਲੇ ਅਮੀਰ ਦੇ॥**
**ਤਿੰਨੇ ਦੇਈਏ ਰੋੜ ਵਿਚ ਵਗਦੇ ਨੀਰ ਦੇ॥**

ਅਗਲੇ ਦਿਨ ਜਗਤਾ ਸਿੰਘ ਇਕੱਲਾ ਹੀ ਬਾਬਾ ਜੀ ਪਾਸੋਂ ਇਸ ਬੀਤ ਗਈ ਰਾਤ ਦੇ ਦ੍ਰਿਸ਼ਟਾਂਤ ਬਾਰੇ ਪੁੱਛਣ ਲੱਗਾ, "ਹਜ਼ੂਰ ਇਸ ਕੌਤਕ ਦੀ ਮੈਨੂੰ ਸਮਝ ਨਹੀਂ ਲੱਗੀ।

ਪਤਿੱਤ ਪਾਵਨ ਹਜ਼ੂਰ ਨੇ ਫੁਰਮਾਇਆ, "ਜਗਤਾ ਸਿੰਘ ਅੱਜ ਪਹਿਰੇ ਤੇ ਆ ਜਾਵੀਂ। ਰਾਤ ਨੂੰ ਸਭ ਪ੍ਰਤੱਖ ਦੇਖ ਲਵੀਂ।"

ਬਚਨ ਦੀ ਪਾਲਨਾ ਹੋਈ ਜਗਤ ਸਿੰਘ ਪਹਿਰੇ ਪੈਣ ਆ ਗਿਆ। ਹੁਕਮ ਅਨੁਸਾਰ ਪਹਿਰੇ ਵਾਲੀ ਥਾਂ ਜਾ ਕੇ ਪੈ ਗਿਆ। ਕੁਝ ਰਾਤ ਲੰਘਣ ਤੋਂ ਬਾਅਦ ਜਗਤ ਸਿੰਘ ਪ੍ਰਤੱਖ ਦੇਖ ਰਿਹਾ ਹੈ। ਓਡਾਂ ਵਰਗੀਆਂ ਸਿਰਕੀਆਂ ਦੀਆਂ ਝੌਂਪੜੀਆਂ (ਪੱਖਾਈ) ਲੱਗੀਆਂ ਹੋਈਆਂ ਹਨ। ਉਨ੍ਹਾਂ ਵਿੱਚੋਂ ਉਹੀ ਸ਼ਕਲ ਦੇ ਭੈ ਭੀਤ ਕਰਨ ਵਾਲੇ ਬਹੁਰੂਪਿਏ ਨਿਕਲ ਰਹੇ ਹਨ ਜੋ ਕਲ੍ਹ ਰਾਤ ਇੰਜਨ ਵਰਗੀ ਚੀਜ਼ ਵਿੱਚ ਦੇਖੇ ਸਨ। ਡੇਰੇ ਅਤੇ ਪਿੰਡ ਦੇ ਚੁਫੇਰੇ ਇੱਕ ਸਿਰਕੀ ਭੁੱਚੋ ਮੰਡੀ ਵਾਲੇ ਪਾਸੇ, ਇੱਕ ਸਕੂਲ ਵਾਲੇ ਪਾਸੇ ਸੁਨਿਆਰੀ ਵਾਲੇ ਟਿੱਬੇ ਉਪਰ, ਇੱਕ ਮਲੇਸ਼ਾਂ ਵਾਲੇ ਪਾਸੇ ਦੀ ਜਗ੍ਹਾ ਤੇ। ਜੋ ਪਹਿਲਾਂ ਸੁਪਨੇ ਵਿੱਚ ਦੇਖਿਆ ਸੀ ਪਰ ਹੁਣ ਪ੍ਰਤੱਖ ਦੇਖ ਰਿਹਾ ਸੀ। ਇਹ ਸਭ ਕੁਝ ਦੇਖ ਹੀ ਰਿਹਾ ਸੀ ਕਿ ਬਾਬਾ ਜੀ ਟਿੱਲੇ ਵਾਲੇ ਕੋਠੇ ਵਿੱਚੋਂ ਬਾਹਰ ਆ ਕੇ ਦੇਖਦੇ ਹਨ ਕਿ ਜਗਤ ਸਿੰਘ ਬੈਠਾ ਹੈ। ਹਜ਼ੂਰ ਨੇ ਅਵਾਜ਼ ਦਿੱਤੀ, "ਜਗਤ ਸਿੰਘ ਬੈਠਾ ਹੈ ਨੀਂਦ

ਨਹੀਂ ਆ ਰਹੀ।"

"ਪਾਤਸ਼ਾਹ ਜੋ ਕੁਝ ਕੱਲ੍ਹ ਸੁਪਨੇ ਵਿੱਚ ਦੇਖਿਆ ਸੀ ਅੱਜ ਪ੍ਰਤੱਖ ਦੇਖ ਰਿਹਾ ਹਾਂ। ਹਨ੍ਹੇਰੀ ਰਾਤ ਵਿੱਚ ਵੀ ਮੈਨੂੰ ਇਹ ਸਭ ਕੁਝ ਦੂਰ ਤੱਕ ਦਿਖਾਈ ਦੇ ਰਿਹਾ ਹੈ।" ਜਗਤ ਸਿੰਘ ਨੇ ਬੇਨਤੀ ਕੀਤੀ।

ਬਾਬਾ ਜੀ ਨੇ ਬਚਨ ਕੀਤਾ, "ਜਗਤ ਸਿੰਘ ਤੇਰੀ ਦ੍ਰਿਸ਼ਟੀ ਬਦਲੀ ਹੈ ਮਨ ਦਾ ਕਪਾਟ ਖੋਲ ਦਿੱਤਾ ਹੈ। ਮਨ ਦੀ ਸੋਚ ਅੱਗੇ ਦਿਨ ਰਾਤ ਇੱਕ ਸਮਾਨ ਹਨ। ਇਸ ਨੂੰ ਅੰਧੇਰਾ, ਉਜਾਲਾ ਇਕੋ ਹੀ ਹੈ। ਅੰਧੇਰਾ ਇਸ ਦੀ ਗਤੀ ਨੂੰ ਰੋਕਦਾ ਨਹੀਂ ਤੇ ਉਜਾਲਾ ਇਸ ਨੂੰ ਤੇਜ ਨਹੀਂ ਕਰਦਾ। ਜਿਹੜੇ ਭੈ ਭੀਤ ਕਰਨ ਵਾਲੇ ਕਰੂਪ ਦਿੱਸਦੇ ਹਨ। ਇਹ ਜਮਦੂਤ ਹਨ, ਇਹ ਇੰਜਨ ਕਾਲ ਦਾ ਰੂਪ ਹੈ। ਇਹ ਬੀਮਾਰੀ ਦਾ ਸੰਦੇਸ਼ ਲੈ ਕੇ ਆਏ ਹਨ, ਹੁਣ ਬੀਮਾਰੀ ਪਵੇਗੀ ਅਤੇ ਅਨੇਕਾਂ ਜਾਨਾਂ ਇਸ ਦੀ ਬਲੀ ਚੜ੍ਹ ਜਾਣਗੀਆ।"

ਜਗਤ ਸਿੰਘ ਕੁਝ ਘਬਰਾਹਟ ਵਿੱਚੋਂ ਬੋਲਿਆ "ਮਹਾਰਾਜ! ਪਹਿਲਾਂ ਦੱਸ ਦਿੰਦੇ ਤਾਂ ਬਾਹਰ ਝੁੱਗੀਆਂ ਬਣਾ ਲੈਂਦੇ।"

ਹਜੂਰ ਨੇ ਉਸ ਦੀ ਘਬਰਾਹਟ ਦੇਖਦੇ ਹੋਏ ਫੁਰਮਾਇਆ, "ਜਗਤ ਸਿੰਘ ਡਰਨਾ ਨਹੀਂ, ਇਹ ਵੀ ਕਿਸੇ ਦੇ ਹੁਕਮ ਵਿੱਚ ਹਨ। ਆਪਣੀ ਮਨ-ਮਰਜ਼ੀ ਨਹੀਂ ਕਰ ਸਕਦੇ। ਸਵੇਰੇ ਚਾਰ ਵਜੇ ਤੋਂ ਅੱਧੇ ਘੰਟੇ ਤੱਕ ਇਨ੍ਹਾਂ ਨੂੰ ਇਜ਼ਾਜਤ ਮਿਲਿਆ ਕਰੇਗੀ। ਕਿਲ੍ਹੇ ਦੇ ਕੋਲ ਖੂਹ ਦੇ ਅਗਲੇ ਪਾਸੇ ਨੁਕਸਾਨ ਕਰਨਗੇ ਤੁਹਾਡਾ ਵਾਲ ਵਿੰਗਾ ਨਹੀਂ ਹੋਏਗਾ।

**ਵਿਚਿ ਕਰਤਾ ਪੁਰਖੁ ਖਲੋਆ। ਵਾਲੁ ਨ ਵਿੰਗਾ ਹੋਆ।**

**ਸੋਰਠਿ ਮ: ੫, ਅੰਗ ੬੨੩**

ਪਹਿਰਾ ਪੂਰਾ ਕਰਨ ਉਪਰੰਤ ਜਗਤਾ ਸਿੰਘ ਘਰ ਆਇਆ। ਜਿੰਨ੍ਹਾਂ ਨਾਲ ਸਲਾਹ ਕਰਕੇ ਬਾਬਾ ਜੀ ਪਾਸੋਂ ਕੌਤਕ ਬਾਰੇ ਪੁੱਛਿਆ ਸੀ। ਉਨ੍ਹਾਂ ਨੂੰ ਵੀ ਸੁਚੇਤ ਕਰ ਦਿੱਤਾ। ਅਗਲੇ ਦਿਨ ਹੀ ਬਠਿੰਡੇ ਵੱਲੋਂ ਖਬਰ ਆਈ ਕਿ ਚੂਹੇ ਮਰੇ ਬਾਹਰ ਪਏ ਹਨ ਬੀਮਾਰੀ ਪਵੇਗੀ। ਪਲੇਗ ਦੀ ਬੀਮਾਰੀ ਪਈ। ਬਾਬਾ ਜੀ ਨੇ ਆਪਣੇ ਸੇਵਕਾਂ ਨੂੰ ਪ੍ਰਤੱਖ ਦਿਖਾ ਵੀ ਦਿੱਤਾ ਤੇ ਰਖਿਆ ਵੀ ਕੀਤੀ।

(ਇਹ ਬਚਨ ਬਾਬਾ ਸੋਹਣ ਸਿੰਘ ਜੀ ਦੇ ਪਰਿਵਾਰ ਵਿੱਚੋਂ ਮਿਲਿਆ)

# ਆਪਹਿ ਮੇਲਿ ਲਏ।

**ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ॥੧॥**

**ਅੰਗ ੮੨੯**

ਸਮੇਂ ਮੁਤਾਬਕ ਹਰ ਇੱਕ ਇਨਸਾਨ ਮਾਨਸਿਕ ਜਾਂ ਸਰੀਰਕ ਜਕੜ ਮਹਿਸੂਸ ਕਰਦਾ ਹੋਇਆ ਦੁਖ ਦੀ ਪੀੜਾ ਨਾਲ ਕੁਰਲਾਂਦਾ ਹੈ। ਸਾਡੇ ਵਿੱਚ ਸਬਰ, ਸਹਿਨਸ਼ੀਲਤਾ ਅਤੇ ਤਿਆਗ ਦੀ ਬਹੁਤ ਜ਼ਿਆਦਾ ਘਾਟ ਹੈ। ਇਹੋ ਜਿਹੇ ਦੁੱਖਾਂ ਤੋਂ ਛੁਟਕਾਰਾ ਪਾ ਕੇ ਧਰਮ ਦੀ ਪ੍ਰਾਪਤੀ ਹੁੰਦੀ ਹੈ, ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ। ਇਹ ਛੁਟਕਾਰਾ ਮਹਾਂਪੁਰਖਾਂ ਦੀ ਸੰਗਤ ਕਰਨ ਨਾਲ, ਉਨ੍ਹਾਂ ਦੀ ਸ਼ਰਨ ਆਉਣ ਨਾਲ ਮਿਲਦਾ ਹੈ। ਹਰ ਚੀਜ਼ ਦਾ ਅਧਾਰ ਹੁੰਦਾ ਹੈ। ਪਵਨ ਹਿਰਦੇ ਦਾ ਅਧਾਰ ਨਹੀਂ ਬਣ ਸਕਦੀ, ਧੂੰਏ ਨੂੰ ਫੜ ਕੇ ਅੱਗ ਵਿੱਚੋਂ ਬਾਹਰ ਨਹੀਂ ਨਿਕਾਲਿਆ ਜਾ ਸਕਦਾ, ਸਮੁੰਦਰ ਵਿੱਚ ਡੁੱਬਦੇ ਨੂੰ ਝੱਗ ਸਹਾਰਾ ਨਹੀਂ ਦਿੰਦੀ। ਮਨੁੱਖ ਦਾ ਅਧਾਰ ਤੇ ਆਸਰਾ ਭਗਵਾਨ ਹੈ ਉਸ ਦੀ ਓਟ ਨਾਲ ਜੀਵਨ ਸ਼ੈਲੀ ਚਲਦੀ ਹੈ। ਇਨਸਾਨੀ ਹਸਤੀ ਉਸ ਪ੍ਰਮੇਸ਼ਰ ਦੀ ਬੁਨਿਆਦ ਤੇ ਖੜੀ ਹੈ ਪ੍ਰਭੂ ਦੀ ਓਟ ਤੇ ਖੜੀ ਹੈ ਅਤੇ ਪ੍ਰਮੇਸ਼ਰ ਨਾਲ ਜੋੜਦੇ ਹਨ ਮਹਾਂਪੁਰਖ। ਜਦੋਂ ਦੁਖੀਆਂ ਨਿਮਾਣਾ ਹੋ ਕੇ ਸ਼ਰਨ ਆਉਂਦਾ ਹੈ ਤਾਂ ਉਸ ਦਾ ਦੁੱਖ ਨਿਵਾਰ ਦਿੰਦੇ ਹਨ। ਇਹ ਮਹਾਂਪੁਰਖਾਂ ਦੀ ਵਡਿਆਈ ਹੈ। ਬਾਣੀ ਵਿੱਚ ਸਤਿਗੁਰਾਂ ਨੇ ਸੰਤਾਂ ਦੀ ਮਹਾਂਪੁਰਖਾਂ ਦੀ ਵਡਿਆਈ ਕਰਦੇ ਹੋਏ ਫੁਰਮਾਇਆ –

**ਸੂਰਬੀਰ ਬਚਨ ਕੇ ਬਲੀ॥**

**ਆਸਾ ਮ: ਅੰਗ ੩੯੨**

ਜਿਸ ਦਾ ਭਾਵ ਮਹਾਂਪੁਰਖਾ ਦੇ ਬਚਨਾਂ ਵਿੱਚ ਇਨ੍ਹਾਂ ਬਲ, ਇੰਨੀ ਤਾਕਤ ਹੁੰਦੀ ਹੈ ਕਿ ਉਹ ਸਤਿ ਹੋ ਕੇ ਤੋਲ ਵਿੱਚ ਪੂਰੇ ਉਤਰਦੇ ਹਨ। ਇਹੀ ਮਹਾਂਪੁਰਖਾਂ ਦੀ ਅਸਲੀ ਸੂਰਬੀਰਤਾ ਹੈ।

**ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥**

**ਅੰਗ ੪੦੪**

ਜਿਨ੍ਹਾਂ ਦੇ ਬਚਨ ਸਦਕਾ ਪੰਜ ਤੱਤ ਨਾਸ ਹੋ ਜਾਂਦੇ ਹਨ। ਬਚਨ ਦੇ ਪ੍ਰਥਾਇ ਜੀਵ ਇਸ ਮਾਯਾ ਰੂਪੀ ਜਾਲ ਦੇ ਘੇਰੇ ਵਿੱਚੋਂ ਨਿਕਲ ਜਾਂਦਾ ਹੈ। ਮਹਾਂਪੁਰਖਾਂ ਵਿੱਚ ਇਹ ਸਮਰੱਥਾ ਹੈ-

**ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥**

**ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ ॥**

**ਅੰਗ ੭੪੮**

ਪਹਿਲੇ ਹਿੱਸੇ ਵਿੱਚ ਮਾਲਾ ਸਿੰਘ ਜੰਡਾ ਵਾਲਾ ਨਾਲ ਕੀਤੇ ਬਚਨ ਦੀ ਪਾਲਣਾ ਕਈ ਸਾਲ ਬੀਤਣ ਤੋਂ ਬਾਅਦ ਅੱਜ ਕੱਲ ਭੁੱਚੋ ਵਿਖੇ ਕਰ ਰਹੇ ਹਨ। ਬਚਨ ਹੋਇਆ ਸੀ "ਮਾਲਾ ਸਿੰਘ ਤੇਰੀ ਸੇਵਾ ਤੇਰੇ ਪੁੱਤਰਾਂ ਤੇ ਨੂੰਹਾਂ ਰਾਹੀਂ ਲੈਣੀ ਹੈ।"

ਪਲੇਗ ਦੀ ਬੀਮਾਰੀ ਜੋਬਨ ਤੇ ਸੀ। ਮਾਲ੍ਹਾ ਸਿੰਘ ਦੀ ਨੂੰਹ ਮਾਈ ਖੇਮ ਕੌਰ ਆਪਣੀ ਰਿਸ਼ਤੇਦਾਰੀ ਸ਼ਾਦੀ ਦੇ ਸਮਾਗਮ ਵਿੱਚ ਗਈ ਹੋਈ ਸੀ। ਇਸੇ ਸਮੇਂ ਅੰਦਰ ਬੀਮਾਰੀ ਤਾਕਤ ਵਿੱਚ ਹੋ ਗਈ। ਲੋਕ ਖੇਤਾਂ ਵਿੱਚ ਆ ਕੇ ਝੁੱਗੀਆਂ ਪਾ ਕੇ ਰਹਿਣ ਲੱਗ ਪਏ। ਕੋਈ ਕਿਸੇ ਦੀ ਖ਼ਬਰ ਤੱਕ ਨਾ ਲੈਣ ਜਾਵੇ। ਮਾਈ ਨੂੰ ਵਾਪਸ ਲੈ ਕੇ ਆਉਣ ਬਾਰੇ ਕਿਸੇ ਘਰ ਵਾਲਿਆਂ ਨੂੰ ਸਮਾਂ ਨਾ ਮਿਲਿਆ। ਵਿਆਹ ਵਾਲਾ ਅਸਥਾਨ ਭੁੱਚੋ ਦੇ ਨੇੜੇ ਸੀ ਮਾਈ ਦੇ ਮਨ ਵਿੱਚ ਫੁਰਨਾ ਬਣਿਆ ਕਿ ਬਾਬਾ ਜੀ ਦੇ ਦਰਸ਼ਨ ਕਰਨ ਚੱਲੀਏ। ਅਗਲੇ ਹੀ ਸਵੇਰ ਉਹ ਬਾਬਾ ਜੀ ਦੇ ਡੇਰੇ ਵੱਲ ਤੁਰ ਪਈ। ਡੇਰੇ ਪਹੁੰਚ ਕੇ ਬਾਬਾ ਜੀ ਦੇ ਦਰਸ਼ਨ ਕੀਤੇ ਅਗੰਮੀ ਖੁਸ਼ੀ ਪ੍ਰਾਪਤ ਹੋਈ। ਇੱਕ ਰਾਤ ਠਹਿਰ ਕੇ ਅਗਲੇ ਦਿਨ ਆਗਿਆ ਮੰਗੀ ਤਾਂ ਮਹਾਂਪੁਰਖਾਂ ਨੇ ਬਚਨ ਕੀਤਾ, "ਅਜੇ ਤੁਹਾਨੂੰ ਆਗਿਆ ਨਹੀਂ ਮਿਲਦੀ।" ਮਾਈ ਨੇ ਬੇਨਤੀ ਕੀਤੀ, "ਮਹਾਰਾਜ ! ਮੈਂ ਵਿਆਹ ਜਾ ਕੇ ਆਈ ਹਾਂ ਮੇਰੇ ਪਾਸ ਮਠਿਆਈ ਹੈ ਜੋ ਮੈ ਘਰ ਪਹੁੰਚਾਉਣੀ ਹੈ।"

"ਮਠਿਆਈ ਸਾਨੂੰ ਫੜਾ ਦੇ ਤੇਰੀ ਅਮਾਨਤ ਸਾਂਭ ਕੇ ਰੱਖਾਂਗੇ" ਸਾਹਿਬ ਦਾ ਬਚਨ ਸੀ।

ਮਾਈ ਨੇ ਮਠਿਆਈ ਬਾਬਾ ਜੀ ਅੱਗੇ ਰੱਖ ਦਿੱਤੀ। ਹਜ਼ੂਰ ਨੇ ਸੇਵਕ ਨੂੰ ਹੁਕਮ ਦੇ ਕੇ ਮਠਿਆਈ ਅੰਦਰ ਰਖਵਾ ਦਿੱਤੀ।

ਬਾਬਾ ਜੀ ਨੇ ਪੁੱਛਿਆ "ਮਾਈ, ਕਈ ਸਾਲ ਪਹਿਲਾਂ ਇੱਕ ਸੰਨਿਆਸੀ ਮਹਾਤਮਾ ਨੇ ਆਪ ਦੇ ਘਰ ਆਟਾ ਮੰਗਣ ਦੇ ਬਹਾਨੇ ਆ ਕੇ ਤੁਹਾਨੂੰ ਇੱਕ ਸ਼ਬਦ ਦਾ ਜਾਪ ਕਰਨ ਲਈ ਪ੍ਰੇਰਿਆ ਸੀ, ਕੀ ਉਹ ਸ਼ਬਦ ਦਾ ਜਾਪ ਕਰਦੀ ਹੈਂ।"

ਮਾਈ ਦਾ ਜਬਾਬ ਨਾਹ ਵਿੱਚ ਸੀ "ਮਹਾਰਾਜ! ਮੈਨੂੰ ਤਾਂ ਉਹ ਸ਼ਬਦ ਵੀ ਯਾਦ ਨਹੀਂ, ਆਪ ਹੀ ਯਾਦ ਕਰਵਾ ਦਿਓ।"

ਬਾਬਾ ਜੀ ਨੇ ਮੂਲ ਮੰਤ੍ਰ ਸੁਣਾ ਕੇ ਬਚਨ ਕੀਤਾ "ਇਹ ਹੀ ਹੈ ਉਹ ਸ਼ਬਦ"। ਮਾਈ ਹਾਂ ਵਿੱਚ ਸਿਰ ਝੁਕਾ ਦਿੱਤਾ।

ਬਚਨ ਹੋਇਆ "ਖੇਮੀਏ, ਅਸੀ ਤੇਰੇ ਸਹੁਰੇ ਮਾਲ੍ਹਾ ਸਿੰਘ ਨਾਲ ਬਚਨ ਕੀਤਾ ਸੀ, ਜਦੋਂ ਜੰਡਾ ਵਾਲੇ ਠਹਿਰੇ ਸੀ। ਤੇਰੇ ਸਹੁਰੇ ਨੇ ਸੇਵਾ ਮੰਗੀ ਸੀ। ਇਹ ਸੇਵਾ ਤੇਰੇ ਕੋਲੋਂ ਅਤੇ ਤੇਰੇ ਪਰਿਵਾਰ ਤੋਂ ਲੈਣੀ ਹੈ। ਹੁਣ ਤੂੰ ਇਥੇ ਆਈਆਂ ਸੰਗਤਾਂ ਦੀ ਸੇਵਾ ਕਰਦੀ ਰਹੁ ਇੱਕ ਮਹੀਨੇ ਤੱਕ ਬਿਮਾਰੀ ਦਾ ਜ਼ੋਰ ਘਟ ਜਾਣ ਤੇ ਤੈਨੂੰ ਤੌਰ ਦਿਆਂਗੇ।"

ਇਕ ਮਹੀਨੇ ਬਾਅਦ ਬਾਬਾ ਜੀ ਨੇ ਉਹੀ ਮਠਿਆਈ ਦੇ ਕੇ ਮਾਈ ਨੂੰ ਆਗਿਆ ਦੇ ਦਿੱਤੀ। ਇਸ ਤਰ੍ਹਾਂ ਉਸ ਦੀ ਪਲੇਗ ਤੋਂ ਰਖਿਆ ਕੀਤੀ। ਮਾਈ ਦੀ ਬਾਬਾ ਜੀ ਦੇ ਚਰਨਾਂ ਨਾਲ ਅਤੁੱਟ ਪਿਆਰ ਸ਼ਰਧਾ ਅਤੇ ਸੇਵਾ ਭਾਵਨਾ ਬੱਝ ਗਈ। ਮਾਈ ਖੇਮ ਕੌਰ, ਉਸ ਦੀ ਲੜਕੀ ਬੀਬੀ ਸ਼ਾਮ ਕੌਰ ਤੇ ਲੜਕਾ ਕਾਲਾ ਸਿੰਘ ਅੰਤਮ ਸਮੇਂ ਤੱਕ ਬਾਬਾ ਜੀ ਦੇ ਚਰਨਾਂ ਨਾਲ ਜੁੜੇ ਰਹੇ। ਹੁਣ ਵੀ ਜੁੜੇ ਹਨ।

(ਇਹ ਸਾਖੀ ਬੀਬੀ ਸ਼ਾਮ ਕੌਰ ਜੰਡਾਂ ਵਾਲੀ ਨੇ ਲਿਖਾਈ ਹੈ।)

# ਤੁਮਰੀ ਸੰਗਤਿ ਹਰਿ ਕੋ ਕੋ ਨ ਉਧਰਿਓ ਪ੍ਰਭ ਕੀਏ ਪਤਿਤ ਪਵਗੇ ॥

**ਅੰਗ ੮੭੬**

ਪ੍ਰਮੇਸ਼ਰ ਦਾ ਨਾਮ ਜਪਣ ਵਾਲੇ ਉਸ ਨਾਲ ਇਨ੍ਹਾ ਅਭੇਦ ਹੋ ਜਾਂਦੇ ਹਨ ਕਿ ਜੋ ਪ੍ਰਾਣੀ ਉਨ੍ਹਾਂ ਦੀ ਸਰਨ ਆ ਜਾਏ, ਉਸ ਦੇ ਦੁੱਖ, ਕਸ਼ਟ ਨਿਵਾਰਣ ਦੀ ਸਮਰੱਥਾ ਆਪ ਰਖਦੇ ਹਨ। ਪ੍ਰਮੇਸ਼ਰ ਉਨ੍ਹਾਂ ਦੇ ਕਾਰਨਾਮੇ ਤੇ ਕਿੰਤੂ ਨਹੀਂ ਕਰਦਾ ਤੇ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ। ਜਦ ਪ੍ਰੇਮ ਵੱਸ ਹੋ ਕੇ ਸਿੱਖ ਕੁਝ ਕਹਿੰਦਾ ਹੈ ਤਾਂ ਉਸ  ਤੇ ਗੁਰੂ ਜਾਂ ਪ੍ਰਮੇਸ਼ਰ ਵਿੱਚ ਕੋਈ ਅੰਤਰ ਨਹੀਂ ਰਹਿੰਦਾ। ਵਾਹਿਗੁਰੂ ਦੀ ਜਿਸ ਪ੍ਰਾਣੀ ਤੇ ਅਪਾਰ ਕ੍ਰਿਪਾ ਹੁੰਦੀ ਹੈ ਉਸਦੇ ਔਗੁਣ ਕਿਸੇ ਮਹਾਂਪੁਰਖ ਦੀ ਪ੍ਰਾਕਿਰਤੀ ਦੁਆਰਾ ਗੁਣਾ ਵਿੱਚ ਬਦਲ ਦਿੰਦੇ ਹਨ। ਉਸ ਦੇ ਔਗੁਣ ਨਹੀਂ ਚਿਤਾਰਦੇ ਸਗੋਂ ਨਾਮ ਸਿਮਰਣ ਅਤੇ ਬੰਦਗੀ ਦੀ ਮੰਜ਼ਿਲ ਤੇ ਤੋਰ ਦਿੰਦੇ ਹਨ। ਮਹਾਂਪੁਰਸ਼ਾਂ ਨੂੰ ਪ੍ਰਭੂ ਆਪ ਅਜੋਕੀ ਖਲਤਕ ਦੇ ਭਲੇ ਲਈ ਭੇਜਦੇ ਹਨ ਤਾਂ ਕਿ ਇਨਸਾਨੀ ਜ਼ਿੰਦਗੀ ਦਾ ਸਫਰ ਖੁਸ਼ੀਆਂ ਭਰਿਆ ਤੇ ਅਨੰਦ ਮਈ ਬੀਤ ਸਕੇ। ਪੰਜਵੇਂ ਪਾਤਸ਼ਾਹ ਦੇ ਸਮੇਂ ਦਾ ਜ਼ਿਕਰ ਹੈ। ਭਾਈ ਬਿਧੀ ਚੰਦ ਜੀ ਚੋਰੀ ਕਰਿਆ ਕਰਦੇ ਸਨ। ਇੱਕ ਵਾਰ ਉਨ੍ਹਾਂ ਨੇ ਮੱਝਾ ਚੁਰਾ ਲਈਆ। ਕੁਝ ਸਮੇਂ ਬਾਅਦ ਮੱਝਾਂ ਦੇ ਮਾਲਕ ਦੀ ਅੱਖ ਖੁੱਲ ਗਈ। ਉਸ ਨੇ ਆਪਣੇ ਕਬੀਲੇ (ਜਾਂ ਖਾਨਦਾਨ) ਦੇ ਲੋਕ ਇਕੱਠੇ ਕਰ ਲਏ। ਸਾਰੇ ਮੱਝਾ ਦੀਆਂ ਪੈੜਾਂ ਪਿੱਛੇ ਹੋ ਤੁਰੇ। ਅੱਧੀ ਰਾਤ ਤੋਂ ਓਪਰ ਸਮਾਂ ਲੰਘ ਗਿਆ ਸੀ। ਮੱਝਾਂ ਦੀ ਭਾਲ ਕਰਨ ਵਾਲੇ ਤੇਜੀ ਨਾਲ ਤੁਰ ਰਹੇ ਸਨ। ਬਿਧੀ ਚੰਦ ਨੂੰ ਵੀ ਉਨ੍ਹਾਂ ਦੇ ਆਉਣ ਦੀ ਭਿਨਕ ਲੱਗ ਗਈ। ਉਸ ਨੇ ਆਪਣੇ ਆਪ ਨੂੰ ਛੁਪਾਉਣ ਦੀ ਜਗ੍ਹਾਂ ਦੀ ਤਲਾਸ਼ ਕਰਨੀ ਚਾਹੀ। ਥੋੜਾ ਅੱਗੇ ਇੱਕ ਢਾਬ ਆ ਗਈ ਮੱਝਾਂ ਢਾਬ ਵਿੱਚ ਵੜ ਗਈਆਂ। ਬਿਧੀ ਚੰਦ ਨੇ ਮੱਝਾਂ ਦਾ ਖਿਆਲ ਛੱਡ ਕੇ ਆਪਣੇ ਛੁੱਪਣ ਲਈ ਸੋਚਿਆ। ਸਾਹਮਣੇ ਢਾਬ ਦੇ ਕਿਨਾਰੇ ਇੱਕ ਸਿੱਖ ਬੈਠਾ ਉਸ ਨੂੰ ਨਜ਼ਰ ਆਇਆ ਨੇੜੇ ਪਹੁੰਚ ਕੇ ਦੇਖਿਆ ਸਿੱਖ

ਨੇ ਸਮਾਧੀ ਲਾਈ ਹੋਈ ਹੈ ਨੇਤਰ ਬੰਦ ਹਨ ਪ੍ਰਮੇਸ਼ਰ ਦੀ ਬੰਦਗੀ ਕਰ ਰਿਹਾ ਹੈ। ਬਿਧੀ ਚੰਦ ਨੇ ਮੱਥਾ ਟੇਕਿਆ ਸੀਸ ਨਿਵਾਉਣ ਸਮੇਂ ਉਸ ਦਾ ਹੱਥ ਸਿੱਖ ਦੇ ਚਰਨਾਂ ਨੂੰ ਛੂਹ ਗਿਆ। ਸਿੱਖ ਦੀ ਬਿਰਤੀ ਸਚੇਤ ਹੋ ਗਈ ਕਿ ਇਹ ਅਗਿਆਤ ਵਿਅਕਤੀ ਕੌਣ ਹੈ। ਉਸ ਨੇ ਬਿਧੀ ਚੰਦ ਨੂੰ ਪੁੱਛਿਆ ਕਿ "ਤੂੰ ਕੌਣ ਹੈ ਤੇ ਇਤਨਾ ਘਬਰਾਇਆ ਕਿਉਂ ਹੈ।"

"ਮੈਂ ਚੋਰ ਹਾਂ, ਮੈਂ ਕੁਝ ਮੱਝਾਂ ਚੁਰਾਈਆਂ ਹਨ ਪਰ ਉਨ੍ਹਾਂ ਦੇ ਮਾਲਕ ਮੇਰੇ ਪਿੱਛੇ ਪਿੱਛੇ ਆ ਰਹੇ ਹਨ। ਮੇਰੇ ਤੇ ਕ੍ਰਿਪਾ ਕਰੋ ਮੈਨੂੰ ਛੁਪਣ ਲਈ ਜਗ੍ਹਾਂ ਦੱਸੋ, ਨਹੀਂ ਤਾਂ ਮੇਰਾ ਬੁਰਾ ਹਾਲ ਕਰ ਦੇਣਗੇ। ਮੈਂ ਜਿੰਦਗੀ ਵਿੱਚ ਪਹਿਲੀ ਵਾਰ ਹੀ ਤੁਹਾਡੇ ਅੱਗੇ ਚੋਰੀ ਦਾ ਇਕਬਾਲ ਕੀਤਾ ਹੈ।"

ਸਿੱਖ ਨੇ ਕਿਹਾ "ਘਬਰਾ ਨਹੀਂ, ਮੇਰੇ ਕੋਲ ਬੈਠ ਜਾਹ ਅਤੇ ਗੁਰੂ ਚਰਨਾਂ ਵਿੱਚ ਮਨ ਇਕਾਗਰ ਕਰਕੇ ਇਹ ਪ੍ਰਤਿਗਿਆ (ਪ੍ਰਣ) ਕਰ ਕਿ ਅੱਗੋਂ ਤੋਂ ਚੋਰੀ ਨਹੀਂ ਕਰਾਂਗਾ।" ਅਨਜਾਨੇ ਵਿੱਚ ਕੀਤੀ ਹੋਈ ਭੁੱਲ ਨੂੰ ਗੁਰੂ ਚਰਨਾਂ ਵਿੱਚ ਨਿਮਾਣਾ ਤੇ ਨਿਤਾਣਾ ਹੋ ਕੇ ਮੰਨ ਲਿਆ ਜਾਵੇ ਤਾਂ ਆਪ ਬਖਸ਼ਿੰਦ ਹਨ।" ਉਹ ਸਿਰਜਨਹਾਰ ਜ਼ਰੂਰ ਤੇਰੀ ਪਤ ਰੱਖਣਗੇ।"

ਪਿੰਡ ਦੇ ਲੋਕ ਵੀ ਆ ਪਹੁੰਚੇ। ਮੱਝਾਂ ਢਾਬ ਅੰਦਰ ਬੈਠੀਆਂ ਸਨ ਪਰ ਚੋਰ ਨਜ਼ਰ ਨਹੀਂ ਆਉਂਦਾ ਵੇਖ ਕੇ ਸਿੱਖ ਵੱਲ ਜਾਣ ਲੱਗੇ ਪਰ ਸਿੱਖ ਆਪ ਹੀ ਉਨ੍ਹਾਂ ਵੱਲ ਆ ਰਿਹਾ ਸੀ। ਇਹ ਸਿੱਖ "ਭਾਈ ਅਦਲੀ" ਜੋ ਪੰਜਵੇਂ ਪਾਤਸ਼ਾਹ ਦਾ ਅਨਿਨ ਭਗਤ ਸੀ। ਸਾਹਮਣੇ ਆ ਕੇ ਲੋਕਾਂ ਨੇ ਪੁੱਛਿਆ "ਭਾਈ ਸਾਹਿਬ ਸਾਡੀਆਂ ਮੱਝਾਂ ਚੋਰੀ ਹੋ ਗਈਆਂ ਹਨ। ਜਿਨ੍ਹਾਂ ਦੀਆਂ ਪੈੜਾਂ ਖੋਜੀ ਇਥੋਂ ਤੱਕ ਲੈ ਆਇਆ ਹੈ ਪਰ ਇਸ ਤੋਂ ਬਾਅਦ ਪਤਾ ਨਹੀਂ ਲੱਗ ਰਿਹਾ। ਚੋਰ ਦਾ ਵੀ ਪਤਾ ਨਹੀਂ ਲੱਗ ਰਿਹਾ।

ਭਾਈ ਸਾਹਿਬ ਨੇ ਢਾਬ ਵੱਲ ਇਸ਼ਾਰਾ ਕਰਕੇ ਕਿਹਾ "ਓਹ ਦੇਖੋ ਮੱਝਾਂ ਤੁਹਾਡੀਆਂ ਹੀ ਹਨ।"

ਮਾਲਕ ਨੇ ਮੱਝਾਂ ਵੱਲ ਤੱਕ ਕੇ ਜਬਾਬ ਦਿੱਤਾ "ਕਿ ਗਿਣਤੀ ਵਿੱਚ ਤਾਂ ਉਨੀਆਂ ਹੀ ਹਨ ਪਰ ਰੰਗ ਨਹੀਂ ਮਿਲਦੇ, ਉਹ ਕਾਲੀਆਂ ਸਨ ਇਹ ਭੂਰੀਆਂ ਹਨ।"

ਭਾਈ ਸਾਹਿਬ ਨੇ ਕਿਹਾ, "ਕਿ ਅਜੇ ਪੂਰਾ ਦਿਨ ਨਹੀਂ ਚੜ੍ਹਿਆ ਹਨ੍ਹੇਰਾ

ਹੋਣ ਕਰਕੇ ਰੰਗ ਦਾ ਫਰਕ ਲੱਗਦਾ ਹੈ। ਮੱਝਾਂ ਤੁਹਾਡੀਆਂ ਹੀ ਹੋਣਗੀਆਂ ਇਨ੍ਹਾਂ ਨੂੰ ਲੈ ਜਾਓ।" ਲੋਕ ਮੱਝਾਂ ਲੈ ਕੇ ਘਰ ਮੁੜ ਗਏ ਤਾਂ ਬਿਧੀ ਚੰਦ ਨੇ ਪੁੱਛਿਆ "ਕਿ ਤੁਹਾਨੂੰ ਤਾਂ ਉਹ ਜਾਣਦੇ ਸਨ ਜੇ ਮੈਨੂੰ ਫੜ ਲੈਂਦੇ ਤਾਂ ਕੀ ਹਸ਼ਰ ਹੋਣਾ ਸੀ।"

ਸਿੱਖ ਨੇ ਜਵਾਬ ਦਿੱਤਾ "ਤੈਨੂੰ ਨਾਮ ਦੇ ਉਹਲੇ ਕੀਤਾ ਸੀ। ਪ੍ਰਮੇਸ਼ਰ ਦਾ ਨਾਮ ਹੀ ਇਨਸਾਨ ਲਈ ਢੋਈ ਹੈ (ਆਸਰਾ ਹੈ।)"

ਬਿਧੀ ਚੰਦ ਨੇ ਉਸ ਦੇ ਪੈਰ ਫੜ ਲਏ ਤੇ ਬੇਨਤੀ ਕੀਤੀ "ਜਿਸ ਗੁਰੂ ਦਾ ਤੂੰ ਮੁਰੀਦ ਹੈ ਮੈਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਵਾ ਦਿਓ। ਮੇਰਾ ਵੀ ਚੰਚਲ ਮਨ ਅਵਧੂਤੀਆਂ ਨੂੰ ਛੱਡ ਕੇ ਗੁਰੂ ਚਰਨਾਂ ਦੀ ਕੋਮਲ ਛੋਹ ਪ੍ਰਾਪਤ ਕਰਕੇ ਆਪਣੀ ਜੀਵਨ ਯਾਤਰਾ ਉਜਲ ਬਣਾ ਸਕੇ।"

ਭਾਈ ਅਦਲੀ ਜੀ ਬਿਧੀ ਚੰਦ ਨੂੰ ਪੰਜਵੇਂ ਪਾਤਸ਼ਾਹ ਦੇ ਦਰਬਾਰ ਵਿੱਚ ਲੈ ਆਏ। ਬਿਧੀ ਚੰਦ ਸਤਿਗੁਰਾਂ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ। ਮਸਤਕ ਚਰਨ ਛੋਹ ਪ੍ਰਾਪਤ ਕਰਕੇ ਮਨ ਦੇ ਮੈਲ ਨੂੰ ਸਾਬਣ ਦੀ ਤਰ੍ਹਾਂ ਕੱਟ ਰਿਹਾ ਸੀ। ਮੱਥਾ ਚਰਨਾਂ ਤੋਂ ਚੁਕਿਆ ਤਾਂ ਸਤਿਗੁਰਾਂ ਨੇ ਪੁਛਿਆ "ਕੀ ਇੱਛਾ ਹੈ ਤੇਰੀ ਪਿਆਰਿਆ।"

"ਪਾਤਸ਼ਾਹ! ਮੈਨੂੰ ਸਿੱਖ ਬਣਾ ਲਉ, ਮੈਂ ਤੇਰੇ ਦਰ ਦਾ ਮੰਗਤਾ ਹਾਂ ਭਿਖਸ਼ਾ ਦਿਉ।" ਅੱਖੀਆਂ ਦਾ ਨੀਰ ਕੀਤੇ ਕੁਕਰਮਾ ਦਾ ਪਛਚਾਤਾਪ ਕਰ ਰਿਹਾ ਸੀ।

ਹਜ਼ੂਰ ਨੇ ਬਚਨ ਕੀਤਾ "ਸਿੱਖ ਦੀ ਪਦਵੀ ਪਾਉਣੀ ਹੈ ਤਾਂ ਚੋਰੀ ਛੱਡਣੀ ਪੈਣੀ ਹੈ।"

ਬਿਧੀ ਚੰਦ ਤਾਂ ਪਹਿਲਾਂ ਹੀ ਪਛਚਾਤਾਪ ਦੀ ਦਲਦਲ ਵਿੱਚ ਡੁੱਬ ਰਿਹਾ ਸੀ।" ਪਾਤਸ਼ਾਹ! ਮੇਰੇ ਗੁਨਾਹ ਤੇ ਪੜਦਾ ਪਾਉ, ਚਰਨਾ ਵਿੱਚ ਨਿਵਾਸ ਬਖਸ਼ੋ।" ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮੇਹਰ ਦੇ ਘਰ ਆਏ ਤੇ ਬਿਧੀ ਚੰਦ ਨੂੰ ਨਾਮ ਮੰਤ੍ਰ, ਨਾਮ ਦੀ ਦਾਤ ਬਖਸ਼ੀ, ਚਰਨ ਪਾਹੁਲ ਦਿੱਤੀ ਅਤੇ ਆਪਣੀ ਸੰਗਤ ਵਿੱਚ ਸ਼ਾਮਲ ਕਰ ਲਿਆ। ਫੁਰਮਾਨ ਹੈ –

**ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥**

**ਅੰਗ ੯੫੫**

ਪਲੇਗ ਦੀ ਬਿਮਾਰੀ ਦੇ ਦਿਨ ਸਨ। ਭਾਗੀ ਬਾਂਦਰ ਦੇ ਛੇ ਭਰਾ ਬੱਗਾ ਸਿੰਘ, ਸ਼ੇਰ ਸਿੰਘ, ਮੇਹਰ ਸਿੰਘ, ਸਰਵਣ ਸਿੰਘ, ਨਿੱਕਾ ਸਿੰਘ, ਸੱਦਾ ਸਿੰਘ ਸਨ। ਬੱਗਾ ਸਿੰਘ ਪਲੇਗ ਦੀ ਬੀਮਾਰੀ ਨਾਲ ਪੀੜਤ ਸੀ। ਉਸ ਦੀ ਸੱਸ ਨੇ ਬਾਬਾ ਪਾਸ ਬੇਨਤੀ ਕੀਤੀ ਕਿ "ਬੱਗਾ ਸਿੰਘ ਬੀਮਾਰ ਹੈ।"

ਹਜ਼ੂਰ ਨੇ ਹੁਕਮ ਦਿੱਤਾ "ਇਹ ਜਲ ਮੱਟੀ ਦਾ ਲੈ ਜਾਉ ਉਸ ਨੂੰ ਦੇ ਦੇਣਾ, ਤੁਰ ਕੇ ਜਾਣਾ ਹੈ।"

ਮਾਈ ਘਬਰਾਈ ਹੋਈ ਸੀ ਉਸ ਨੇ ਛੇਤੀ ਨਾਲ ਜਾਣ ਦੀ ਕੋਸ਼ਿਸ ਵਿੱਚ ਟਾਂਗੇ ਦੀ ਸਵਾਰੀ ਕਰ ਲਈ। ਬਚਨ ਦੀ ਅਵੱਗਿਆ ਹੋ ਗਈ ਜਲ ਸਾਰਾ ਡੁੱਲ ਗਿਆ ਤੇ ਬੱਗਾ ਸਿੰਘ ਦੀ ਮੌਤ ਹੋ ਗਈ। ਬਾਕੀ ਦੇ ਪੰਜ ਭਰਾ ਵਾਰੀ ਵਾਰੀ ਬਾਬਾ ਜੀ ਦੀ ਸੇਵਾ ਵਿੱਚ ਆਉਂਦੇ ਰਹਿੰਦੇ ਸਨ। ਸ਼ੇਰ ਸਿੰਘ ਲੜਾਈ ਝਗੜਿਆਂ ਦਾ ਸ਼ੌਕੀਨ ਸੀ। ਬਾਬਾ ਜੀ ਕੋਲ ਦਰਸ਼ਨ ਕਰਨ ਆਇਆ ਤਾਂ ਹਜ਼ੂਰ ਨੇ ਪੁੱਛ ਲਿਆ "ਸ਼ੇਰ ਸਿੰਘ ਕੀ ਕੰਮ ਕਾਰ ਕਰਦਾ ਹੁੰਦਾ ਹੈਂ।" "ਪਾਤਸ਼ਾਹ! ਲੜਾਈ ਝਗੜੇ ਹੀ ਕਰਦਾ ਹਾਂ" ਸ਼ੇਰ ਸਿੰਘ ਬੋਲਿਆ। "ਚੰਗਾ ਫੇਰ ਸਾਡੇ ਕੋਲ ਰਹੋ। ਅਸੀਂ ਤੇਰੇ ਤੋਂ ਸੇਵਾ ਲੈਣੀ ਹੈ" ਹਜ਼ੂਰ ਦਾ ਬਚਨ ਸੀ।

ਸ਼ੇਰ ਸਿੰਘ ਨੇ ਬੇਨਤੀ ਕੀਤੀ "ਮਹਾਰਾਜ ਮੈਨੂੰ ਸੇਵਾ ਤਾਂ ਕਰਨੀ ਨਹੀਂ ਆਉਣੀ। ਔਗੁਣਾ ਦਾ ਭਰਿਆ ਹਾਂ ਜ਼ਿੰਦਗੀ ਝਗੜਿਆਂ ਵਿੱਚ ਕੱਢ ਰਿਹਾ ਹਾਂ।"

"ਸ਼ੇਰ ਸਿੰਘ! ਪ੍ਰਮੇਸ਼ਰ ਭਲਾ ਕਰੇਗਾ ਤੂੰ ਇਥੇ ਹੀ ਰਹਿ ਜਾ" ਬਾਬਾ ਜੀ ਦਾ ਬਚਨ ਸੀ।

ਸ਼ੇਰ ਸਿੰਘ ਕਈ ਦਿਨ ਸੋਚਦਾ ਰਿਹਾ ਮੈਥੋਂ ਵਿਹਲੇ ਤੋਂ ਮਹਾਰਾਜ ਕੀ ਸੇਵਾ ਲੈਂਦੇ ਹਨ ਕੁਝ ਪਤਾ ਨਹੀਂ ਲੱਗ ਰਿਹਾ। ਫਿਰ ਇੱਕ ਦਿਨ ਬਾਬਾ ਜੀ ਨੇ ਬੁਲਾ ਕੇ ਕਿਹਾ "ਸ਼ੇਰ ਸਿੰਘ ਡਾਂਗ (ਸੋਟੀ) ਕਿਹੜੀ ਚੰਗੀ ਹੁੰਦੀ ਹੈ ਤੇ ਉਹ ਕਿਥੋਂ ਮਿਲੇਗੀ।"

"ਪਾਤਸ਼ਾਹ! ਜਿਹੜੀ ਵਿੱਚੋਂ ਖਾਲੀ ਨਾ ਹੋਵੇ ਉਹ ਚੰਗੀ ਹੈ ਤੇ ਬਠਿੰਡਾ ਜਾਂ ਰਾਮਪੁਰੇ ਤੋਂ ਮਿਲ ਜਾਵੇਗੀ।" ਸ਼ੇਰ ਸਿੰਘ ਉਤਰ ਦਿੱਤਾ। "ਆਹ ਇੱਕ ਰੁਪਿਆ ਲੈ ਜਾਓ ਤੇ ਬਠਿੰਡੇ ਤੋਂ ਸੋਟੀ ਲੈ ਕੇ ਆਉਣੀ ਜੇ ਚੰਗੀ ਨਾ ਮਿਲੇ

ਤਾਂ ਮੁੜ ਆਉਣਾ।" ਬਾਬਾ ਜੀ ਨੇ ਬਚਨ ਕੀਤਾ।

ਸ਼ੇਰ ਸਿੰਘ ਤੇ ਇੱਕ ਹੋਰ ਸੇਵਕ ਬਠਿੰਡੇ ਡਾਂਗ ਲੈਣ ਭੇਜ ਦਿੱਤੇ ਬਠਿੰਡੇ ਪਹੁੰਚ ਕੇ ਕਈ ਦੁਕਾਨਾਂ ਵਿੱਚ ਸੋਟੀਆਂ ਦੇਖੀਆਂ ਪਰ ਕੋਈ ਪਸੰਦ ਨਾ ਆਈ ਆਖਿਰ ਵਾਪਸ ਮੁੜ ਆਏ।

"ਮਹਾਰਾਜ! ਸੋਟੀ ਚੰਗੀ ਨਹੀਂ ਮਿਲੀ" ਤਰਕਾਲਾ ਪਈਆਂ ਤੋਂ ਆ ਕੇ ਸ਼ੇਰ ਸਿੰਘ ਨੇ ਬੇਨਤੀ ਕੀਤੀ।

ਹਜ਼ੂਰ ਨੇ ਬਚਨ ਕੀਤਾ "ਸਵੇਰੇ ਰਾਮਪੁਰੇ ਜਾ ਕੇ ਲੈ ਆਉ।" ਸ਼ੁਭਾ ਹੀ ਰਾਮਪੁਰੇ ਵੱਲ ਤੁਰ ਪਏ। ਸ਼ੇਰ ਸਿੰਘ ਨੂੰ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਮਹਾਂਪੁਰਖਾ ਨੇ ਡਾਂਗ ਕੀ ਕਰਨੀ ਹੈ। ਸੋਟੀ ਖਰੀਦਣ ਵਾਸਤੇ ਪਹਿਲਾਂ ਦੋ ਆਦਮੀ ਬਠਿੰਡੇ ਭੇਜੇ ਹੁਣ ਰਾਮਪੁਰੇ ਜਾ ਰਹੇ ਹਾਂ।

ਸ਼ਾਮ ਨੂੰ ਚੰਗੀ ਡਾਂਗ ਲੈ ਕੇ ਮੁੜ ਆਏ। ਸੋਟੀ ਬਾਬਾ ਜੀ ਅੱਗੇ ਪੇਸ਼ ਕਰ ਦਿੱਤੀ।

ਬਾਬਾ ਜੀ ਨੇ ਬਚਨ ਕੀਤਾ "ਸ਼ੇਰ ਸਿੰਘ ਇਹ ਲੜਾਈ ਕਰਨ ਵੇਲੇ ਟੁੱਟੇ ਨਾ।"

"ਮਹਾਰਾਜ! ਇਸ ਨੂੰ ਤੇਲ ਨਾਲ ਤਰ ਕਰ ਦਿੰਦੇ ਹਾਂ" ਸ਼ੇਰ ਸਿੰਘ ਬੋਲਿਆ।

"ਚੰਗਾ ਸ਼ੁਧ ਹੈ।"

ਸ਼ੇਰ ਸਿੰਘ ਤੇਲ ਨਾਲ ਹਰ ਰੋਜ਼ ਸੋਟੀ ਦੀ ਮਾਲਸ਼ ਕਰੋ। ਇੱਕ ਦਿਨ ਸ਼ੇਰ ਸਿੰਘ ਨੂੰ ਬਚਨ ਕੀਤਾ "ਹੁਣ ਤੇਰੀ ਪ੍ਰੀਖਿਆ ਹੋਣੀ ਹੈ। ਆਪ ਵੀ ਘਿਉ ਖਾ ਲਿਆ ਕਰ।" ਸ਼ੇਰ ਸਿੰਘ ਲਈ ਘਿਉ ਮੰਗਵਾ ਦਿੱਤਾ। ਸ਼ੇਰ ਸਿੰਘ ਘਿਉ ਖਾ ਕੇ ਕਸਰਤ ਕਰਦਾ ਰਿਹਾ। ਹੁਣ ਤਾਕਤ ਤੇ ਸੋਟੀ ਦੀ ਪਰਖ ਦਾ ਸਮਾਂ ਆ ਗਿਆ। ਦੋ ਨਾਂਗੇ ਸਾਧੂ ਟਿਲੇ ਦੇ ਨੇੜੇ ਝਿੜੀ (ਝਿੜੀ:-ਕਰੀਰਾਂ ਤੇ ਮਲਿਆ ਦੇ ਝੁੰਡ ਨੂੰ ਆਖਦੇ ਹਨ) ਵਿੱਚ ਆ ਕੇ ਬੈਠ ਗਏ। ਉਨ੍ਹਾਂ ਨੇ ਧੂਣੀ ਲਾ ਲਈ। ਬਾਬਾ ਜੀ ਅੱਗ ਨੂੰ ਮੱਥੇ ਨਹੀਂ ਲਾਉਂਦੇ ਸਨ। ਬਾਬਾ ਜੀ ਨੇ ਸ਼ੇਰ ਸਿੰਘ ਨੂੰ ਹੁਕਮ ਦਿੱਤਾ।

"ਜਾਹ ਓਹ ਦੇਖ ਆ ਅੱਗ ਕਿਸ ਨੇ ਬਾਲੀ ਹੈ।"

ਸ਼ੇਰ ਸਿੰਘ ਮੁੜ ਆ ਕੇ ਕਹਿਣ ਲੱਗਾ "ਮਹਾਰਾਜ। ਦੋ ਨਾਂਗੇ ਸਾਧੂ ਸਨ।"

"ਉਨ੍ਹਾਂ ਨੂੰ ਕਹੋ ਇਥੇ ਅੱਗ ਨਾ ਬਾਲਣ। ਅਸੀਂ ਅੱਗ ਮੱਥੇ ਨਹੀਂ ਲਾਉਣੀ। ਸਾਡਾ ਇਹ ਪ੍ਰਣ ਹੈ।" ਬਾਬਾ ਜੀ ਬਚਨ ਕੀਤਾ।

ਸਾਧੂਆਂ ਕੋਲ ਜਾ ਕੇ ਸ਼ੇਰ ਸਿੰਘ ਨੇ ਸਾਰੀ ਮਰਯਾਦਾ ਸਮਝਾਈ ਤੇ ਬੇਨਤੀ ਕੀਤੀ ਕਿ ਅੱਗ ਨਾ ਬਾਲਣ। ਪਰ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ ਉਸ ਦੀ ਵਾਰ-ਵਾਰ ਕੀਤੀ ਬੇਨਤੀ ਦਾ ਕੋਈ ਪ੍ਰਭਾਵ ਨਾ ਹੋਇਆ। ਸਾਧੂਆਂ ਨੇ ਸਖਤੀ ਦੇ ਅਲਫਾਜ ਵਰਤੇ। ਸਾਰੀ ਵਿਥਿਆ ਸ਼ੇਰ ਸਿੰਘ ਨੇ ਬਾਬਾ ਜੀ ਨੂੰ ਆ ਸੁਣਾਈ।

"ਮਹਾਰਾਜ ! ਉਨ੍ਹਾਂ ਕੋਲ ਚਿਮਟੇ ਹਨ ਮਾਰਨ ਨੂੰ ਆਉਂਦੇ ਹਨ" "ਪਾਣੀ ਦਾ ਘੜਾ ਸਿਰ ਤੇ ਚੁੱਕ ਲੈ ਤੇ ਉਹ ਡਾਂਗ ਜਿਹੜੀ ਅੱਜ ਦੇ ਦਿਨ ਵਾਸਤੇ ਹੀ ਲਿਆਂਦੀ ਸੀ। ਮੋਢੇ ਰੱਖ ਲੈ। ਉਨ੍ਹਾਂ ਨੂੰ ਇਥੋਂ ਭਜਾਉਣਾ ਹੈ ਪਾਣੀ ਅੱਗ ਤੇ ਪਾ ਦੇਣਾ।" ਹਜ਼ੂਰ ਨੇ ਬਚਨ ਕੀਤਾ।

ਆਗਿਆ ਦਾ ਪਾਲਣ ਕਰਦੇ ਸ਼ੇਰ ਸਿੰਘ ਨੇ ਫੇਰ ਉਨ੍ਹਾਂ ਨੂੰ ਬੇਨਤੀ ਕੀਤੀ "ਕਿ ਅੱਗ ਬੁਝਾ ਦਿਓ।" ਪਰ ਇੱਕ ਸਾਧੂ ਨੇ ਗੁੱਸੇ ਨਾਲ ਚਿਮਟਾ ਸ਼ੇਰ ਸਿੰਘ ਵੱਲ ਚਲਾਇਆ। ਸ਼ੇਰ ਸਿੰਘ ਨੇ ਘੜਾ ਪਾਣੀ ਦਾ ਤਾਂ ਅੱਗ ਉਪਰ ਪਾ ਦਿੱਤਾ ਅਤੇ ਆਪ ਡਾਂਗ ਚੁੱਕ ਲਈ। ਸਾਧੂ ਚਿਮਟੇ ਚਲਾਉਣ ਤੇ ਸ਼ੇਰ ਸਿੰਘ ਡਾਂਗ ਚਲਾਏ। ਅਖੀਰ ਸਾਧੂ ਭੱਜ ਗਏ। ਸ਼ੇਰ ਸਿੰਘ ਅੱਗ ਬੁਝਾ ਕੇ ਬਾਬਾ ਜੀ ਪਾਸ ਆ ਗਿਆ। ਬਾਬਾ ਜੀ ਨੇ ਖੁਸ਼ ਹੋ ਕੇ ਸ਼ੇਰ ਸਿੰਘ ਦੀ ਪਿੱਠ ਥਪਥਪਾਈ ਤੇ ਬਚਨ ਕੀਤਾ "ਇਹੀ ਸੇਵਾ ਤੇਰੇ ਪਾਸੋਂ ਲੈਣੀ ਸੀ।"

ਸਵੇਰ ਹੋਣ ਤੇ ਸ਼ੇਰ ਸਿੰਘ ਨੇ ਸੇਵਾ ਪੁਛੀ ਤਾਂ ਬਾਬਾ ਜੀ ਨੇ ਬਚਨ ਕੀਤਾ "ਤੇਰੀ ਸੇਵਾ ਸੰਪੂਰਨ ਹੋ ਗਈ ਹੈ ਹੁਣ ਤੈਨੂੰ ਆਗਿਆ ਹੈ ਤੂੰ ਜਾ ਸਕਦਾ ਹੈਂ।" ਸੋ ਇਸ ਤਰ੍ਹਾਂ ਮਹਾਂਪੁਰਖ ਆਦਮੀ ਤੋਂ ਉਹੋ ਜਿਹੀ ਸੇਵਾ ਲੈਂਦੇ ਹਨ ਜਿਸ ਕਿਰਤ ਕਲਾ ਦਾ ਗਿਆਨ ਰੱਖਦਾ ਹੋਵੇ ਜਿਸ ਕੰਮ ਵਿੱਚ ਨਿਪੁੰਨ ਹੋਵੇ।

# ਸੰਤ ਕਾ ਸੰਗੁ ਵਡਭਾਗੀ ਪਾਈਐ ॥
# ਸੰਤ ਕੀ ਸੇਵਾ ਨਾਮੁ ਧਿਆਈਐ ॥

(ਅੰਗ ੨੬੫)

ਗੁਰਬਾਣੀ ਅੰਦਰ ਉਸ ਮਨੁੱਖ ਨੂੰ ਵਡਭਾਗੀ ਮੰਨਿਆ ਹੈ ਜੋ ਸਾਧੂ ਸੰਤ ਦੀ ਸੇਵਾ ਕਰਦਾ ਹੈ। ਦੁਨਿਆਵੀਂ ਵੱਡਾ ਹੋਣਾ ਤਾਂ ਸਭ ਕੂੜ ਦਾ ਪਸਾਰਾ ਹੈ। ਦੁਨਿਆਵੀ ਪਦਾਰਥ ਹੋਣ ਕਰਕੇ ਉਹ ਲੋਕਾਂ ਅੰਦਰ ਵਡੇਰੇਪਨ ਦਾ ਪਾਤਰ ਬਨੇਗਾ ਪਰ ਨਾਮ ਸਿਮਰਨ ਤੋਂ ਬਿਨਾਂ ਪਰਮਾਰਥ ਵਿੱਚ ਉਸ ਨੂੰ ਕੋਈ ਵਡਿਆਈ ਨਹੀਂ ਦੇਵੇਗਾ। ਮਹਾਂਪੁਰਖ ਦੀ ਸੇਵਾ ਹੀ ਨਾਮ ਸਿਮਰਨ ਹੈ। ਮਹਾਂਪੁਰਖ ਦੀ ਸ਼ਰਨ ਵਿੱਚ ਦੋ ਤਰ੍ਹਾਂ ਦੇ ਵਿਅਕਤੀ ਆਉਂਦੇ ਹਨ। ਇੱਕ ਪਦਾਰਥ ਦਾ ਦੂਸਰਾ ਪ੍ਰਮਾਰਥ ਦਾ। ਅਜੋਂਕੇ ਸਮੇਂ ਅੰਦਰ ਪਦਾਰਥ ਦੀ ਲਾਲਸਾ ਜੀਵ ਅੰਦਰ ਘੁੰਣ ਬਣ ਕੇ ਲੱਗੀ ਹੋਈ ਹੈ। ਪ੍ਰਭੂ ਦੀ ਬੰਦਗੀ ਕਰਨ ਵਾਲਾ ਕਲਜੁੱਗੀ ਜੀਵ ਹਿਰਦੇ ਵਿੱਚ ਪ੍ਰਭੂ ਦੀ ਰਜ਼ਾ ਨਹੀਂ ਵਸਾਉਂਦਾ ਕਿਉਂਕਿ ਉਸ ਦੀ ਮਤ, ਬੁੱਧ ਭਰਮ ਵਿੱਚ ਭੁੱਲੀ ਹੋਈ ਹੈ। ਮਹਾਂਪੁਰਖਾਂ ਦੀ ਜੋ ਸੇਵਾ ਕਰਦਾ ਹੈ ਉਹ ਪਦਾਰਥ ਤੇ ਪਰਮਾਰਥ ਦੇ ਲਹਿਣੇ ਤੋਂ ਵੰਚਿਤ ਨਹੀਂ ਰਹਿੰਦਾ। ਰੂਮੀ ਰਹਿਣ ਸਮੇਂ ਤੋਂ ਭੁਚੋਂ ਨਗਰ ਦਾ ਪ੍ਰੇਮੀ ਘੁਮੰਡ ਸਿੰਘ ਸੇਵਾ ਕਰਦਾ ਆ ਰਿਹਾ ਸੀ। ਪੁੱਤਰ ਹੋਣ ਉਪਰੰਤ ਕਾਲ ਵਸ ਹੋ ਜਾਂਦੇ ਸਨ ਮਨ ਵਿੱਚ ਲਾਲਸਾ ਸੀ ਪੁੱਤਰ ਹੋ ਜਾਵੇ, ਹੋਵੇ ਵੀ ਵੱਡੀ ਉਮਰ ਵਾਲਾ।

ਇਕ ਦਿਨ ਬਾਬਾ ਜੀ ਨੇ ਬਚਨ ਕੀਤਾ "ਘੁਮੰਡ ਸਿੰਘ ਤੇਰੀ ਸੇਵਾ ਪ੍ਰਵਾਨ ਹੈ, ਜਾਣਾ ਚਾਹੁੰਦਾ ਹੈ ਤਾਂ ਜਾ ਸਕਦਾ ਹੈ।"

ਇਸ ਨੂੰ ਸੇਵਾ ਪ੍ਰਵਾਣ ਹੋਣ ਦੀ ਸਮਝ ਨਾ ਆਈ। ਹਜ਼ੂਰ ਨੇ ਫਿਰ ਕਿਹਾ "ਘੁਮੰਡ ਸਿੰਘ ਤੇਰੀ ਸੇਵਾ ਪ੍ਰਵਾਨ ਹੈ ਪੁੱਤਰ ਹੋ ਜਾਵੇਗਾ" ਸੋ ਬਚਨ ਸਤਿ ਹੋਇਆ ਇੰਦਰ ਸਿੰਘ ਭੁੱਲਰ (ਜੋ ਅੱਜ ਵੀ ਬ੍ਰਿਧ ਅਵੱਸਥਾ ਵਿੱਚ ਮੌਜੂਦ ਹੈ) ਪੈਦਾ ਹੋਇਆ।

ਦੂਸਰਾ ਸੇਵਾਦਾਰ ਭਾਈ ਵਰਿਆਮ ਸਿੰਘ ਵੀ ਰੂੰਮੀ ਰਹਿੰਦਿਆਂ ਵੇਲੇ ਦਾ ਸੇਵਾ ਕਮਾ ਰਿਹਾ ਸੀ। ਇਸ ਨੂੰ ਬਾਬਾ ਜੀ ਨੇ ਹਰ ਰੋਜ਼ ਦੀ ਹਾਜ਼ਰੀ ਭਰਨ ਦਾ ਹੁਕਮ ਦਿੱਤਾ ਸੀ। ਟਿਲੇ ਉੱਪਰ ਬੈਠੇ ਭਾਈ ਵਰਿਆਮ ਸਿੰਘ ਨੂੰ ਹਜ਼ੂਰ ਕਹਿਣ ਲੱਗੇ "ਭਾਈ ਜੀ ਜਪੁਜੀ ਸਾਹਿਬ ਦੇ ਪਾਠ ਕਰਿਆ ਕਰੋ, ਮਨ ਨੂੰ ਹਰ ਵੇਲੇ ਤੁਰਦੇ ਫਿਰਦੇ, ਬੈਠੇ, ਕੰਮ ਕਰਦੇ ਸਿਮਰਨ ਵਿੱਚ ਲਾਉ।"

ਭਾਈ ਵਰਿਆਮ ਸਿੰਘ ਕਹਿਣ ਲੱਗਾ "ਮਹਾਰਾਜ! ਹਲ ਚਲਾਉਣ ਸਮੇਂ ਤਾਂ ਬਲਦ ਬਿਨਾਂ ਬੋਲਣ ਦੇ ਤੁਰਦੇ ਨਹੀਂ, ਪਾਠ ਕਿਵੇਂ ਹੋਵੇਗਾ।"

ਹਜ਼ੂਰ ਨੇ ਫੁਰਮਾਇਆ "ਬਲਦਾਂ ਨੂੰ ਤੂੰ ਨਹੀਂ ਤੋਰਨਾ ਆਪੇ ਤੋਰਨ ਵਾਲਾ ਤੋਰੇਗਾ, ਤੂੰ ਇੱਕ ਮਨ ਹੋ ਕੇ ਬਾਣੀ ਪੜ੍ਹਦਾ ਰਹੋ। ਧੰਨੇ ਭਗਤ ਦੀਆਂ ਗਊਆਂ ਵੀ ਤਾਂ ਠਾਕੁਰ ਨੇ ਚਾਰੀਆਂ ਸਨ ਉਸ ਦੇ ਖੇਤੀ ਦੇ ਕੰਮ ਵੀ ਕਰਦਾ ਸੀ ਤੇ ਅਖੀਰ ਉਸ ਨੇ ਆਪਣੀ ਮੰਜ਼ਿਲ ਪਾ ਲਈ। ਗੁਰੂ ਨੂੰ ਪਾਉਣਾ ਹੋਵੇ ਰੀਝਾਣਾ ਹੋਵੇ, ਮਿਲਣਾ ਹੋਵੇ, ਚਰਨ ਪਰਸਣੇ ਹੋਣ ਤਾਂ ਇਹੀ ਗੁਰਬਾਣੀ ਪੜ੍ਹਨ ਦੇ ਪੱਥ ਦੇ ਚਲਦੇ ਜਾਉ।"

**ਜਿਉਂ ਧੰਨੇ ਕੀ ਧੇਨ ਕੋ ਠਾਕੁਰ ਚਾਰੇ ਨਿਤ॥**
**ਜਪੁਜੀ ਪੜ੍ਹੈ ਜੋ ਪ੍ਰੀਤ ਕਰ ਠਾਕੁਰ ਤਿਸ ਕੋ ਮਿਤ॥**

ਭਾਈ ਜੀ ਨੇ ਸਤਿ ਬਚਨ ਕਹਿ ਕੇ ਸਿਰ ਅਦਬ ਨਾਲ ਝੁਕਾ ਦਿੱਤਾ। ਬਾਬਾ ਜੀ ਨੇ ਇੱਕ ਹੋਰ ਸ਼ਬਦ ਵੀ ਪੜਾਇਆ ਜੋ ਜਪੁਜੀ ਸਾਹਿਬ ਦੇ ਨਾਲ ਮਿਲਾ ਕੇ ਇਹ ਪਾਠ ਕਰਦੇ ਸਨ।

ਹਜ਼ੂਰ ਨੇ ਬਚਨ ਕੀਤਾ "ਪੈਲੀ ਵਾਹੁਣ ਲੱਗੇ ਇਤਨੇ ਪਾਠ ਕਰਦੇ ਹਨ ਬੀਜਣ ਵੇਲੇ, ਸੁਹਾਗਾ ਫੇਰਨ ਸਮੇਂ ਇਤਨੇ।" ਸਾਰੀ ਗਿਣਤੀ ਸਮਝਾ ਦਿੱਤੀ ਇਹ ਮਰਿਯਾਦਾ ਥੋੜ੍ਹੇ ਖੇਤ ਵਿੱਚ ਹੀ ਕਰਨੀ ਹੈ ਇਸ ਖੇਤ ਦਾ ਪੈਦਾ ਹੋਇਆ ਅਨਾਜ ਵੀ ਅੱਡ (ਵੱਖਰਾ) ਰੱਖਣਾ ਹੈ। ਇਸ ਉਪਰੰਤ ਭਾਈ ਵਰਿਆਮ ਸਿੰਘ ਨੇ ਹੁਕਮ ਦੀ ਪਾਲਣਾ ਸ਼ੁਰੂ ਕਰ ਦਿੱਤੀ ਤੇ ਸੁਰਤੀ ਐਸੀ ਹੋ ਗਈ ਜਿਵੇਂ —

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥੨੧੩॥**

(ਅੰਗ ੧੩੭੬)

ਪੈਲੀ ਬੀਜੀ ਗਈ। ਸਿਮਰਨ ਵਿੱਚ ਲੱਗਿਆਂ ਸਮੇਂ ਕੰਮ ਦੀਆਂ ਮੁਸ਼ਕਿਲਾਂ ਨੂੰ ਆਪਣੀ ਹੀ ਤੋਰ ਤੋਰਦਾ ਰਿਹਾ ਤੇ ਫਸਲ ਪੱਕੀ ਗਈ ਦਾਣੇ ਕੱਢ ਕੇ ਘਰ ਲੈ ਆਏ। ਕੰਮ ਸਾਂਭ ਕੇ ਹਜ਼ੂਰ ਦੇ ਕੋਲ ਆਏ ਤਾਂ ਬਾਬਾ ਜੀ ਬਚਨ ਕੀਤਾ। "ਆਪਣੇ ਘਰ ਸਧਾਰਨ ਪਾਠ ਆਰੰਭ ਕਰ ਲਉ। ਮਰਿਯਾਦਾ ਸਮਝਾਈ ਕਿ ਜਿਸ ਖੇਤ ਵਿੱਚ ਜਪੁਜੀ ਸਾਹਿਬ ਪੜ੍ਹਨ ਸਮੇਂ ਦਾਣੇ ਬੀਜੇ ਸਨ, ਘਰ ਅੰਦਰ ਉਹੀ ਅਨਾਜ ਵਰਤਣਾ ਹੈ, ਕਿਸੇ ਹੋਰ ਘਰ ਦਾ ਦਾਣਾ ਨਹੀਂ ਖਾਣਾ।"

ਭਾਈ ਵਰਿਆਮ ਸਿੰਘ ਇਸ ਤਰ੍ਹਾਂ ਬਚਨ ਪਾਲਣਾ ਕਰਦਾ ਰਿਹਾ। ਕਈ ਸਧਾਰਨ ਪਾਠ ਘਰ ਵਿੱਚ ਕੀਤੇ। ਜਿਵੇਂ ਹੁਕਮ ਹੁੰਦਾ ਰਿਹਾ ਉਸ ਤਰ੍ਹਾਂ ਹੀ ਭਾਈ ਜੀ ਕਰਦਾ ਰਿਹਾ।

**ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥**
**ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥**

**(ਸਲੋਕ ਕਬੀਰ ਕੇ ਅੰਗ ੧੩੭੩)**

ਸੋ ਇਸ ਤਰ੍ਹਾਂ ਬਾਬਾ ਜੀ ਭਾਈ ਵਰਿਆਮ ਸਿੰਘ ਦੇ ਭਲੇ ਲਈ ਪਾਠ ਕਰਵਾਉਂਦੇ ਰਹੇ।

## ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥

ਪ੍ਰਮੇਸ਼ਰ ਨਾਲ ਅਭੇਦ ਹੋਏ, ਇੱਕ ਰੂਪ ਹੋਏ ਮਹਾਂਪੁਰਖ ਜੋ ਬਚਨ ਕਰਦੇ ਹਨ ਇਹ ਦਰਗਾਹੀ ਅਵਾਜ਼ ਹੁੰਦੀ ਹੈ। ਮਹਾਤਮਾ ਜਨ ਆਪਣੀ ਹਸਤੀ ਮਿਟਾ ਕੇ ਨਿਰੰਕਾਰੀ ਜੋਤ ਦੇ ਪ੍ਰਕਾਸ਼ ਅੰਦਰ ਸਿਮਟ ਜਾਂਦੇ ਹਨ। ਜਿਵੇਂ ਸੂਰਜ ਦੇ ਉਭਰਨ ਨਾਲ ਤਾਰੇ ਆਪਣੀ ਹਸਤੀ ਮਿਟਾ ਦਿੰਦੇ ਹਨ ਪਰ ਪ੍ਰਕਾਸ਼ ਸੂਰਜ ਤੋਂ ਹੀ ਅਖਤਿਆਰ ਕਰਦੇ ਹਨ। ਮਹਾਂਪੁਰਖ ਬਚਨ ਕਰਦੇ ਹਨ, ਉਨ੍ਹਾਂ ਦੇ ਬਚਨ ਨੂੰ ਨਿਰੰਕਾਰ ਦੀ ਪ੍ਰਵਾਨਗੀ ਹੁੰਦੀ ਹੈ। ਸਤਿਗੁਰਾਂ ਦਾ ਕਥਨ ਹੈ :-

**ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥**

**(ਗੂਜਰੀ ਵਾਰ ਮ, ਅੰਗ ੫੨੨)**

ਦੁਨਿਆਵੀਂ ਪੁਰਸ਼ ਦਿਨ ਰਾਤ ਬੋਲਦਾ ਰਹਿੰਦਾ ਹੈ ਪਰ ਉਸ ਦਾ ਬੋਲਿਆ ਬੇ-ਅਰਥ, ਬੇ-ਸੁਰਾਂ ਗੁਨਾਹਾਂ ਦੀ ਪੋਟਲੀ ਭਾਰੀ ਕਰਨ ਵਾਲਾ ਹੁੰਦਾ ਹੈ। ਨਿੰਦਾ, ਚੁਗਲੀ ਜੋ ਇਨਸਾਨੀਅਤ ਨੂੰ ਨਰਕ ਦੀ ਕੁੰਭੀ ਵਿੱਚ ਸੁਟ ਦਿੰਦੀ ਹੈ। ਬੋਲ ਕੇ ਬਾਣੀ ਪੜ੍ਹੀ ਜਾਵੇ ਤਾਂ ਬੈਕੁੰਠ ਦੀ ਪੌੜੀ ਦੇ ਡੰਡੈ ਨੂੰ ਹੱਥ ਪੈ ਜਾਂਦਾ ਹੈ। ਗੁਰਬਾਣੀ ਬੋਲਣ, ਪੜ੍ਹਣ, ਸੁਨਣ ਨਾਲ ਇਨਸਾਨ ਨੂੰ ਸ੍ਰੇਸ਼ਟ ਬੁੱਧੀ, ਸਹਿਨਸ਼ੀਲਤਾ, ਆਤਮਿਕ ਵਿਕਾਸ ਅਤੇ ਸੁਖਦਾਇਕ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਦੀ ਅਸਲੀਅਤ ਨੂੰ ਸਮਝਣ ਵਾਲਾ ਵਿਚਾਰਵਾਨ ਅਤੇ ਬੁਧੀਮਾਨ ਹੋ ਜਾਂਦਾ ਹੈ, ਮਨੁੱਖੀ ਜੀਵਨ ਦਾ ਇਹੀ ਅਸਲੀ ਮਨੋਰਥ ਹੈ। ਮਹਾਂਪੁਰਖਾਂ ਕੋਲ ਜਾ ਕੇ ਗੁਰੂ ਨਾਲ ਪਿਆਰ ਕਰਨ ਦੀਆਂ ਬੋਲੀਆ ਸਿੱਖ ਲੈ, ਜੇ ਕੋਈ ਅਸੰਤ ਮਿਲ ਜਾਵੇ ਤਾਂ ਉਸ ਨਾਲ ਸਮਾਂ ਬੇਅਰਥ ਨਾ ਗਵਾਈ॥ ਕਬੀਰ ਸਾਹਿਬ ਉਪਦੇਸ਼ ਦੇਂਦੇ ਹਨ।

**ਸੰਤੁ ਮਿਲੈ ਕਿਛੁ ਸੁਨੀਐ ਕਹੀਐ॥ ਮਿਲੈ ਅਸੰਤੁ ਮਸਟਿ ਕਰਿ ਰਹੀਐ॥**
**ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥**

(ਅੰਗ ੮੭੦)

ਜਿਸ ਪ੍ਰਾਣੀ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ। ਉਸ ਨੂੰ ਮਹਾਂਪੁਰਖਾਂ ਦੀ ਸੰਗਤ, ਸੇਵਾ, ਅਤੇ ਚਰਨ ਛੋਹ ਮਿਲਦੀ ਹੇ। ਉਹ ਸੰਗਤ ਵਿਚ ਜਾ ਕੇ ਸਤਸੰਗੀ ਬਾਣੀ ਪੜਦਾ ਹੈ, ਸ਼ੁਭ ਬੋਲਦਾ ਹੈ, ਇਹ ਬੋਲਣਾ ਉਸ ਦਾ ਸਫਲ ਹੈ। ਦਰਗਾਹ ਵਿੱਚ ਇਸ ਦੀ ਅਨਮੋਲ ਕੀਮਤ ਮਿਲਦੀ ਹੈ। ਇਹ ਬੋਲਣਾ ਉਸ ਦਾ ਸਿਮਰਨ, ਰਾਮ ਨਾਮ ਹੈ।

**ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ ਝਖ ਮਾਰੀ ॥੨॥**

(ਅੰਗ ੮੭੦)

ਉਪਕਾਰੀ ਪੁਰਸ਼ ਇਸ ਸਰੀਰ ਨੂੰ ਸਫਲਾ ਬਨਾਉਣ ਲਈ ਆਪਣੇ ਆਪ ਤੇ ਇੱਕ ਉਪਕਾਰ ਕਰਦਾ ਹੈ। ਉਹ ਕੀ? ਕਿ ਮਹਾਂਪੁਰਖ ਪਰਉਪਕਾਰੀ ਜਨਾਂ ਤੋਂ ਸ਼ੁਭ ਬਚਨ ਝੋਲੀ ਪਵਾਉਂਦਾ ਹੈ ਤੇ ਮੂਰਖਾਂ ਨਾਲ ਸਮਾਂ ਬਿਅਰਥ ਨਹੀਂ ਗਵਾਉਂਦਾ।

**ਬੋਲਤ ਬੋਲਤ ਬਢਹਿ ਬਿਕਾਰਾ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ॥**
**ਕਹੁ ਕਬੀਰ, ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ॥**

(ਅੰਗ ੮੭੦)

ਨਿਤਾ ਪ੍ਰਤੀ ਦੀ ਆਦਤ ਦਾ ਗੁਲਾਮ ਮਨੁੱਖ ਬੋਲਣ ਤੋਂ ਬਿਨਾਂ ਨਹੀਂ ਰਹਿ ਸਕਦਾ ਕਿਉਂਕਿ ਉਸਦੀ ਅੰਦਰਲੀ ਭੜਾਸ ਮਨ ਤੇ ਭਾਰੂ ਹੋ ਜਾਂਦੀ ਹੈ। ਜਿੰਨੀ ਦੇਰ ਇਹ ਭੜਾਸ ਬੋਲ ਕੇ ਨਾ ਕੱਢੀ ਜਾਵੇ ਮਨੁੱਖ ਨੂੰ ਮਾਨਸਿਕ ਸ਼ਾਂਤੀ ਨਹੀਂ ਮਿਲਦੀ। ਜਿਸ ਮਨੁੱਖ ਤੇ ਪ੍ਰਭੂ ਦੀ ਕਿਰਪਾ ਹੋਵੇ। ਉਹ ਆਪਣਾ ਸਮਾਂ ਸੰਭਾਲਦਾ ਹੈ। ਮਹਾਂਪੁਰਖ ਦਾ ਸਤਸੰਗੀ ਬਣ ਕੇ ਉਤਮ ਭਾਵਨਾ ਬਣਾਉਂਦਾ ਹੇ। ਜਿੰਨੀ ਉਤਮ ਭਾਵਨਾ ਬਣਾਵੇਗਾ ਉਤਨਾ ਉਤਮ ਫਲ ਝੋਲੀ ਵਿੱਚ ਪੈ ਜਾਵੇਗਾ।

**ਪ੍ਰਾਪਤਿ ਪੋਤਾ ਕਰਮੁ ਪਸਾਉ॥ ਤੂ ਦੇਵਹਿ ਮੰਗਤ ਜਨ ਚਾਉ॥**
**ਭਾਡੈ ਭਾਉ ਪਵੈ ਤਿਤੁ ਆਇ॥ ਧੁਰਿ ਤੈ ਛੋਡੀ ਕੀਮਤਿ ਪਾਇ॥**

(ਅੰਗ ੬੭੮)

ਪੀਣ ਵਾਲੇ ਅਤੇ ਕੱਪੜੇ ਧੋਣ ਲਈ ਪਾਣੀ ਕਿਲਤ (ਕਮੀ) ਹੋਣ ਕਾਰਨ ਲੋਕ ਤਲਾਬਾਂ ਵਿੱਚ ਮੀਂਹ ਦਾ ਇਕੱਠਾ ਹੋਇਆ ਪਾਣੀ ਵਰਤਦੇ ਸਨ। ਟਿੱਲਾ ਸਾਹਿਬ ਦੇ ਪਿਛੇ ਵਾਲੇ ਤਲਾਬ ਵਿੱਚੋਂ ਮਾਈਆਂ ਪਾਣੀ ਲੈ ਕੇ ਜਾਂਦੀਆਂ ਸਨ। ਸੌਣ ਸਿੰਘ ਦੇ ਲੜਕੇ ਜਗਤਾ ਸਿੰਘ ਦੀ ਪਤਨੀ ਬੀਬੀ ਜੈ ਕੌਰ ਵੀ ਇਸ ਤਲਾਬ ਵਿੱਚ ਪਾਣੀ ਭਰਨ ਆਈ। ਬਾਬਾ ਜੀ ਟਿੱਲੇ ਉੱਪਰ ਫਿਰ ਰਹੇ ਸਨ। ਪਾਣੀ ਦਾ ਘੜਾ ਭਰ ਕੇ ਬੀਬੀ ਜੈ ਕੌਰ ਮੁੜਨ ਲੱਗੀ ਤਾਂ ਨਿਗਾਹ ਟਿੱਲੇ ਵੱਲ ਹੋਈ ਤਾਂ ਬਾਬਾ ਜੀ ਦੇ ਦਰਸ਼ਨ ਹੋਏ ਸਿਰ ਝੁਕਾ ਕੇ ਨਮਸਕਾਰ ਕੀਤੀ, ਘੜਾ ਕੁਝ ਹਿਲਣ ਜੁਲਣ ਕਰਕੇ ਪਾਣੀ ਡੁਲਣ ਲੱਗਾ। ਪਾਣੀ ਡੁਲਦਾ ਦੇਖ ਬਾਬਾ ਜੀ ਨੇ ਬਚਨ ਕੀਤਾ 'ਨਿਹਾਲੀ, ਪਿਆਲੀ, ਦਿਆਲੀ, ਬੀਬੀ ਨੂੰ ਬਚਨ ਦੀ ਸਮਝ ਨਾ ਆਈ। ਬੇਨਤੀ ਕਰਨ ਲੱਗੀ' ਮਹਾਰਾਜ! ਮੈਨੂੰ ਸਮਝ ਨਹੀਂ ਆਈ।

ਹਜ਼ੂਰ ਨੇ ਫਿਰ ਬਚਨ ਕੀਤਾ ਤੈਨੂੰ ਲੜਕੀਆਂ ਮਿਲ ਗਈਆਂ ਹਨ।' ਬੀਬੀ ਜੈ ਕੌਰ ਚੁੱਪ ਹੋ ਗਈ। ਅੰਤਰਮ ਬੁੱਧੀ ਨੇ ਵਿਚਾਰ ਕੀਤਾ ਕਿ ਇਹ ਬਚਨ ਤਾਂ ਸੱਚ ਹੋਣਗੇ। ਜਿਵੇਂ ਸਿਆਣੇ ਦੱਸਦੇ ਹਨ।

**ਸਿੰਘ ਸਪਰਸ਼ ਸਤਿ ਪੁਰਖ ਬਚਨ ਕੇਲੇ ਫਲ ਇਕ ਵਾਰ॥**
**ਤ੍ਰਿਆ ਤੇਲ ਮਨਰੇਸ਼ ਹਠ ਤਪਤ ਨਾ ਦੂਸਰ ਵਾਰ॥**

ਬਚਨ ਦੀ ਸਮਝ ਨਾ ਆਏ ਤਾਂ ਸਤਿ ਬਚਨ ਕਹਿ ਕੇ ਦੂਜੀ ਵਾਰ

ਪੁਛ ਲਵੋ।

ਬੀਬੀ ਨੇ ਨਿਮਰਤਾ ਸਹਿਤ ਬੇਨਤੀ ਕੀਤੀ 'ਹਜ਼ੂਰ! ਲੜਕੀ ਇੱਕ ਦਾ ਹੀ ਪਾਲਣ ਪੋਸ਼ਣ ਔਖਾ ਹੈ। ਤਿਨਾਂ ਦੀ ਪਰਵਰਿਸ਼ ਕਿਵੇਂ ਹੋਵੇਗੀ'

ਸਾਹਿਬ ਨੇ ਬਚਨ ਕੀਤਾ 'ਬੀਬੀ ਫਿਕਰ ਨਾ ਕਰੋ ਇੱਕ ਸ਼ੇਰ ਬੱਚਾ (ਲੜਕਾ) ਪੈਦਾ ਹੋਵੇਗਾ ਜੋ ਸਭ ਸੰਭਾਲ ਲਏਗਾ। ਤੁਹਾਡੇ ਨਾਮ ਨੂੰ ਚਾਰ ਚੰਦ ਲਾਏਗਾ, ਦੁਨੀਆਂ ਅੰਦਰ ਰੋਸ਼ਨ ਕਰੇਗਾ।'

ਸੋ ਇਹ ਬਚਨ ਅਟੱਲ ਹੋ ਗੁਜਰਿਆ। ਸਰਦਾਰ ਜਗਤਾ ਸਿੰਘ ਦੇ ਘਰ ਪਹਿਲਾਂ ਤਿੰਨ ਲੜਕੀਆਂ ਤੇ ਫਿਰ ਇੱਕ ਲੜਕਾ ਫੌਜਾ ਸਿੰਘ ਹੋਇਆ ਜਿਸ ਨੇ ਇਲਾਕੇ ਵਿੱਚ ਚੰਗੀ ਅਹਿਮੀਅਤ ਪਾਈ।

## (ਕਬਿੱਤ)

**ਐਸੇ ਨੇ ਦਿਆਲੂ ਮਹਾਂ ਹਰਿਨਾਮ ਸਿੰਘ**
**ਹੋਇ ਕੇ ਪ੍ਰਸੰਨ ਦਿੰਦੇ ਬਖਸ਼ਸ਼ਾਂ ਮਹਾਨੀਆਂ॥**
**ਤੇਰੇ ਜੈਸਾ ਅਉਰ ਨਾ ਲੱਭੇ ਕੋਈ ਭਾਲੇ ਠਉਰ ਠਉਰ॥**
**ਹੋਂਵੀਏ ਹੈਰਾਨ ਸੁਣ ਤੇਰੀਆਂ ਕਹਾਣੀਆਂ॥**
**ਧੰਨ ਓਹ ਪ੍ਰੇਮੀ ਜਿਨਾਂ ਸੇਵਾ ਕੀਤੀ ਬਣ ਨੇਮੀ**
**ਜਿਨ੍ਹਾਂ ਨਾਲ ਬੀਤੀ ਉਨ੍ਹਾਂ ਸਿਫਤਾਂ ਬਖਾਨੀਆਂ॥**
**ਤੇਰੀਆਂ ਕਹਾਣੀਆਂ ਨਾ ਜਾਂਦੀਆਂ ਬਖਾਨੀਆਂ**
**ਪੂਜਦੇ ਨੇ ਲੋਕ ਅੱਜ ਤੇਰੀਆਂ ਨਿਸ਼ਾਨੀਆਂ॥**

ਇਹ ਪ੍ਰਸੰਗ ਸ. ਜਗਤਾ ਸਿੰਘ ਦੇ ਪੜਪੋਤੇ ਸ. ਜੋਗਿੰਦਰ ਸਿੰਘ (ਕਾਕਾ ਜੀ) ਢਿਲੋਂ ਤੋਂ ਪ੍ਰਾਪਤ ਹੋਇਆ।

## ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ॥

ਸਰਬ ਸ਼ਕਤੀਮਾਨ, ਨਿਪੁੰਨਤਾ ਦੇ ਭੰਡਾਰ, ਆਦਰਸ਼ ਸੋਚ ਵਾਲੇ ਮਹਾਂਪੁਰਖ ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਹਰ ਇੱਕ ਮਨੁੱਖ ਨੂੰ ਬਹੁਤ ਨੇੜੇ ਤੋਂ ਭਾਂਵਦੇ ਸਨ, ਮਹਿਸੂਸ ਕਰਦੇ ਸਨ ਜਿਸ ਤਰ੍ਹਾਂ ਉਸ ਦੇ ਮਨ ਦੀ ਇੱਛਾ ਹੁੰਦੀ ਉਸ ਦੀ ਪੂਰਤੀ ਆਪਣੀ ਰੂਹਾਨੀ ਸ਼ਕਤੀ ਦੁਆਰਾ ਕਰ ਦਿੰਦੇ ਸਨ ਇਹ ਵੀ ਇਨਸਾਨ ਦੀ ਵੱਡੀ ਕਮਜ਼ੋਰੀ ਹੈ ਕਿ ਇੱਕ ਵਾਰ ਮਹਾਂਪੁਰਖ ਦਾ ਅਧਿਆਤਮਕ ਬਲ ਕਿਸੇ ਦੁਰਲੱਭ ਕੌਤਕ ਦੀ ਝੱਲਕ ਦੁਆਰਾ ਪਰਖ ਕੇ ਵੀ ਅੱਖੀ ਡਿੱਠਣ ਤੋਂ ਬਾਅਦ ਵੀ ਅਣਗੋਲਿਆ ਕਰ ਦੇਣਾ ਇਹ ਉਸ ਦੇ ਦਿਮਾਗ ਦੀ ਸੀਮਤਪਨ ਦੀ ਨਿਸ਼ਾਨੀ ਹੈ। ਪਰ ਕਈ ਵਾਰ ਭੋਲੇ ਭਾਲੇ ਲੋਕ ਮਹਾਂਪੁਰਖਾਂ ਦੀ ਕਰਨੀ ਪਛਾਨਣ ਤੋਂ ਅਸਮਰਥ ਹੁੰਦੇ ਹਨ। ਉਹ ਤਰ੍ਹਾਂ ਤਰ੍ਹਾਂ ਦੇ ਕਾਰਨਾਮੇ ਦੇਖ ਕੇ ਹੀ ਮਨ ਦੀ ਖ਼ੁਸ਼ੀ ਪ੍ਰਾਪਤ ਕਰਦੇ ਹਨ। ਇਸੇ ਹੀ ਤਰ੍ਹਾਂ ਹਜ਼ੂਰ ਦਾ ਇੱਕ ਸੇਵਾਦਾਰ ਪ੍ਰੇਮ ਸਿੰਘ ਸ਼ੇਖੋਂ ਪਿੰਡ ਭੁੱਚੋਂ ਕਲਾਂ ਦਾ ਰਹਿਣ ਵਾਲਾ ਸੀ। ਬਾਬਾ ਜੀ ਦੇ ਰੂੰਮੀ ਰਹਿਣ ਸਮੇਂ ਕੁਝ ਸਮਾਂ ਦੁੱਧ ਦੀ ਸੇਵਾ ਕਰਦਾ ਹੁੰਦਾ ਸੀ। ਨਿਤਨੇਮ ਦੁੱਧ ਸਮੇਂ ਮੁਤਾਬਿਕ ਰੂੰਮੀ ਸਾਹਿਬ ਲੈ ਕੇ ਜਾਣਾ ਇੱਕ ਦਿਨ ਮੌਸਮ ਬਹੁਤ ਖਰਾਬ ਹੋ ਗਿਆ ਮੀਂਹ ਤੇ ਹਨ੍ਹੇਰੀ ਕਦੇ ਕਦੇ ਗੜੇ ਵੀ ਪੈਣ ਲੱਗ ਜਾਂਦੇ। ਪ੍ਰੇਮ ਸਿੰਘ ਸੇਖੋਂ ਨੇ ਖੇਸ ਦੀ ਬੁੱਕਲ ਮਾਰ ਲਈ ਅਤੇ ਦੁੱਧ ਲੈ ਕੇ ਰੂੰਮੀ ਵੱਲ ਨੂੰ ਤੁਰ ਪਿਆ। ਮਨ ਵਿੱਚ ਫੁਰਨਾ ਬਣਿਆ ਕਿ "ਜੇ ਬਾਬਾ ਜੀ ਅੱਧ ਤਕ ਆ ਜਾਣ ਤਾਂ ਮੈਂ ਗੜਿਆ ਦੀ ਮਾਰ ਤੋਂ ਬਚ ਜਾਵਾਂ।" ਸੱਚੇ ਪਿਆਰ ਦਾ ਕੀਲਿਆ (ਬੱਧਾ) ਪ੍ਰੇਮ ਸਿੰਘ ਬਾਬਾ ਜੀ ਲਈ ਦੁੱਧ ਲਈ ਜਾ ਰਿਹਾ ਹੈ ਗੜਿਆ ਨੇ ਵੀ ਆਪਣਾ ਪੂਰਾ ਬਲ ਲਾ ਰੱਖਿਆ ਹੈ। ਪਰ ਨੇਹੁ ਵਾਲੇ ਕਦੇ ਅਰਾਮ ਨਹੀਂ ਕਰਦੇ ਉਹ ਤਾਂ ਆਪਣੀ ਮੰਜ਼ਿਲ ਵੱਲ ਵੱਧਦੇ ਹੀ ਜਾਂਦੇ ਹਨ। ਜਿਵੇਂ ਫਰੀਦ ਜੀ ਦਾ ਕਥਨ ਹੈ –

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥**

**ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥**
**ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥**
**ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥**

(ਅੰਗ ੧੩੭੯)

ਪ੍ਰੇਮ ਸਿੰਘ ਇਨ੍ਹਾਂ ਵਿਚਾਰਾਂ ਦੀ ਨੌਕਾ (ਕਿਸਤੀ) ਨੂੰ ਦਰਿਆ ਦੀਆਂ ਉੱਠਦੀਆਂ ਭਿਆਨਕ ਲਹਿਰਾਂ ਤੋਂ ਨੇਹੁ (ਪ੍ਰੇਮ) ਰੂਪੀ ਚੱਪੂ ਨਾਲ ਕਿਨਾਰੇ ਵੱਲ ਵਧਾ ਰਿਹਾ ਹੈ। ਗੜਿਆ ਦੀ ਛਾਵੇਂ ਹੀ ਪ੍ਰੇਮ ਸਿੰਘ ਅੱਧ ਵਿੱਚ ਪਹੁੰਚ ਗਿਆ। ਅਚਾਨਕ ਦੀ ਦੇਖਦਾ ਹੈ ਕਿ ਬਾਬਾ ਜੀ ਸਾਹਮਣੇ ਆ ਖਲੋਤੇ। ਸੇਖੋਂ ਨੇ ਦਰਸ਼ਨ ਕਰਦਿਆਂ ਹੀ ਨਮਸਕਾਰ ਕੀਤੀ ਤੇ ਕਹਿਣ ਲੱਗਾ "ਪਾਤਸ਼ਾਹ ਆਪ ਇਥੇ।"

ਬਾਬਾ ਜੀ ਨੇ ਬਚਨ ਕੀਤਾ "ਸੇਖੋਂ। ਤੂੰ ਸੋਚਦਾ ਸੀ ਕਿ ਗੜੇ ਪੈ ਰਹੇ ਹਨ। ਦੁੱਧ ਲੈ ਕੇ ਜਾਣਾ ਔਖਾ ਹੈ। ਜੇ ਬਾਬਾ ਜੀ ਆਪ ਅੱਧ ਤੱਕ ਆ ਜਾਣ ਤਾਂ ਠੀਕ ਹੈ"। ਤੇਰੀ ਮਨ ਦੀ ਪੁਕਾਰ ਸਾਡੇ ਤੱਕ ਪਹੁੰਚੀ ਤਾਂ ਹੀ ਇਥੇ ਆਏ ਹਾਂ।

ਪ੍ਰੇਮ ਸਿੰਘ ਨੇ ਦੁੱਧ ਅੱਗੇ ਕਰ ਦਿੱਤਾ। ਹਜ਼ੂਰ ਨੇ ਦੁੱਧ ਛੱਕ ਲਿਆ।

ਬਾਬਾ ਜੀ ਰੂਮੀ ਤੋ ਭੁੱਚੋਂ ਕਲਾ ਆ ਗਏ ਤਾਂ ਪ੍ਰੇਮ ਸਿੰਘ ਅੰਦਰ ਸੇਵਾ ਭਾਵਨਾ ਤੇ ਪ੍ਰੀਤ ਉਸ ਤਰ੍ਹਾਂ ਹੀ ਰਹੀ ਇੱਕ ਦਿਨ ਸੇਖੋਂ ਅਤੇ ਵਰਿਆਮ ਸਿੰਘ ਇਕੱਠੇ ਬਾਬਾ ਜੀ ਦੇ ਆਸਣ ਟਿੱਲਾ ਸਾਹਿਬ ਵੱਲ ਆ ਰਹੇ ਸਨ। ਰਸਤੇ ਵਿੱਚ ਉਤੇਜਨਾ ਹੋਈ ਕਿ ਅੱਜ ਬਾਬਾ ਜੀ ਤੋਂ ਪ੍ਰਤੱਖ ਕੌਤਕ (ਕਰਿਸ਼ਮਾ) ਦੇਖਣਾ ਹੈ। ਸ਼ਾਮ ਦਾ ਵੇਲਾ ਸੀ ਨੇੜੇ ਪਹੁੰਚ ਕੇ ਨਮਸਕਾਰ ਕੀਤੀ। ਮਹਾਂਪੁਰਖਾਂ ਨੇ "ਹਰੀ ਹਰ" ਅਲਾਪਿਆ। ਮਹਾਂਪੁਰਖ ਬੱਧਾ ਨੇ ਤਾਂ ਨਾਮ ਦੁਆਰਾ ਹੀ ਬੋਲਣਾ, ਨਾਮ ਦੁਆਰਾ ਸੁਨਣਾ, ਕਿਸੇ ਦਾ ਭਲਾ ਕਰਨਾ ਨਾਮ ਦੁਆਰਾ, ਪ੍ਰਾਣੀ ਦਾ ਅਧਾਰ ਕਰਨਾ ਨਾਮ ਦੁਆਰਾ ਇਹ ਉਨ੍ਹਾਂ ਦੀ ਅਦਭੁੱਤ ਕਲਾ ਹੈ। ਦੋਨੋਂ ਬਾਬਾ ਜੀ ਨੇੜੇ ਬੈਠ ਗਏ।

ਹਜ਼ੂਰ ਨੇ ਪੁੱਛਿਆ "ਕਿਵੇਂ ਆਏ ਹੋ।"

ਦੋਨਾਂ ਨੇ ਉੱਤਰ ਵਿੱਚ ਕਿਹਾ ਕਿ ਮਹਾਰਾਜ। ਅੱਜ ਕੋਈ ਅਰਚਜਤਾ

ਵਾਲਾ ਕੌਤਕ ਵਰਤਾਉ।"

ਬਾਬਾ ਜੀ ਨੇ ਬਚਨ ਕੀਤਾ "ਵਰਿਆਮ ਸਿੰਘ ਤੈਨੂੰ ਨਾਮ ਜਪਣ ਦੀ ਜੁਗਤੀ ਦਿੱਤੀ ਹੈ। ਨਾਮ ਜਪਦੇ ਰਹੋ, ਸੇਖੋਂ ਤੂੰ ਪਹਿਲਾਂ ਵੀ ਦੇਖ ਚੁੱਕਿਆ ਹੈ।

ਵਾਰ ਵਾਰ ਕਹਿਣ ਤੇ ਬਾਬਾ ਜੀ ਨੇ ਬਚਨ ਕੀਤਾ "ਚੰਗਾ ਫੇਰ ਅੱਧੀ ਰਾਤ ਨੂੰ ਉਹ ਸਾਹਮਣੇ ਕਰੀਰਾਂ ਦੇ ਪਿਛੇ ਖੜੋ ਜਾਣਾ ਅੱਗੇ ਨਹੀਂ ਆਉਣਾ, ਛਿਪਦੇ ਵੱਲ ਮੂੰਹ ਕਰਕੇ ਖੜਨਾ ਹੈ। ਇਥੋਂ ਹੀ ਸਭ ਕੁਝ ਦੇਖਦੇ ਰਹਿਣਾ ਅੱਗੇ ਨਹੀਂ ਜਾਣਾ।"

ਅੱਧੀ ਰਾਤ ਹੋ ਗਈ ਦੋਨੋਂ ਹੀ ਪਹਿਰੇਦਾਰ ਵਰਿਆਮ ਸਿੰਘ ਅਤੇ ਪ੍ਰੇਮ ਸਿੰਘ ਸੇਖੋਂ, ਟਿੱਲੇ ਤੋਂ ਹੇਠਾਂ ਆ ਗਏ। ਜੋ ਚਾਹੁੰਦੇ ਸੀ ਉਹ ਪ੍ਰਤੱਖ ਦੇਖਣ ਲੱਗ ਪਏ। ਅਨੇਕਾਂ ਤਰ੍ਹਾਂ ਦੇ ਰੂਪ ਪ੍ਰਗਟ ਹੋਏ ਜਿਨ੍ਹਾਂ ਦੀ ਸ਼ਕਲ ਹਨੂੰਮਾਨ ਵਰਗੀ ਸੀ। ਸੋਚੀ ਪੱਕੀ ਖੇਡ ਰਹੇ ਸਨ ਤਕਰੀਬਨ (ਅੰਦਾਜਾ) ਦੋ ਘੰਟੇ ਇਹ ਸਭ ਕੁਝ ਦੇਖਦੇ ਰਹੇ ਫਿਰ ਦ੍ਰਿਸ਼ ਅਲੋਪ ਹੋ ਗਏ। ਇਹ ਹਕੀਕਤ ਦੇਖ ਕੇ ਹੈਰਾਨ ਹੋ ਗਏ। ਅੰਮ੍ਰਿਤ ਵੇਲਾ ਹੋਇਆ ਤਾਂ ਆਗਿਆ ਲੈ ਕੇ ਘਰਾਂ ਨੂੰ ਆ ਗਏ। ਅਲੌਕਿਕ ਤੇ ਰੁਮਾਂਟਿਕ ਕੌਤਕ ਦੇਖ ਕੇ ਵੀ ਮਨੁੱਖ ਦੀ ਭਾਵਨਾ ਨਹੀਂ ਬੁੱਝਦੀ। ਕਈ ਤਾਂ ਬਾਬਾ ਜੀ ਨੂੰ ਭੂਤਾਂ ਵਾਲਾ ਸਾਧ ਹੀ ਆਖਦੇ ਸਨ। ਮਹਾਂਪੁਰਖ ਹਰ ਪ੍ਰਾਣੀ ਦੀ ਤ੍ਰਿਸ਼ਨਾ ਪੂਰੀ ਕਰਦੇ। ਸਮੇਂ ਸਮੇਂ ਕਿਸੇ ਨੇ ਵੀ ਕੋਈ ਇੱਛਾ ਮਨ ਵਿੱਚ ਲਿਆਂਦੀ ਉਸ ਦੀ ਪੂਰਤੀ ਕੀਤੀ। ਹਰ ਸੰਸਾਰੀ ਜੀਵ ਦੀ ਲੋੜ ਵੇਲੇ ਰਖਸ਼ਾ ਕੀਤੀ। ਆਪ ਨੇ ਨਿੱਜੀ ਸਵਾਰਥਾਂ, ਹਿੱਤਾਂ, ਖਾਹਸ਼ਾਂ ਤੇ ਲੋੜਾਂ ਨੂੰ ਤਿਆਗ ਕੇ ਸਰੱਬਤ ਦੇ ਭਲੇ ਲਈ ਸੋਚਿਆ। ਸਰਬੱਤ ਦੇ ਭਲੇ ਲਈ ਕੰਮ ਕੀਤਾ ਅਤੇ ਇਨਸਾਨੀਅਤ ਲਈ ਕਾਰਜ ਕੀਤੇ ਇਹੀ ਮਹਾਂਪੁਰਖਾਂ ਦਾ ਸੱਚਾ ਧਰਮ ਹੈ। ਲੋੜ ਪੈਣ ਤੇ ਹੀ ਅਵਤਾਰ ਕੁਲਜੁੱਗੀ ਜੀਵਾਂ ਦਾ ਅਧਾਰ ਕਰਨ ਆਉਂਦੇ ਰਹੇ ਹਨ।

ਇਹ ਮੁਢ ਕਦੀਮ ਦੀ ਰੀਤ ਚੱਲੀ,
ਹੁੰਦੇ ਸ਼ੁਰੂ ਤੋਂ ਸ਼ੁਰੂ ਅਵਤਾਰ ਆਏ।
ਜਦੋਂ ਜਦੋ ਬਣਦੀ ਔਖੀ ਬੰਦਿਆ ਤੇ,

ਤਦੋਂ ਤਦੋਂ ਹੀ ਕਰਨ ਉਧਾਰ ਆਏ।
ਰਾਮ ਚੰਦਰ ਸਵਾਮੀ ਕਾਰਨ ਕਰਨ ਹੋ ਕੇ,
ਕਾਰਨ ਵਸ ਹੋ ਕੇ ਰਾਵਣ ਮਾਰ ਆਏ।
ਭਗਤ ਜਨਾ ਦੇ ਦੁਖ ਨਿਵਾਰਨੇ ਨੂੰ,
ਓੜ ਕੰਬਲੀ ਕ੍ਰਿਸ਼ਨ ਮੁਰਾਰ ਆਏ।
ਜਦੋਂ ਹਿੰਦੂ ਕੀਤੇ ਦੁਖੀ ਜਾਲਮਾਂ ਨੇ,
ਤਦੋਂ ਆਪ ਨਾਨਕ ਨਿਰੰਕਾਰ ਆਏ।
ਜਦੋਂ ਜੰਗ ਤੇ ਯੁੱਧ ਦਾ ਵਕਤ ਆਇਆ,
ਤਦੋਂ ਪਕੜ ਖੰਡਾ ਕਲਗੀਧਰ ਆਏ।

ਇਹ ਕਵਿਤਾ ਨਾਨਕਸਰ ਬਾਬਾ ਅਨੰਦ ਸਿੰਘ ਦੇ ਸਮੇਂ ਰਾਗੀ ਸਿੰਘ ਪੜਦੇ ਹੁੰਦੇ ਸਨ।

(ਸੰਤ ਮਹਾਰਾਜ ਖੇਮ ਸਿੰਘ ਜੀ ਦੇ ਮੁਖਾਰਬਿੰਦ ਤੋਂ ਹੈ)

# ਆਇ ਬਨਿਓ ਪੂਰਬਲਾ ਭਾਗੁ
# ਜਨਮ ਜਨਮ ਕਾ ਸੋਇਆ ਜਾਗੁ ॥

**(ਅੰਗ ੮੯੨)**

**ਗਈ ਗਿਲਾਨਿ ਸਾਧ ਕੈ ਸੰਗਿ ॥ ਮਨੁ ਤਨੁ ਰਾਤੋ ਹਰਿ ਕੈ ਰੰਗਿ ॥੨॥**

ਪੂਰਬਲਾ ਭਾਗੁ ਇਨਸਾਨ ਦੀ ਬਿਰਤੀ ਮਹਾਂਪੁਰਖਾਂ ਦੇ ਚਰਨਾਂ ਨਾਲ ਸੁਮੇਲ ਕਰਦਾ ਹੈ। ਜੀਵ ਭਾਵੇਂ ਧਾਰਮਿਕ ਤੌਰ ਤੇ, ਸਿਆਸਤੀ ਤੌਰ ਤੇ ਕਿਨਾਂ ਹੀ ਪ੍ਰਸਿੱਧ ਹੋ ਜਾਏ, ਸੰਸਾਰ ਵਿੱਚ ਸੋਭਾ ਹਾਸਲ ਕਰ ਲਏ ਪਰ ਉਹ ਅਸਲੀ ਸੋਭਾ ਤੋਂ ਅਨਜਾਣ ਰਹਿੰਦਾ ਹੈ। ਪ੍ਰਭੂ ਮੇਹਰ ਤੋਂ ਸੱਖਣਾ ਰਹਿੰਦਾ ਹੈ। ਜਿਵੇਂ ਚੰਦਨ ਵਿੱਚ ਖਸ਼ਬੂ ਬਹੁਤ ਹੁੰਦੀ ਹੈ ਪਰ ਹਵਾ ਤੋਂ ਬਿਨਾਂ ਉਹ ਖੁਸ਼ਬੂ ਬਖੇਰਨ ਤੋਂ ਅਸਮਰਥ ਹੈ ਬੇੜੀ ਮਲਾਹ ਤੋਂ ਬਿਨਾਂ ਪਾਰ ਨਹੀਂ ਹੋ ਸਕਦੀ ਇਨਸਾਨ ਦੀ ਹਸਤੀ ਪ੍ਰਮੇਸ਼ਰ ਦੀ ਓਟ ਦੇ ਸਹਾਰੇ ਹੈ। ਜੀਵ ਆਤਮਾ ਜਨਮਾ ਦੀ ਸੁਤੀ ਹੈ ਪਰ ਪੂਰਬਲੇ ਕਰਮਾਂ ਨਾਲ ਸਾਧ ਦੀ ਸੰਗਤ ਨਾਲ

ਇਹ ਜਾਗ ਪੈਂਦੀ ਹੈ ਤੇ ਫਿਰ ਮਨ ਤੇ ਤਨ ਮਾਲਕ ਦੇ ਪਿੰਜਰੇ ਵਿੱਚ ਪੈ ਕੇ ਉਹੀ ਬੋਲੀ ਬੋਲਦਾ ਹੈ ਜੋ ਬੋਲਣਹਾਰ ਪ੍ਰਭੂ ਨੂੰ ਪਸੰਦ ਹੈ। ਇਸ ਤਰ੍ਹਾਂ ਸਤਿਬਚਨ ਦਾ ਪਾਤਰ ਹੋ ਕੇ ਆਪਨਾ ਲੋਕ ਪ੍ਰਲੋਕ ਸੁਧਾਰ ਲੈਂਦਾ ਹੈ ਅਤੇ ਜੀਉਣ ਦੀ ਲਾਲਸਾ ਛੱਡਕੇ, ਮਰਨ ਦਾ ਭੈਅ ਤਿਆਗ ਕੇ ਮਹਾਂਪੁਰਖਾਂ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਇਹ ਹੀ ਅਵੱਸਥਾ ਭਾਈ ਨੀਲਾ ਸਿੰਘ ਦੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਚਰਨਾਂ ਨਾਲ ਅਤੁੱਟ ਸੰਪਰਕ ਸਦਕਾ ਹੋ ਗਈ ਸੀ। ਹਰ ਵੇਲੇ ਮਨ ਨਾਮ ਰੰਗ ਰੱਤੇ ਰਹਿਣਾ। ਤਨ ਨਾਲ ਸੇਵਾ ਕਮਾਉਣੀ। ਇਹੀ ਉਨ੍ਹਾਂ ਦਾ ਸੱਚਾ ਧਰਮ ਬਣ ਗਿਆ ਸੀ।

ਭਾਈ ਨੀਲਾ ਸਿੰਘ ਦਾ ਪਿੰਡ ਬੀਬੀ ਵਾਲਾ ਜੋ ਭੁੱਚੋਂ ਕਲਾਂ ਵਿੱਚ ਹੀ ਵਸਿਆ ਬਠਿੰਡਾ ਦੇ ਨਜਦੀਕ ਸੀ। ਇਹ ਪਿੰਡ ਭਾਈ ਦਿਆਲ ਸਿੰਘ ਦੀ ਪੋਤਰੀ ਭਾਈ ਗੁਰਬਖਸ਼ ਸਿੰਘ ਦੀ ਪੁੱਤਰੀ ਕਰਮ ਕੌਰ ਨੂੰ ਆਪਣੇ ਪਿਤਾ ਵਲੋਂ ਤੋਹਫੇ ਵਿੱਚ ਮਿਲਿਆ ਸੀ। ਬੀਬੀ ਕਰਮ ਕੌਰ ਦੀ ਔਲਾਦ ਭੁਚੋਂ ਕਲਾਂ ਵਿੱਚ ਰਹਿੰਦੀ ਹੈ। ਪੱਤੀ ਭਾਈ ਕੀ ਵਿੱਚ ਇਹ ਬੀਬੀ ਜੀ ਦੇ ਅਗਵਾੜ ਨਾਲ ਰਹਿੰਦੇ ਹਨ। ਭਾਈ ਨੀਲਾ ਸਿੰਘ ਵੀ ਬਾਬਾ ਜੀ ਦੇ ਦਰਸ਼ਨ ਕਰਨ ਆਪਣੇ ਸੰਗੀਆਂ ਨਾਲ ਆਉਂਦਾ ਰਹਿੰਦਾ ਸਮਾਂ ਪਾ ਕੇ ਸੇਵਾ ਭਾਵਨਾ ਵੱਧਦੀ ਗਈ ਕੋਈ ਪੁਰਾਤਨ-ਪੁੰਨ ਦੀ ਪ੍ਰੇਮ ਗੰਢ ਹੋਰ ਪੀਡੀ ਹੁੰਦੀ ਗਈ, ਅਖੀਰ ਇੱਕ ਸੇਵਾ ਮੰਗ ਲਈ। ਹਜ਼ੂਰ ਨੇ ਆਗਿਆ ਦੇ ਦਿੱਤੀ ਪਰ ਸ਼ਰਤ ਰੱਖ ਦਿੱਤੀ ਕਿ ਮੁੜ ਕੇ ਘਰ ਨਹੀਂ ਜਾਣਾ। ਨੀਲਾ ਸਿੰਘ ਨੇ ਸਤ ਬਚਨ ਕਹਿ ਕੇ ਸਿਰ ਝੁਕਾ ਦਿੱਤਾ।

ਬਾਬਾ ਜੀ ਨੇ ਹੁਕਮ ਦਿੱਤਾ "ਸਾਹਮਣੇ ਅੰਦਰ ਹੀ ਖੂਹੀ ਤੋਂ ਪਾਣੀ ਲਿਆਉਣ ਦੀ ਸੇਵਾ ਕਰਨੀ ਹੈ। ਇਹ ਪਾਣੀ ਦਾ ਬੋਕਾ ਇਕੱਲੇ ਨੂੰ ਖਿਚਣਾ ਪਵੇਗਾ।"

ਨੀਲਾ ਸਿੰਘ ਨੇ ਸੇਵਾ ਸੰਭਾਲ ਲਈ ਬੋਕੇ ਨਾਲ ਪਾਣੀ ਖਿਚਣਾ ਅਤੇ ਘੜਿਆਂ ਵਿੱਚ ਪਾਉਣਾ। ਕੁਝ ਆਪ ਚੁੱਕ ਕੇ ਲਿਆਉਣੇ ਕੁਝ ਸੰਗਤ ਨੇ ਲੈ ਆਉਣੇ। ਉਸ ਸਮੇਂ ਵਿੱਚ ਪਾਣੀ ਦਾ ਸਾਧਨ ਖੂਹਾਂ ਰਾਹੀਂ ਸੀ। ਬੋਕੇ ਲੈ ਕੇ ਇੱਕ ਲੰਬੀ ਲੱਜ ਨਾਲ ਬੰਨ ਲੈਣੀ ਅਤੇ ਬਲਦ ਅੱਗੇ ਜੋੜ

ਕੇ ਖੂਹ ਵਿਚੋਂ' ਪਾਣੀ ਕੱਢਣਾ। ਪਰ ਨੀਲਾ ਸਿੰਘ ਤਾਕਤਵਰ ਸੀ ਜੋ ਕਿ ਆਪ ਹੀ ਅੱਗੇ ਜੁੜ ਕੇ ਪਾਣੀ ਦਾ ਬੋਕਾ ਬਾਹਰ ਖਿਚਦਾ। ਹਰ ਰੋਜ਼ ਨੇਮ ਨਾਲ ਇਹ ਮਿਲੀ ਹੋਈ ਸੇਵਾ ਕਰਨੀ ਕਦੇ ਵੀ ਸੇਵਾ ਤੋਂ ਅੱਕਣਾ ਥੱਕਣਾ ਨਹੀਂ। ਜਿਵੇਂ ਸਤਿਗੁਰਾਂ ਦਾ ਫੁਰਮਾਣ ਹੈ।

**ਮੂ ਲਾਲਨ ਸਿਉ ਪ੍ਰੀਤਿ ਬਨੀ॥**
**ਤੋਰੀ ਨਾ ਤੂਟੈ ਛੋਰੀ ਨਾ ਛੂਟੈ ਐਸੀ ਮਾਧੋ ਖਿੰਚ ਤਨੀ॥੧॥**

(ਬਿਲਾਵਲੁ ਮ: ੫, ੮੨੭)

ਦੇਸੀ ਘੀ ਛਕਣ ਦੇ ਸੋਕੀਂਨ ਸਨ। ਪਰ ਘੀ ਆਦਿ ਘਰ ਤੋਂ ਮੰਗਵਾਉਂਦੇ ਸਨ ਸਿਧ ਪੁਰਸ਼ ਹੁੰਦੇ ਹੋਏ ਸੇਵਾ ਰੁਚੀ ਲਾ ਕੇ ਕਰਦੇ ਸਨ ਤਨ ਤੇ ਮਨ ਨਾਲ ਕੀਤੀ ਸੇਵਾ ਵਿਅਰਥ ਨਹੀਂ ਜਾਂਦੀ। ਨੀਲਾ ਸਿੰਘ ਨੇ ਸੇਵਾ ਕਰਕੇ ਸਿਧੀਆ ਪਾ ਲਈਆਂ ਸਨ, ਸਹਿਜ ਸੁਭਾਅ ਕੋਈ ਬਚਨ ਕਰਨਾ, ਪੂਰਾ ਹੋ ਜਾਣਾ। ਬਾਬਾ ਅਨੰਦ ਸਿੰਘ ਜੀ ਬਚਨ ਕਰਨ ਸਮੇਂ ਦ੍ਰਿਸ਼ਟਾਂਤਕ ਤੌਰ ਤੇ ਇੱਕ ਪ੍ਰਸੰਗ ਸੁਣਾਇਆ ਕਰਦੇ ਸਨ। ਇੱਕ ਰਾਜੇ ਦੇ ਦਰਬਾਰ ਅੰਦਰ ਇੱਕ ਭੰਗਣ ਝਾੜੂ ਦੀ ਸੇਵਾ ਕਰਦੀ ਸੀ ਉਸ ਨੇ ਆਪਣੀ ਉਮਰ ਦਾ ਬਹੁਤ ਹਿੱਸਾ ਇਹੀ ਕੰਮ ਵਿੱਚ ਲੰਘਾ ਦਿੱਤਾ। ਇੱਕ ਦਿਨ ਰਾਜੇ ਦੇ ਮਨ ਵਿੱਚ ਭੰਗਣ ਪ੍ਰਤੀ ਖਿਆਲ ਆਇਆ ਕਿ ਇਹ ਗਰੀਬ ਔਰਤ ਕਈ ਸਾਲਾਂ ਤੋਂ ਦਰਬਾਰ ਦੀ ਸੇਵਾ ਕਰਦੀ ਆ ਰਹੀ ਹੈ ਕਿਉਂ ਨਾ ਇਸ ਨੂੰ ਕੋਈ ਬਖਸ਼ਿਸ਼ ਦੇਈਏ। ਉਸ ਨੇ ਖਜਾਨੇ ਵਿੱਚੋਂ ਇੱਕ ਲਾਲ ਮੰਗਵਾ ਕੇ ਭੰਗਣ ਨੂੰ ਦੇ ਦਿੱਤਾ ਅਤੇ ਨਾਲ ਹੀ ਕਿਹਾ "ਕਿ ਤੂੰ ਸਾਡੀ ਬਹੁਤ ਸੇਵਾ ਕੀਤੀ ਹੈ ਹੁਣ ਅਰਾਮ ਨਾਲ ਰਜ ਕੇ ਖਾਉ ਪੀਉ ਤੇ ਘਰ ਅਰਾਮ ਕਰੋ। ਭੰਗਣ ਲਾਲ ਲੈ ਕੇ ਘਰ ਚਲੀ ਗਈ ਅਗਲੇ ਦਿਨ ਫਿਰ ਝਾੜੂ ਫੇਰਨ ਦਾ ਕੰਮ ਕਰਨ ਲੱਗੀ ਰਾਜਾ ਆ ਕੇ ਕਹਿਣ ਲੱਗਾ 'ਹੁਣ ਕੀ ਲੋੜ ਸੀ ਝਾੜੂ ਫੇਰਨ ਦੀ।'

ਭੰਗਣ ਨੇ ਕਿਹਾ "ਰਾਜਾ ਜੀ ਇਸ ਝਾੜੂ ਨੇ ਮੈਨੂੰ ਲਾਲਾਂ ਵਾਲੀ ਬਣਾ ਦਿੱਤਾ ਹੈ ਮੈਂ ਇਸ ਨੂੰ ਕਿਵੇਂ ਛੱਡ ਦਿਆਂ।"

ਬਾਬਾ ਜੀ ਮਹਾਰਾਜ ਇਹ ਪ੍ਰਸੰਗ ਸੁਣਾ ਕੇ ਸਿਖਿਆ ਦਿੰਦੇ ਸਨ। ਜੇ ਗੁਰੂ ਦੀ ਸੇਵਾ ਕਰਨ ਵਾਲਾ ਆਪਣੇ ਗੁਰੂ ਤੋਂ ਦਾਤ ਲੈ ਕੇ ਉਸ ਨੂੰ ਭੁਲਾ ਦੇਵੇ ਤਾਂ ਉਸ ਦੀ ਬੁਧੀ ਤਾਂ ਉਸ ਭੰਗਣ ਤੋਂ ਵੀ ਮਲੀਨ ਹੋਈ।

ਜੋ ਕੋਈ ਆਪਣੇ ਗੁਰੂ ਦਾ ਅਹਿਸਾਨ ਭੁੱਲ ਜਾਦਾ ਹੈ ਉਸ ਨੂੰ ਅਹਿਸਾਨ ਫਰਾਮੋਸ਼ (ਅਕਿਰਤਘਨ) ਕਿਹਾ ਹੈ। ਅਕਿਰਤਘਨ ਲਈ ਤਾਂ ਪ੍ਰਮੇਸ਼ਰ ਦੇ ਘਰ ਦੇ ਦਰਵਾਜ਼ੇ ਹਮੇਸ਼ਾ ਲਈ ਬੰਦ ਹੁੰਦੇ ਹਨ ਉਸ ਨੂੰ ਤਾਂ ਕਿਤੇ ਵੀ ਸੂਈ ਦੀ ਨੋਕ ਜਿਨੀ ਜਗ੍ਹਾ ਨਹੀਂ ਮਿਲਦੀ ਜਿਵੇਂ

**ਦਾਤਿ ਪਿਆਰੀ ਵਿਸਰਿਆ ਦਾਤਾਰਾ॥**

**(ਧਨਾਸਰੀ ਮ: ੫ ਅੰਗ ੬੭੬)**

ਗੁਰ ਸਿੱਖ ਜੋ ਆਪਨਾ ਆਪ ਗੁਰੂ ਨੂੰ ਅਰਪਨ ਕਰ ਚੁੱਕੇ ਹੋਣ ਉਹ ਪ੍ਰੀਤਮ ਦਾ ਸ਼ੁਕਰਾਨਾ ਕਰਦੇ ਹਨ। ਉਹ ਕਦੇ ਗੁਰੂ ਤੋਂ ਆਕੀ ਨਹੀਂ ਹੁੰਦੇ ਸਦਾ ਸੇਵਾ ਸਿਮਰਨ ਵਿੱਚ ਲੱਗੇ ਹੋਏ ਸਤਿਬਚਨ ਦੇ ਅਧਿਕਾਰੀ ਰਹਿੰਦੇ ਹਨ। ਇਹੀ ਸ਼ਰਧਾ ਭਾਈ ਨੀਲਾ ਸਿੰਘ ਵਿੱਚ ਸੀ।

**ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ॥**

**(ਸੋਰਠਿ ਮਹਲਾ ੫, ਅੰਗ ੬੧੦)**

ਸੋ ਨੀਲਾ ਸਿੰਘ ਨੇ ਨਿਮਰਤਾ ਸਦਕਾ ਉਹ ਧਰਮ ਪਦਵੀ ਅਤੇ ਅਨੰਦ ਪ੍ਰਾਪਤ ਕਰ ਲਿਆ ਜਿਸ ਤੋਂ ਬਹੁਤ ਜਗਤ ਵਾਂਝਿਆ ਹੈ ਸੇਵਾ ਵਿੱਚ ਆਉਣ ਤੋਂ ਬਾਅਦ ਦੀ ਸਾਰੀ ਜ਼ਿੰਦਗੀ ਸੇਵਾ ਅੰਦਰ ਹੀ ਲੰਘਾ ਦਿੱਤੀ ਸੇਵਾ ਵਿੱਚ ਆਲਸ ਨਹੀਂ ਕੀਤੀ। ਆਪਦੀ ਨੀਂਦ, ਭੁੱਖ ਤ੍ਰੇਹ ਗਰਮੀ ਤੇ ਸਰਦੀ ਦੀ ਕਦੇ ਪ੍ਰਵਾਹ ਨਹੀਂ ਕੀਤੀ। ਭਾਈ ਸਾਹਿਬ ਭਾਈ ਗੁਰਦਾਸ ਜੀ ਕਥਨ ਕਰਦੇ ਹਨ:—

**ਪੈਰੀਂ ਪੈ ਪਾ ਖਾਕ ਹੋਇ ਛਡਿ ਮਣੀ ਮਨੂਰੀ॥**
**ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ॥**
**ਤੱਪੜ ਝਾੜਿ ਵਿਛਾਂਇੰਦਾ ਚੁਲਿ ਝੋਕਿ ਨ ਝੂਰੀ॥**
**ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ॥**
**ਚੰਦਨੁ ਹੋਵੈ ਸਿੰਮਲਹੁ ਫਲ ਵਾਸ ਹਜੂਰੀ॥**
**ਪੀਰ ਮੁਰੀਦਾਂ ਪਿਰਹੜੀ ਗੁਰਮਖਿ ਮਤਿ ਪੂਰੀ॥**

**(ਵਾਰ ੨੭ ਪਉੜੀ ੧੯)**

# ਸਾਧੂ ਸੰਗਿ ਸਿਖਾਇਓ ਨਾਮੁ ॥
# ਸਰਬ ਮਨੋਰਥ ਪੂਰਨ ਕਾਮ ॥

(ਅੰਗ ੩੯੪)

ਸੰਗਤ ਮਨੁਖ ਦੀ ਤਕਦੀਰ ਬਣਾਉਂਦੀ ਹੈ। ਬਚਪਨ ਵਿੱਚ ਆਦਮੀ ਇਸਤਰੀ ਜਿਸ ਕਿਸਮ ਦਾ ਸਾਥ ਕਰੇਗਾ ਉਸ ਦਾ ਆਤਮਿਕ ਵਿਕਾਸ ਉਸ ਮਿਲੀ ਹੋਈ ਸੰਗਤ ਦੇ ਪਦ ਤੇ ਚੱਲਦਾ ਹੋਇਆ ਜ਼ਿੰਦਗੀ ਦੀ ਗੱਡੀ ਨੂੰ ਤੋਰੇਗਾ। ਬੁਰੇ ਦੀ ਸੰਗਤ ਦਾ ਫਲ ਲੋਕ ਪ੍ਰਲੋਕ ਅੰਦਰ ਦੁਖਦਾਈ ਹੋਵੇਗਾ ਪਰ ਭਲੇ ਪੁਰਸ਼ ਦੀ ਸੰਗਤ ਵਿੱਚ ਆਇਆ ਮਨੁੱਖ ਧਰਮੀ, ਸਬਰ, ਸ਼ਹਿਨਸ਼ੀਲਤਾ ਤੇ ਤਿਆਗ ਦਾ ਪਾਤਰ ਬਣ ਕੇ ਖਾਲਕ ਦੀ ਖਲਕਤ ਅੰਦਰ ਪਰਮ ਪਦਵੀ ਪਾ ਲੈਂਦਾ ਹੈ ਅਤੇ ਦਿਖਾਵੇ ਦੇ ਪਦਾਰਥ, ਆਪਣੀ ਨਿਜੀ ਸੁੱਖਾਂ ਤੇ ਮਾਇਆ ਦੀ ਲੋੜ ਤੋਂ ਨਿਰਲੇਪ ਹੋਕੇ ਜ਼ਿੰਦਗੀ ਦੇ ਅਸਲੀ ਮਨੋਰਥ ਦਾ ਰਸਤਾ ਪਾ ਲੈਂਦਾ ਹੈ ਪਰ। ਜਿਹੜਾ ਮਨੁੱਖ ਇਸ ਤੋਂ ਵੀ ਸ੍ਰੇਸ਼ਟ ਸੰਗਤ, ਸਾਧੂ ਦੀ ਸੰਗਤ ਕਰਦਾ ਉਹ ਜਨਮ ਦੀ ਲਾਲਸਾ ਤੋਂ ਮਰਨ ਦੇ ਭੈਅ ਤੋਂ ਸੁਖਾਂ ਤੋਂ ਦੁਖ ਦੀ ਨਵਿਰਤੀ ਤੋਂ ਆਪਣਾ ਪੱਲਾ ਛੁਡਾ ਕੇ ਪ੍ਰਭੂ ਨਾਲ ਅਭੇਦ ਹੈ ਜਾਂਦਾ ਹੈ ਜਿਵੇਂ —

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥**

(ਸੋਰਠਿ ਮ: ੯ ਅੰਗ ੬੩੩)

ਇਹ ਪ੍ਰਾਣੀ ਸਾਧ ਸੰਗਤ ਸਦਕਾ ਦੁਨੀਆਦਾਰ ਤੋਂ ਉਤਮ ਹੋ ਜਾਂਦਾ ਹੈ ਉਹ ਸੁਖ ਨਹੀਂ ਮੰਨਦਾ ਜਿਵੇਂ ਸੋਨਾ ਮਿੱਟੀ ਵਿੱਚ ਨਹੀਂ ਰਚਦਾ ਨਿੰਦਿਆ ਉਸਤਤੀ, ਅਭਿਮਾਨ, ਹਰਖ ਸੋਗ ਤੋਂ ਰਹਿਤ ਹੋ ਜਾਂਦਾ ਹੈ। ਸਾਧ ਸੰਗਤ ਨਾਲ ਨਾਮ ਦੀ ਪ੍ਰਾਪਤ ਸਦਕਾ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ। ਉਸ ਦੀ ਦੁਨਿਆਵੀਂ ਤ੍ਰਿਸ਼ਨਾ ਬੁਝ ਜਾਂਦੀ ਹੈ ਇਕੋ ਹੀ ਆਸ ਰਹਿੰਦੀ ਹੈ ਪ੍ਰਭੂ ਦੇ ਮਾਲਕ ਦੇ ਦਰਸ਼ਨਾਂ ਦੀ, ਹੋਰ ਸਭ ਕੂੜ ਦੇ ਪਸਾਰ ਤੋਂ ਮਨ ਮੋੜ ਲਿਆ

ਹੁੰਦਾ ਹੈ। ਪਿਛਲੇ ਪ੍ਰਸੰਗ ਦੀ ਤਰ੍ਹਾਂ ਇੱਕ ਹੋਰ ਪ੍ਰੇਮੀ ਭਾਈ ਸਾਹਿਬ ਕੇਸਰ ਸਿੰਘ ਜੀ, ਬਾਬਾ ਜੀ ਮਹਾਰਾਜ ਦੀ ਸੰਗਤ ਵਿੱਚ ਆਏ ਅਤੇ ਸਦਾ ਲਈ ਇਥੇ ਹੀ ਰਹਿ ਕੇ ਅਖੀਰ ਸੰਤ ਦੀ ਪਦਵੀ ਪਾ ਕੇ ਗੁਰੂ ਨਾਲ ਇੱਕ ਜਿੰਦ ਹੋ ਗਏ।

ਭਾਈ ਕੇਸਰ ਸਿੰਘ ਪਿੰਡ ਰਾਅ ਖਾਨਾ (ਬਠਿੰਡਾ) ਦੇ ਵਸਨੀਕ ਸਨ। ਆਪ ਨਾਈ ਜਾਤ ਨਾਲ ਸੰਬੰਧ ਰੱਖਦੇ ਸਨ। ਪੁਰਾਣੇ ਸਮੇਂ ਆਵਾਜਾਈ ਦੇ ਸਾਧਨਾਂ ਦੀ ਕਮੀ ਹੋਣ ਕਾਰਨ ਲੋਕ ਆਪ ਤੁਰ ਕੇ ਸਫਰ ਕਰਦੇ ਸਨ। ਕੇਸਰ ਸਿੰਘ ਭੁਚੋਂ ਦੇ ਨੇੜੇ ਕੋਈ ਕੰਮ ਆਇਆ ਸੀ ਤਰਕਾਲਾਂ ਹੋ ਜਾਣ ਕਰਕੇ ਭੁਚੋਂ ਕਲਾਂ ਬਾਬਾ ਜੀ ਦੇ ਡੇਰੇ ਆ ਗਏ। ਬਾਬਾ ਜੀ ਦੇ ਦਰਸ਼ਨ ਕੀਤੇ, ਨਮਸਕਾਰ ਕਰਕੇ ਕੋਲੇ ਬੈਠ ਗਿਆ। ਹਜ਼ੂਰ ਨੇ ਮਰਿਯਾਦਾ ਅਨੁਸਾਰ ਪਿੰਡ, ਗੋਤ, ਨਾਨਕੇ ਦਾਦਕੇ ਆਦਿ ਸਭ ਕੁਝ ਪੁੱਛਿਆ। ਕੇਸਰ ਨੇ ਸਿੰਘ ਸਭ ਕੁਝ ਦੱਸ ਦਿੱਤਾ।

ਹਜ਼ੂਰ ਨੇ ਬਚਨ ਕੀਤਾ "ਦਰਸ਼ਨ ਕਰਨ ਆਇਆ ਕਿ ਪ੍ਰਸ਼ਨ ਕਰਨ।" ਕੇਸਰ ਸਿੰਘ ਨੇ ਜਵਾਬ ਦਿੱਤਾ "ਮਹਾਰਾਜ ! ਰਾਤ ਕੱਟਣੀ ਹੈ। ਸਵੇਰੇ ਚਲਾ ਜਾਵਾਂਗਾ। ਬਾਬਾ ਜੀ ਨੇ ਪ੍ਰੰਸਨਤਾ ਦੇ ਅੰਦਾਜ਼ ਵਿੱਚ ਬਚਨ ਕੀਤਾ "ਸਵੇਰੇ ਚਲਾ ਜਾਵੇਗਾਂ?" ਸਰਬ ਕਲਾ ਭਰਪੂਰ ਸਰਬ ਸ਼ਕਤੀਮਾਨ ਮਹਾਂਪੁਰਖ ਦਾ ਬਚਨ ਕੇਸਰ ਸਿੰਘ ਦੇ ਮਨ ਤੇ ਇਉਂ ਅਸਰ ਕਰ ਗਿਆ ਜਿਵੇਂ ਹਨ੍ਹੇਰੇ ਉਪਰ ਦੀਪਕ ਦਾ ਉਜਾਲਾ। ਮਨ ਦਾ ਅੰਧਕਾਰ ਦੂਰ ਹੋ ਗਿਆ ਤੇ ਬੁੱਧੀ ਵਿਚਾਰਵਾਨ ਸ਼੍ਰੇਸ਼ਟ ਹੋ ਗਈ। ਘਰ ਜਾਣ ਦਾ ਖਿਆਲ ਛੱਡ ਦਿੱਤਾ ਅਤੇ ਚਰਨਾਂ ਵਿੱਚ ਰਹਿਣ ਦਾ ਸਕੰਲਪ ਕਰ ਲਿਆ। ਜਿਵੇਂ —

**ਚਰਨ ਕਮਲ ਸੰਗਿ ਲਾਗੀ ਡੋਰੀ ॥**
**ਸੁਖ ਸਾਗਰ ਕਰਿ ਪਰਮ ਗਤਿ ਮੋਰੀ ॥੧॥ ਰਹਾਉ ॥**
**ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥**
**ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥੧॥**
**ਪੂਰਨ ਪੂਰਿ ਰਹੇ ਕਿਰਪਾ ਨਿਧਿ ਆਨ ਨ ਪੇਖਉ ਹੋਰੀ ॥**
**ਨਾਨਕ ਮੇਲਿ ਲੀਓ ਦਾਸੁ ਅਪੁਨਾ ਪ੍ਰੀਤਿ ਨ ਕਬਹੂ ਥੋਰੀ ॥੨॥**

(ਨਟ ਮਹਲਾ ੫ ਅੰਗ ੯੭੯)

ਸੰਤ ਕੇਸਰ ਸਿੰਘ ਜੀ ਨੂੰ ਹਜ਼ੂਰ ਨੇ ਸੇਵਾ ਦੇ ਨਾਲ ਸ੍ਰੀ ਜਪੁਜੀ ਸਾਹਿਬ ਦੇ ਪਾਠ ਕਰਨ ਦੀ ਜੁਗਤੀ ਦੱਸ ਕੇ ਨਿਤਨੇਮ ਵਿੱਚ ਲਾਇਆ ਇਨ੍ਹਾਂ ਦੀ ਸਿਮਰਨ ਅਵੱਸਥਾ ਇਨੀ ਉਤਮ ਹੋ ਗਈ ਕਿ ਡੇਢ ਸੌ ਤੋਂ ਦੋ ਸੌ ਤੱਕ ਰੋਜ਼ਾਨਾ ਜਪੁਜੀ ਸਾਹਿਬ ਦੇ ਪਾਠ ਕਰਨ। ਬਾਬਾ ਜੀ ਕਈ ਵਾਰ ਸੰਗਤ ਵਿੱਚ ਇਹ ਬਚਨ ਕਰਿਆ ਕਰਦੇ ਸਨ ਕਿ "ਜਦ ਅਸੀਂ ਟਿੱਲੇ ਤੇ ਹੁੰਦੇ ਸੀ ਕੇਸਰ ਸਿੰਘ ਸਾਨੂੰ ਦੋ ਦੋ ਸੌ ਪਾਠ ਜਪੁਜੀ ਸਾਹਿਬ ਦੇ ਰੋਜ਼ਾਨਾ ਸੁਣਾ ਦਿੰਦੇ ਸਨ।"

**ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥**

**(ਗਉੜੀ ਸੁਖਮਨੀ ਮ: ੫ ਅੰਗ ੨੮੬)**

ਬਾਬਾ ਜੀ ਦੀ ਸੰਗਤ ਕਰਦਿਆ ਕੇਸਰ ਸਿੰਘ ਦੇ ਕਈ ਦਿਨ ਲੰਘ ਗਏ ਪਿਛੋਂ ਘਰ ਵਾਲੇ ਆਪ ਜੀ ਦੀ ਭਾਲ ਕਰਦੇ ਹੋਏ ਡੇਰੇ ਪਹੁੰਚ ਗਏ। ਕੇਸਰ ਸਿੰਘ ਨੂੰ ਘਰ ਮੁੜਨ ਲਈ ਕਿਹਾ ਪਰ ਉਨ੍ਹਾਂ ਸਾਫ ਜਵਾਬ ਦੇ ਦਿੱਤਾ। ਜਦੋਂ ਸਾਰੇ ਯਤਨ ਨਾਕਾਮ ਹੋ ਗਏ ਤਾਂ ਬਾਬਾ ਜੀ ਕੋਲ ਬੇਨਤੀ ਕੀਤੀ।

ਹਜ਼ੂਰ ਨੇ ਬਚਨ ਕੀਤਾ "ਜੇ ਤੁਹਾਡਾ ਹੈ ਤਾਂ ਲੈ ਜਾਓ ਅਗਰ ਸਾਡਾ ਹੋਇਆ ਤਾਂ ਨਹੀਂ ਜਾਏਗਾ।" ਅਖੀਰ ਘਰ ਵਾਲੇ ਸਫਲਤਾ ਨਾ ਮਿਲਦੀ ਵੇਖ ਕੇ ਘਰ ਵਾਪਸ ਚਲੇ ਗਏ।

ਹੁਣ ਕੇਸਰ ਸਿੰਘ ਨੂੰ ਡਾਲੀ ਦੀ ਸੇਵਾ (ਭਾਵ ਨਗਰ ਵਿੱਚੋਂ ਪ੍ਰਸ਼ਾਦਾ ਤੇ ਦੁੱਧ ਦੀ ਸੇਵਾ) ਮਿਲ ਗਈ। ਡਾਲੀ ਦੀ ਸੇਵਾ ਦੇ ਨਾਲ ਨਾਲ ਪ੍ਰਮੇਸ਼ਰ ਦੀ ਬੰਦਗੀ ਕਰਦੇ ਰਹਿਣਾ। ਦਸ ਸਾਲ ਇਸ ਪਵਿੱਤਰ ਸੇਵਾ ਵਿੱਚ ਲੰਘ ਗਏ। ਪ੍ਰਸ਼ਾਦ ਹੁਕਮ ਅਨੁਸਾਰ ਸੰਗਤ ਵਿੱਚ ਵਰਤਾਉਣਾ ਪਰ ਆਪ ਨੇ ਸਰਬ ਸੰਤੋਖ ਨਾਲ ਬੈਠੇ ਰਹਿਣਾ, ਜਦੋਂ ਪਾਤਸ਼ਾਹ ਨੇ ਆਪਣੇ ਹੱਥ ਨਾਲ ਪ੍ਰਸ਼ਾਦਾ ਜਿਨੀ ਮਾਤਰਾ ਵਿੱਚ ਦੇਣਾ ਛੱਕ ਲੈਣਾ,ਹੋਰ ਨਹੀਂ ਮੰਗਣਾ ਜੇ ਨਹੀਂ ਦੇਣਾ ਤਾਂ ਚੁੱਪ ਕਰਕੇ ਬੈਠੇ ਰਹਿਣਾ। ਖੁਸ਼ਕ ਪ੍ਰਸ਼ਾਦੇ ਮਿਲ ਗਏ ਤਾ ਉਹੀ ਛਕ ਲੈਣੇ ਲੂਣ ਵੀ ਨਹੀਂ ਮੰਗਣਾ ਪਾਣੀ ਨਾਲ ਹੀ ਬੁਰਕੀਆਂ ਲੰਘਾ ਲੈਣੀਆਂ। ਪਰ ਬਾਬਾ ਜੀ ਕ੍ਰਿਪਾ ਦ੍ਰਿਸ਼ਟੀ ਸਦਕਾ ਇਸੇ ਵਿੱਚ ਹੀ ਪ੍ਰਸੰਨ ਰਹਿਣਾ।

**ਸਾਂਈ ਮੇਰਾ ਵਾਡਾ ਚੰਗਾ ਰੁਖੀ ਰੋਟੀ ਦੇਇ॥**
**ਡਰਦਿਆਂ ਲੂਣ ਨਾ ਮੰਗੀਏ ਮੱਤ ਰੁਖੀ ਵੀ ਖੋ ਲੇਇ॥**
**ਰੁਖੀ ਵੀ ਖਸ ਲੇਇ ਤਿਸੁ ਆਗੈ ਕਿਆ ਚਾਰਾ॥**
**ਸਰਬ ਕਲਾ ਸਮਰਥ ਬੇ-ਪ੍ਰਵਾਹ ਹੈ ਭਾਰਾ॥**
**ਕਦੇ ਨਾ ਮਨੋਂ ਵਿਸਾਰ ਯਾਦ ਕਰ ਉਸ ਦੇ ਤਾਂਈ॥**
**ਬਾਰ ਬਾਰ ਕਰ ਨਮਸਕਾਰ ਉਹ ਸੱਚਾ ਸਾਂਈ॥**

ਜਿਨ੍ਹਾਂ ਨੂੰ ਬਾਣੀ ਨੇ ਕੀਲ ਦਿੱਤਾ ਹੈ ਉਹ ਤਾਂ ਇਸ ਦੀ ਹਰ ਪੰਗਤੀ ਤੋਂ ਪ੍ਰਭਾਵਿਤ ਹਨ। ਇੱਕ ਵਾਰ ਬਾਬਾ ਅਨੰਦ ਸਿੰਘ ਜੀ ਦੇ ਦਰਬਾਰ ਅੰਦਰ ਕੀਰਤਨ ਦੀ ਸਮਾਪਤੀ ਹੋਈ। ਪਾਤਸ਼ਾਹ ਨੇ ਬਚਨ ਕੀਤਾ "ਲਿਆ ਈਸ਼ਰ ਕੁਝ ਖਾਣ ਲਈ ਲਿਆ। ਸਰੀਰ ਭੁੱਖਾ ਡਿਗ ਰਿਹਾ ਹੈ।" ਉਨ੍ਹਾਂ ਪ੍ਰਸ਼ਾਦ ਤਿਆਰ ਕੀਤਾ ਹੋਇਆ ਸੀ। ਕੀਰਤਨ ਤੋਂ ਬਾਅਦ ਇੱਕ ਰਾਗੀ ਇੱਕ ਸੁਰ ਛੇੜ ਕੇ ਕੀਰਤਨ ਕਰਦਾ ਹੁੰਦਾ ਸੀ। ਬਾਬਾ ਈਸ਼ਰ ਸਿੰਘ ਜੀ ਨੇ ਪ੍ਰਸ਼ਾਦ ਲਿਆ ਹਜ਼ੂਰ ਅੱਗੇ ਰੱਖਿਆ ਹੀ ਸੀ ਕਿ ਕੀਰਤਨਏ ਨੇ ਪੰਗਤੀ ਦਿੱਤੀ "ਰੁਖੀ ਸੁਖੀ ਖਾਇ ਕੇ ਠੰਢਾ ਪਾਣੀ ਪੀਓ" ਬਾਬਾ ਜੀ ਮਹਾਰਾਜ ਅਨੰਦ ਸਿੰਘ ਜੀ ਨੇ ਪ੍ਰਸ਼ਾਦ ਪਰੇ ਕਰਕੇ ਕਿਹਾ "ਜਾ ਈਸ਼ਰ ਠੰਢਾ ਪਾਣੀ ਲਿਆ।" ਬਾਣੀ ਕੋਈ ਪੜ੍ਹ ਰਿਹਾ ਹੈ ਪਰ ਪ੍ਰਭੂ ਦੇ ਭਗਤ ਇਹ ਸਮਝਦੇ ਹਨ ਕਿ ਮੈਨੂੰ ਹੀ ਕਹਿ ਰਿਹਾ ਹੈ। ਉਨ੍ਹਾਂ ਦੀ ਬਿਰਤੀ ਪ੍ਰਮੇਸ਼ਰ ਦੇ ਰੰਗ ਵਿੱਚ ਰੰਗੀ ਹੁੰਦੀ ਹੈ। ਪਦਾਰਥਾਂ ਦੀ ਕੋਈ ਲਾਲਸਾ ਨਹੀਂ ਹੁੰਦੀ। ਸੋ ਇਸੇ ਤਰ੍ਹਾਂ ਬਾਬਾ ਜੀ ਨੇ ਕੇਸਰ ਸਿੰਘ ਨੂੰ ਜੋ ਦੇ ਦੇਣਾ ਛੱਕ ਲੈਣਾ ਅਤੇ ਜੁਪਜੀ ਸਾਹਿਬ ਦੇ ਪਾਠਾਂ ਵਿੱਚ ਮਸਤ ਰਹਿਣਾ। ਬਾਬਾ ਜੀ ਬਚਨ ਕਰਿਆਂ ਕਰਦੇ ਸਨ ਕਿ "ਕੇਸਰ ਸਿੰਘ ਨੂੰ ਰਾਜੇ ਸੋਨੇ ਦੀ ਪਾਲਕੀ ਵਿੱਚ ਚੁੱਕਿਆ ਕਰਨਗੇ।"

(ਇਹ ਪ੍ਰਸੰਗ ਲੇਖਕ ਦੇ ਮਾਤਾ ਪਿਤਾ ਤੋਂ ਪ੍ਰਾਪਤ ਹੋਇਆ ਹੈ)

# ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥ ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥

(ਅੰਗ ੧੧੮੬)

ਮਨੁੱਖ ਮਾਇਆ ਮੋਹ ਅੰਦਰ ਉਡਾਰੀਆਂ ਲਾਉਂਦਾ ਹੈ ਜੋ ਵੀ ਕੰਮ ਕਰਦਾ ਹੈ ਉਸ ਨੂੰ ਆਪਣਾ ਨਾਮ ਦਿੰਦਾ ਹੈ, ਪਰ ਜੇ ਮਾੜਾ ਹੋ ਜਾਏ ਤਾਂ ਕਹਿੰਦਾ ਹੈ "ਜੋ ਕੁਦਰਤਿ ਨੂੰ ਮਨਜ਼ੂਰ ਹੈ।" ਸੁਖਾਂ ਦੀ ਜ਼ਿੰਦਗੀ ਦਾ ਅਨੰਦ ਮਾਣਦਾ ਪ੍ਰਮਾਤਮਾ ਨੂੰ ਅੱਖੋ ਪਰੋਖੇ ਕਰ ਦਿੰਦਾ ਹੈ ਦੁਖ ਦੀ ਪਰਸਥਿਤੀ ਵਿੱਚ ਪ੍ਰਮੇਸ਼ਰ ਦੀ ਕਰਨੀ ਨੂੰ ਕੋਸਦਾ ਹੈ। ਵਿਰਲੇ ਹੀ ਪ੍ਰਾਣੀ ਦੁਖ ਸੁਖ ਅੰਦਰ ਉਸ ਦੀ ਜੋਤ ਨੂੰ ਮੰਨਦੇ ਹਨ। "ਤੇਰੀ ਕੁਦਰਤਿ ਤੂਹੇ ਜਾਣਹਿ" ਦੀ ਪਰਿਭਾਸ਼ਾ ਨੂੰ ਤਾਂ ਸੰਤ ਜਨ ਜਾਂ ਉਨ੍ਹਾਂ ਦੀ ਸਾਧ ਸੰਗਤ ਕਰਨ ਵਾਲੇ ਹੀ ਜਾਣਦੇ ਹਨ। ਉਨ੍ਹਾਂ ਨੇ ਗੁਰੂ ਦਾ ਉਪਦੇਸ਼ "ਅਵਰ ਕਾਜ ਤੇਰੇ ਕਿਤੇ ਨਾ ਕਾਮ, ਮਿਲਿ ਸਾਧ ਸੰਗਤਿ ਭਜ ਕੇਵਲ ਨਾਮ।' ਦੇ ਫੁਲ ਦੀ ਖੁਸਬੂ ਸੁੰਘੀ ਹੁੰਦੀ ਹੈ। ਖੁਸ਼ਬੂ ਲੈਣ ਵਾਲਾ ਉਸ ਦੇ ਅਨੰਦ ਨੂੰ ਜਾਣ ਸਕਦਾ ਹੈ ਦੁਰੇਡੇ ਖੜੇ ਇਨਸਾਨ ਨੂੰ ਕੀ ਪਰਖ ਹੈ ਗੁਲਾਬ ਦੇ ਫੁਲ ਅਤੇ ਅੱਕ ਦੇ ਫੁਲ ਵਿਚ। ਜਿਸ ਨੇ ਪ੍ਰਭੂ ਦੇ ਪਿਆਰ ਦੀ ਸੁਗੰਧੀ ਨਹੀਂ ਲਈ ਉਸ ਦੀਆਂ ਗਿਆਨ ਇੰਦਰੀਆਂ ਦਾ ਪਸਾਰਾ ਨਹੀਂ ਹੋ ਸਕਦਾ। ਦੁਨਿਆਵੀਂ ਵਿਦਿਆ ਪੜ੍ਹ ਕੇ ਸੰਸਾਰਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਗੁਰਬਾਣੀ ਵਿਦਿਆ ਪੜ੍ਹ ਕੇ ਪਰਮਾਰਥ ਦੇ ਸੁਖ ਮਿਲਦੇ ਹਨ। ਬਾਣੀ ਪੜ੍ਹਨ ਤੇ ਅਮਲ ਕਰਨ ਵਾਲਾ ਪ੍ਰਾਣੀ ਸੰਸਾਰਕ ਮਨੁੱਖਤਾ ਅੰਦਰ ਆਪਣੀਆਂ ਨੀਹਾਂ ਮਜਬੂਤ ਕਰ ਲੈਂਦਾ ਹੈ। ਕਿਉਂਕਿ ਉਹ ਤੂਹੈ ਜਾਣ, ਤੁਧ ਪਛਾਣੇ ਦੀ ਸਮੱਰਥਾ ਰੱਖਦਾ ਹੈ। ਅਵਰ ਨ ਦੂਜਾ ਜਾਣੇ ਕੋਏ ? ਜਿਸ ਨੇ ਲਾਲਾਂ ਦਾ ਵਣਜ ਨਹੀਂ ਕੀਤਾ ਉਹ ਤਾਂ ਲਾਲ ਦੀ ਪਛਾਣ ਵੀ ਨਹੀਂ ਕਰ ਸਕਦਾ, ਜਿਸ ਨੇ ਪਾਣੀ ਅੰਦਰ ਪੈਰ ਨਹੀਂ ਪਾਇਆ ਉਹ ਤੈਰਨ ਦੀ ਜੁਗਤੀ ਨਹੀਂ ਜਾਣਦਾ, ਜਿਸ ਨੇ ਪਦਾਰਥ ਚੱਖਿਆ ਨਹੀਂ ਉਹ ਸੁਆਦ ਕੀ ਦੱਸੇਗਾ, ਜਿਸ ਨੇ

ਨਾਮ ਨਹੀਂ ਜਪਿਆ ਉਹ ਕੀ ਜਾਣੈ ਅਧਿਆਤਮਕ ਅਨੰਦ ਨੂੰ। "ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ"।

**ਗਰੂਰ ਕਿਸ ਕਾ ਹੈ, ਸਰੂਰ ਕਿਸ ਕਾ ਹੈ,**
**ਜੋ ਤੂੰ ਨਾ ਸਮਝੇ ਕਸੂਰ ਕਿਸ ਕਾ ਹੈ?**

ਮਹਾਂਪੁਰਖਾਂ ਨੇ ਆਪਣੀ ਪਛਾਣ ਕਰਾਉਣ ਦੀ ਮੇਹਰ ਦੀ ਨਦਰਿ ਦੋ ਹੋਰ ਪ੍ਰੇਮੀਆਂ ਉਪਰ ਕੀਤੀ। ਇਹ ਪ੍ਰੇਮੀ ਭਾਈ ਸੁੰਦਰ ਸਿੰਘ ਅਤੇ ਭਾਈ ਘੁਕਰ ਸਿੰਘ ਅਕਾਲੀ ਜੋ ਸੇਵਾ ਅੰਦਰ ਆਏ। ਪ੍ਰਸੰਗ ਉਸ ਸਮੇਂ ਦਾ ਹੈ ਜਦੋਂ ਸੁੰਦਰ ਸਿੰਘ ਵੀਹ ਕੁ ਸਾਲ ਦੀ ਉਮਰ ਵਿੱਚ ਅਤੇ ਘੁਕਰ ਸਿੰਘ ਸੋਲਾਂ ਕੁ ਸਾਲ ਦੀ ਉਮਰ ਵਿੱਚ ਸੀ। ਇਹ ਦੋਨੋਂ ਆਪਸ ਵਿੱਚ ਮਿੱਤਰ ਵੀ ਸਨ। ਘੁਕਰ ਸਿੰਘ ਜਿਸ ਦੀ ਆਯੂ ਤਕਰੀਬਨ ਇੱਕ ਸੌ ਸੱਤ ਸਾਲ ਹੈ ਅੱਜ ਵੀ ਚੰਗੀ ਹਾਲਤ ਵਿੱਚ ਜ਼ਿੰਦਗੀ ਜੀਅ ਰਿਹਾ ਹੈ। ਇਸ ਨੇ ਦੱਸਿਆ ਹੈ (ਘੁਕਰ ਸਿੰਘ ਦੀ ਜਬਾਨੀ)।

ਅਸੀਂ ਦੋਨਾਂ ਇਕੱਠੇ ਆਉਣਾ ਤੇ ਬਾਬਾ ਜੀ ਨਾਲ ਗੱਲਾਂ ਕਰਦੇ ਸੁਣਦੇ ਰਹਿਣਾ। ਅੱਜ ਦੀ ਵਿਚਾਲੇ ਛੱਡੀ ਗੱਲ ਕੱਲ ਫਿਰ ਸ਼ੁਰੂ ਕਰ ਦੇਣੀ ਰਸਤੇ ਵਿੱਚ ਆਉਂਦੇ ਸਮੇਂ ਸੋਚਦੇ ਆਉਣਾ ਕਿ ਬਾਬਾ ਜੀ ਕੋਲ ਰੱਬ ਦੇ ਘਰ ਦੀ ਗੱਲ ਸੁਣਾਂਗੇ, ਪਰ ਕੋਲ ਆ ਕੇ ਸਭ ਕੁਝ ਭੁੱਲ ਜਾਦਾ ਪਿਛਲੀਆਂ ਗੱਲਾਂ ਹੀ ਤੋਰ ਦੇਣੀਆਂ। ਅਸੀਂ ਬਾਬਾ ਜੀ ਦੇ ਇਸ਼ਨਾਨ ਕਰਨ ਲਈ ਪਾਣੀ ਦੇ ਘੜੇ ਲਿਆਉਣ ਦੀ ਸੇਵਾ ਨੀਲਾ ਸਿੰਘ ਨਾਲ ਕਰਵਾਉਣ ਲੱਗ ਪਏ। ਇੱਕ ਦਿਨ ਸੁੰਦਰ ਸਿੰਘ ਕਹਿਣ ਲੱਗਾ "ਕਿ ਅੱਜ ਬਾਬਾ ਜੀ ਤੋਂ ਮਠਿਆਈ ਖਾਣ ਲਈ ਮੰਗੀਏ।" ਜਦੋਂ ਟਿੱਲੇ ਓਪਰ ਪਹੁੰਚ ਗਏ ਤਾਂ ਬਾਬਾ ਜੀ ਅੱਗੇ ਨਮਸਕਾਰ ਕੀਤੀ ਤੇ ਨੇੜੇ ਬੈਠ ਗਏ। ਬਾਬਾ ਜੀ ਨੇ "ਹਰੀ ਹਰ" ਅਲਾਪਿਆ ਤੇ ਬਚਨ ਕੀਤਾ "ਅੱਜ ਗੁਰਮੁਖੋ ਕੀ ਖਾਉਗੇ।"

ਸੁੰਦਰ ਸਿੰਘ ਨੇ ਕਿਹਾ "ਮਹਾਰਾਜ! ਅੱਜ ਮਠਿਆਈ ਖੁਆ ਦਿਉ।" ਮਠਿਆਈ ਮੰਗ ਕੇ ਅਸੀਂ ਮਨ ਵਿੱਚ ਸੋਚਣ ਲੱਗ ਪਏ, "ਕਿ ਰੋਟੀਆਂ ਤਾਂ ਪਿੰਡ ਤੋਂ ਆਉਂਦੀਆਂ ਹਨ ਮਠਿਆਈ ਕਿਥੋਂ ਆਏਗੀ।"

ਹਜ਼ੂਰ ਆਪਣੀ ਕੁਟੀਆਂ ਅੰਦਰ ਗਏ ਜਿਸ ਦੇ ਪਰਦਾ ਵਿਚਾਲੇ ਲਾ

ਕੇ ਦੋ ਹਿਸੇ ਕੀਤੇ ਹੋਏ ਸਨ। ਪਰਦੇ ਦੇ ਪਿਛੇ ਜਲੇਬੀਆਂ, ਲੱਡੂ ਹੋਰ ਕਈ ਤਰ੍ਹਾਂ ਦੀ ਮਠਿਆਈ ਦਾ ਬੁੱਕ ਭਰ ਲਿਆਏ ਤੇ ਸੁੰਦਰ ਸਿੰਘ ਵੱਲ ਕਰਕੇ ਬਚਨ ਕੀਤਾ "ਲਉ ਖਾ ਲਵੋ" ਫਿਰ ਮੇਰੇ ਵੱਲ ਹੱਥ ਕਰਕੇ ਖਲੋ ਗਏ।

ਸੁੰਦਰ ਸਿੰਘ ਨੇ ਝੱਟ ਹੀ ਮੇਰੇ ਵੱਲ ਦੇਖ ਕੇ ਕਿਹਾ "ਘੁਕਰ ਨਾ ਖਾਈ ਇਹ ਤਾਂ ਭੂਤਾਂ ਤੋਂ ਮੰਗਵਾਈ ਹੈ, ਇਹ ਖਾ ਕੇ ਮਰ ਜਾਵਾਂਗੇ। ਬਾਬਾ ਜੀ ਨੇ ਕਈ ਵਾਰ ਬਚਨ ਕੀਤਾ "ਕਿ ਖਾ ਲਵੋ।" ਪਰ ਅਸੀਂ ਡਰ ਗਏ, ਅਸੀਂ ਮਠਿਆਈ ਨਾ ਖਾਦੀ। ਬਾਬਾ ਜੀ ਮਠਿਆਈ ਅੰਦਰ ਹੀ ਵਾਪਿਸ ਲੈ ਗਏ। ਸਾਡੇ ਅੰਦਰਲਾ ਭਰਮ ਦੂਰ ਕਰਨ ਲਈ ਹਜ਼ੂਰ ਨੇ ਬਚਨ ਕੀਤਾ" ਘੁਕਰ ਸਿੰਘ ਜਾਓ ਜਾ ਕੇ ਬੀਬੀ ਵਾਲਾ ਪੰਡਤਾਂ ਨੂੰ ਰੋਟੀ ਕਰਨੀ ਹੈ ਮਠਿਆਈ ਖੁਆਣੀ ਹੈ ਉਨ੍ਹਾਂ ਨੂੰ (ਸੱਦਾ) ਨਿਉਂਦਾ ਦੇ ਆਉ, ਅਸੀਂ ਜੱਗ ਕਰਨਾ ਹੈ।"

ਘੁਕਰ ਸਿੰਘ ਤੇ ਸੁੰਦਰ ਸਿੰਘ ਬੀਬੀ ਵਾਲਾ ਗਏ ਤੇ ਪੰਡਿਤਾਂ ਨੂੰ ਨਿਉਂਦਾ ਦੇ ਆਏ। ਅਗਲੇ ਦਿਨ ਇੱਕ ਪੰਡਿਤ ਹੀ ਆਇਆ। ਬਾਬਾ ਜੀ ਨੇ ਨੀਲਾ ਸਿੰਘ ਨੂੰ ਹੁਕਮ ਕੀਤਾ ਕਿ ਮੱਟੀ ਵਿੱਚੋਂ ਮਠਿਆਈ ਲਿਆ ਤੇ ਪੰਡਿਤ ਨੂੰ ਖੁਆ (ਘੁਕਰ ਸਿੰਘ ਦੀ ਜ਼ਬਾਨੀ) ਸਾਡੇ ਸਾਹਮਣੇ ਮਠਿਆਈ ਪੰਡਿਤ ਨੂੰ ਖੁਆਈ ਅਤੇ ਵੀਹ ਸੇਰ ਦਾਣੇ ਇਹ ਦੁਆਨੀ ਦੱਕਸ਼ਨਾ ਦਿੱਤੀ। ਸਾਨੂੰ ਇਹ ਸਮਝ ਨਹੀਂ ਆਈ ਕਿ ਅੰਦਰ ਕੋਈ ਕਣਕ ਨਹੀਂ ਸੀ ਇਹ ਕਣਕ ਕਿਥੋਂ ਆਈ ਪਰ ਸਾਡੇ ਭੋਲੇ ਦਿਮਾਗ ਅੰਦਰ ਉਹੀ ਖਿਆਲ ਰਿਹਾ ਕਿ ਇਹ ਭੂਤਾਂ ਤੋਂ ਮੰਗਵਾਈ ਹੈ। ਉਸ ਪੰਡਿਤ ਨੂੰ ਵਿਦਾ ਕਰਨ ਸਮੇਂ ਬਾਬਾ ਜੀ ਨੇ ਬਚਨ ਕੀਤਾ ਮਹਿਣੇ ਪਿੰਡ ਦੇ ਪੰਡਿਤਾਂ ਨੂੰ ਸੱਦਾਂ ਦੇ ਦੇਣਾ।"

ਅਗਲੇ ਦਿਨ ਚਾਰ ਪੰਡਿਤ ਆ ਗਏ ਉਨ੍ਹਾਂ ਨੂੰ ਵੀ ਉਹੀ ਮੱਟੀ ਵਿੱਚੋਂ ਮਠਿਆਈ ਖੁਆਈ ਅਤੇ ਵੀਹ ਸੇਰ ਦਾਣੇ ਤੇ ਇੱਕ ਦੁਆਨੀ ਹਰੇਕ ਪੰਡਿਤ ਨੂੰ ਦਿੱਤੀ। ਇਹ ਸਿਲਸਿਲਾ ਇੱਕ ਹਫਤਾ ਚਲਦਾ ਰਿਹਾ ਬਾਹੀਏ ਦੇ ਪੰਡਿਤਾਂ ਨੂੰ ਉਸੇ ਮੱਟੀ ਵਿੱਚੋਂ ਮਠਿਆਈ ਖੁਆ ਦਿੱਤੀ ਅਤੇ ਦੱਛਣਾ ਵੀ ਦਿੱਤੀ। ਨੀਲਾ ਸਿੰਘ ਮੱਟੀ ਵਿੱਚੋਂ ਲਿਆਉਂਦਾ ਸੀ ਮੈਨੂੰ (ਘੁਕਰ ਸਿੰਘ) ਫੜਾ ਦਿੰਦਾ ਸੀ, ਮੈਂ ਅੱਗੇ ਪੰਡਿਤਾਂ ਨੂੰ ਵਰਤਾਉਂਦਾ ਸੀ। ਇਹ ਸਭ ਕੁਝ ਬਾਬਾ ਜੀ ਨੇ ਸਾਡੇ ਮਨ ਦੀ ਸ਼ੰਕਾ ਦੂਰ ਕਰਨ ਲਈ ਕੀਤਾ ਸੀ। ਪਰ ਸਾਡੀ ਮਲੀਨ ਬੁੱਧੀ ਇਹ ਸਭ ਕੁਝ ਅੱਖੀਂ ਵੇਖ ਵੀ ਨਾ ਸਮਝਣ ਤੋਂ ਅਸਮਰਥ ਰਹੀ।

ਸਾਡੇ ਅੰਦਰ ਤਾਂ ਇਕੋ ਹੀ ਭੂਤ ਸਵਾਰ ਸੀ ਕਿ" ਬਾਬਾ ਜੀ ਭੂਤਾਂ ਤੋਂ ਮੰਗਵਾਉਂਦੇ ਹਨ ਭੂਤਾਂ ਇਨ੍ਹਾਂ ਦੇ ਵਸ ਹਨ। ਹੁਣ ਜਦੋਂ ਸਮਾਂ ਹੱਥੋਂ ਨਿਕਲ ਗਿਆ ਭਵਿਖ ਬਾਣੀ ਕੀਤੀ। ਅੱਖੀ ਦੇਖ ਰਿਹਾ ਤਾਂ ਮਨ ਭਰ ਜਾਂਦਾ ਹੈ। "ਇਹ ਸਭ ਕੁਝ ਬੋਲਦੇ ਸੁਣਾਉਂਦੇ ਘੁਕਰ ਸਿੰਘ ਦੀਆਂ ਅੱਖਾਂ ਤੋਂ ਅਥਰੂ ਬਹਿ ਤੁਰਦੇ ਹਨ ਅਤੇ ਇੱਕ ਲੰਮਾ ਹਾਉਕਾ ਲੈ ਕੇ ਕਹਿੰਦਾ ਹੈ "ਜੇ ਇਹ ਪਤਾ ਲੱਗ ਜਾਂਦਾ ਕਿ ਇਹ ਤਾਂ ਆਪ ਹੀ ਰੱਬ ਹਨ ਤਾਂ ਪੱਲਾ ਨਾ ਛਡਦੇ ਕੀ ਲੈਣਾ ਸੀ ਕਬੀਲਦਾਰੀ ਤੋਂ, ਬੇੜਾ ਪਾਰ ਕਰ ਲੈਂਦੇ।" ਬਜ਼ੁਰਗ ਘੁਕਰ ਸਿੰਘ ਕਹਿੰਦਾ ਹੈ "ਜੋ ਹੁਣ ਹੋ ਰਿਹਾ ਹੈ ਬਾਬਾ ਜੀ ਉਸ ਦੀ ਭਵਿੱਖ ਬਾਣੀ ਸਾਡੇ ਕੋਲ ਅੱਸੀ ਸਾਲ ਪਹਿਲਾਂ ਕਰਿਆ ਕਰਦੇ ਸਨ ਜਿਵੇਂ ਬਠਿੰਡਾ ਬਰਨਾਲਾ ਸੜਕ ਵਾਰੇ ਭੁੱਚੋਂ ਮੰਡੀ ਤੇ ਭੁੱਚੋਂ ਕਲਾਂ ਇੱਕ ਹੋ ਜਾਣਗੇ, ਭੁੱਚੋਂ ਤੇ ਬਠਿੰਡਾ ਇੱਕ ਹੋ ਜਾਣਗੇ। ਇਹ ਸਾਡੀ ਬੇ ਸਮਝੀ ਸੀ ਕਿ ਅਸੀਂ ਇਨ੍ਹਾਂ ਗੱਲਾਂ ਨੂੰ ਸੁਣ ਕੇ ਬਾਬਾ ਜੀ ਨੂੰ ਕਹਿਣਾ "ਕਿ ਵੱਡਾ ਗੱਪ ਛੱਡਿਆ ਹੈ (ਘੁਕਰ ਸਿੰਘ ਜੀ ਜ਼ਬਾਨੀ)

(ਇਹ ਪ੍ਰਸੰਗ ਘੁਕਰ ਸਿੰਘ ਨਾਲ ਆਪ ਬੀਤੀ ਦਾ ਹੈ ਜੋ ਉਨ੍ਹਾਂ ਆਪ ਦਾਸ ਨੂੰ ਦੱਸਿਆ ਹੈ। ਅਗਲੇ ਪ੍ਰਸੰਗ ਵੀ ਉਨ੍ਹਾਂ ਦੀ ਜ਼ਬਾਨੀ ਮਿਤੀ 1 ਜੁਲਾਈ 1988)

## 2

ਹਜ਼ੂਰ ਨੇ ਦੇਸੀ ਖੰਡ ਦੀਆਂ ਦੋ ਮੱਘੀਆਂ (ਘੜੇ ਤੋਂ ਛੋਟੇ ਅਕਾਰ ਦੀ) ਭਰ ਕੇ ਰਖਣੀਆਂ। ਜਦ ਕਦੇ ਦੁੱਧ ਲੇਟ ਹੋ ਜਾਣਾ ਤਾਂ ਬਾਬਾ ਜੀ ਨੇ ਦੇਸੀ ਖੰਡ ਦੀਆਂ ਚਾਰ ਪਿੰਨੀਆਂ ਬਣਾ ਲੈਣੀਆਂ। ਤਿੰਨ ਪਿੰਨੀਆਂ ਜਾਨਵਰਾਂ ਨੂੰ ਪਾ ਦੇਣੀਆ ਅਤੇ ਇੱਕ ਆਪਣੇ ਹੱਥ ਵਿੱਚ ਰੱਖ ਲੈਣੀ। ਸਾਡੇ ਨਾਲ ਗੱਲਾਂ ਕਰਦੇ ਰਹਿਣਾ। ਇਸ ਬਾਰੇ ਸਾਨੂੰ ਪਤਾ ਨਾ ਲੱਗਣਾ ਕਿ ਪਿੰਨੀ ਖਾਂਦੇ ਵੀ ਸਨ ਜਾ ਨਹੀਂ। ਪਾਲ ਸਿੰਘ ਘੁਮਿਆਰ ਜਾਤੀ ਨਾਲ ਸੰਬੰਧ ਰੱਖਣ ਵਾਲਾ ਡੇਰੇ ਵਿਚ ਆਇਆ ਕਰਦਾ ਸੀ। ਇੱਕ ਦਿਨ ਉਸ ਨੇ ਮੌਕਾ ਤਾੜ ਕੇ ਖੰਡ ਵਾਲੀ ਦਲਨੀ ਵਿੱਚੋਂ ਇੱਕ ਮੁਠੀ ਖੰਡ ਦੀ ਭਰ ਲਈ ਅਤੇ ਖਾਣ ਲੱਗ ਪਿਆ। ਅੰਤਰਜਾਮੀ ਸਭ ਕੁਝ ਜਾਣਦੇ ਸਨ ਕਹਿਣ

ਲੱਗੇ' ਪਾਲਿਆ ਕੀ ਖਾ ਰਿਹਾ ਹੈ। 'ਪਾਲ ਸਿੰਘ ਘਬਰਾ ਗਿਆ ਕਿ ਚੋਰੀ ਫੜੀ ਗਈ, ਝਟ ਬੋਲਿਆ" ਜੀ ਮਿੱਟੀ ਖਾ ਰਿਹਾ ਹਾਂ। ਹਜ਼ੂਰ ਨੇ ਬਚਨ ਕੀਤਾ" ਚੰਗਾ ! ਜੇ ਮਿੱਟੀ ਖਾਂਦਾ ਹੈ ਤਾਂ ਸਾਰੀ ਉਮਰ ਮਿੱਟੀ ਖਾਂਦਾ ਰਹੇਂਗਾ।" ਮਹਾਂਪੁਰਖ ਦੇ ਮੁੱਖ ਤੋਂ ਨਿਕਲਿਆ ਇੱਕ ਲਫਜ ਵੀ ਅਜਾਂਈ ਨਹੀਂ ਜਾਂਦਾ। ਸੋ ਪਾਲ ਸਿੰਘ ਜਿਸ ਨੇ ਸਾਲ ਕੁ ਹੋਇਆ ਸਰੀਰ ਛੱਡਿਆ ਹੈ ਸਾਰੀ ਉਮਰ ਮਿੱਟੀ ਹੀ ਖਾਂਦਾ ਰਿਹਾ। ਖੇਤਾਂ ਵਿੱਚ ਜਾਣਾ ਤਾਂ ਵੀ ਛੋਟੀਆਂ ਛੋਟੀਆਂ ਮਿੱਟੀ ਦੀਆਂ ਡਲੀਆਂ ਖਾਂਦੇ ਰਹਿਣਾ। ਅੰਤਰਜਾਮੀ ਮਹਾਂਪੁਰਖ ਅੱਗੇ ਝੂਠ ਬੋਲਣ ਦਾ ਨਤੀਜਾ ਚੰਗਾ ਨਹੀਂ ਹੁੰਦਾ। ਕਿਉਂਕਿ ਗੋਲੀ ਦੇ ਨਿਸ਼ਾਨੇ ਤੋਂ ਇਨਸਾਨ ਬਚ ਸਕਦਾ ਹੈ ਪਰ ਪ੍ਰਮਾਤਮਾ ਨਾਲ ਇੱਕ ਰਸ ਹੋਈ ਮਹਾਂਪੁਰਖ ਦੀ ਰਸਨਾ ਵਿੱਚੋਂ ਨਿਕਲਿਆ ਅੱਖਰ ਮਨੁੱਖ ਦੇ ਸਰੀਰ ਤੇ ਆਤਮਾ ਨੂੰ ਵੀ ਟੁੰਬ ਦਿੰਦਾ ਹੈ ਅਤੇ ਇਸ ਗਹਿਰੇ ਹੋਏ ਜਖਮ ਨੂੰ ਫਿਰ ਦੁਨਿਆਵੀਂ ਡਾਕਟਰ ਨਹੀਂ ਭਰ ਸਕਦੇ, ਫਿਰ ਸਮਾਂ ਪਾ ਕੇ ਪ੍ਰਮੇਸ਼ਰ ਦੀ ਬੰਦਗੀ ਕਰਕੇ ਸੰਤਾਂ ਦੀ ਮੇਹਰ ਸਦਕਾ ਭਰਿਆ ਜਾ ਸਕਦਾ ਹੈ। ਜਿਵੇਂ :-

**ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥**
**ਨਾਨਕ ਸੰਤ ਭਾਵੈ ਤਾਂ ਲਏ ਉਬਾਰਿ ॥**

**(ਗਉੜੀ ਸੁਖਮਨੀ, ਅੰਗ ੨੮੦)**

ਬਾਬਾ ਜੀ ਨੇ ਇਹ ਖੰਡ ਵਾਲੀ ਬਲਣੀ ਮਾਈ ਕਿਸ਼ਨ ਕੌਰ (ਮਜ਼੍ਹਬੀ ਸਿੱਖ) ਜੋ ਡੇਰੇ ਦੀ ਝਾੜੂ ਦੀ ਸੇਵਾ ਕਰਦੀ ਸੀ, ਨੂੰ ਦੇ ਦਿੱਤੀ।

## 3

ਬਾਬਾ ਜੀ ਮਰਿਯਾਦਾ ਅਨੁਸਾਰ ਕੁਝ ਪੁੰਨ ਦਾਨ ਵੀ ਕਰਿਆ ਕਰਦੇ ਸਨ ਜੋ ਪੰਡਿਤ ਮੇਹਰ ਚੰਦ (ਜੋ ਚੰਗੀ ਹਾਲਤ ਵਿੱਚ ਜ਼ਿੰਦਗੀ ਬਤਾ ਰਹੇ ਹਨ) ਨੇ ਲਿਖਣ ਯੋਗ ਦੱਸੇ ਹਨ। ਹਜ਼ੂਰ ਛੇ ਮਹੀਨੇ ਬਾਅਦ ਪਿੰਡ ਦੇ ਪੰਡਿਤਾਂ ਨੂੰ ਪ੍ਰਤੀ ਜੀਅ ਇੱਕ ਸ਼ੇਰ ਸ਼ੱਕਰ, ਇੱਕ ਸੇਰ ਸੀਰਣੀ ਜਿਸ ਵਿੱਚ ਲੱਡੂ ਜਲੇਬੀ ਅਤੇ ਹੋਰ ਕਈ ਕਿਸਮ ਦੀ ਮਠਿਆਈ ਮਿਲੀ ਹੁੰਦੀ ਸੀ, ਇੱਕ ਰੁਪਿਆ ਉਹੀ ਸਨ ਦਾ (ਜਿਵੇਂ 1921, 1922 ਆਦਿ) ਦੱਛਨਾ ਦੇ ਰੂਪ ਵਿੱਚ ਦਿੰਦੇ ਸਨ। ਸਾਰੀ ਸਮੱਗਰੀ ਨੂੰ ਚਿੱਟੀ ਚਾਦਰ ਨਾਲ ਢੱਕ ਕੇ ਰਖਦੇ ਸਨ ਅਤੇ ਪੰਡਿਤ ਨੂੰ "ਦਾਦਾ" ਕਹਿ ਕੇ ਸਨਮਾਣਦੇ ਸਨ।

Part 4

# 4

ਹਜ਼ੂਰ ਦੇ ਸੇਵਕ ਘੁਕਰ ਸਿੰਘ ਨੇ ਦੱਸਿਆ ਕਿ "ਇਕ ਵਾਰ ਬਾਬਾ ਜੀ ਨੇ ਹੁਕਮ ਕੀਤਾ "ਸੇਵਕੋ ਇਹ ਮੱਟੀ ਪਾਣੀ ਨਾਲ ਭਰ ਦਿਓ ਇਸ਼ਨਾਨ ਕਰਨ ਲਈ"। ਅਸੀਂ ਤਿੰਨਾਂ (ਨੀਲਾ ਸਿੰਘ, ਘੁੱਕਰ ਸਿੰਘ ਤੇ ਸੁੰਦਰ ਸਿੰਘ) ਨੇ ਮੱਟੀ ਭਰਨੀ ਸ਼ੁਰੂ ਕਰ ਦਿੱਤੀ। ਕਾਫੀ ਘੜੇ ਪਾਣੀ ਦੇ ਪਾਉਣ ਤੋਂ ਬਾਅਦ ਮੱਟੀ ਨਾ ਭਰੀ। ਸੁੰਦਰ ਸਿੰਘ ਕਹਿਣ ਲੱਗਾ "ਘੁਕਰਾ ! ਸਾਧ ਨੇ ਮੱਟੀ ਵਿਚ ਛੇਕ ਕੀਤਾ ਹੈ। ਜਦੋਂ ਮੱਟੀ ਹਿਲਾ ਚਲਾ ਕੇ ਦੇਖੀ ਪਰ ਉਹ ਠੀਕ ਠਾਕ ਸੀ। ਬਾਬਾ ਜੀ ਸਾਡੇ ਵੱਲ ਵੇਖ ਕੇ ਖ਼ੁਸ਼ ਹੋ ਰਹੇ ਸਨ ਜਾਣੋ ਕਹਿ ਰਹੇ ਹੋਣ ਕਿ ਇਨ੍ਹਾਂ ਬੁਧੂਆਂ ਨੂੰ ਅਜੇ ਵੀ ਸਮਝ ਨਹੀਂ ਆ ਰਹੀ ਕਿ ਇਹ ਕਿਉਂ ਨਹੀਂ ਭਰ ਰਹੀ। ਪਰ ਕੀ ਜਾਣੇ ਸਾਡੀ ਮਲੀਨ ਬੁਧੀ ਸਰਬ ਸ਼ਕਤੀਵਾਨ ਦੇ ਕ੍ਰਿਸ਼ਮਿਆਂ ਨੂੰ।" ਹੱਸ ਕੇ ਬਚਨ ਕਰਨ ਲੱਗੇ "ਤੁਸੀਂ ਕਹਿੰਦੇ ਸੀ ਹੁਣੇ ਭਰ ਦਿੰਦੇ ਹਾਂ। ਭਰ ਦਿਉ ਹੁਣ।" ਬਚਨ ਕਰਦਿਆਂ ਨੇ ਮੱਟੀ ਉਪਰ ਚੱਪਣ ਰੱਖ ਦਿੱਤਾ। ਬਚਨ ਕੀਤਾ "ਲਉ ਦੇਖ ਲਵੋ ਹੁਣ ਭਰ ਗਈ ਹੈ" ਅਸੀਂ ਦੇਖਿਆ ਤਾਂ ਮੱਟੀ ਭਰ ਗਈ ਸੀ ਚੱਪਣ ਉਪਰ ਰੱਖਣ ਤੋਂ ਪਾਣੀ ਬਾਹਰ ਨਿਕਲ ਰਿਹਾ ਸੀ।"

ਬਜ਼ੁਰਗ ਘੁਕਰ ਸਿੰਘ ਜੀ ਦੱਸਦੇ ਹਨ ਕਿ ਬਾਬਾ ਜੀ ਦੇ ਸਰੀਰ ਤੇ ਰੋਮ ਬਹੁਤ ਸਨ ਜਦ ਅਸੀਂ ਇਸ਼ਨਾਨ ਕਰਾਉਣ ਲੱਗਦੇ ਤਾਂ ਕੋਈ ਚੀਜ਼ ਜੋ ਆਪਣੀ ਧੁੰਨੀ ਨਾਲ ਬੰਨੀ ਹੁੰਦੀ ਸੀ ਹੱਥ ਵਿੱਚ ਕਰ ਲੈਂਦੇ ਸਨ ਅਸੀਂ ਇਸ ਚੀਜ਼ ਦੇ ਦਰਸ਼ਨ ਨਹੀਂ ਕੀਤੇ। ਕਈ ਕਈ ਘੜੇ ਪਾਣੀ ਦੇ ਇਸ਼ਨਾਨ ਕਰਨ ਲੱਗਿਆਂ ਨੇ ਖਾਲੀ ਕਰ ਦੇਣੇ। ਬਾਬਾ ਜੀ ਦੀਆਂ ਉਂਗਲਾਂ ਬਹੁਤ ਪਤਲੀਆਂ ਸਨ। ਇੱਕ ਦਿਨ ਇਸ਼ਨਾਨ ਕਰਵਾਉਣ ਸਮੇਂ ਸੁੰਦਰ ਸਿੰਘ (ਜਿਸ ਨੂੰ ਨੰਦੇ ਕਾ ਕਹਿ ਕੇ ਪੁਕਾਰਦੇ ਸਨ) ਕਹਿਣ ਲੱਗਾ "ਮਹਾਰਾਜ। ਆਪ ਦੀਆਂ ਉਂਗਲਾ ਬਹੁਤ ਪਤਲੀਆਂ ਹਨ।" ਹਜ਼ੂਰ ਹੱਸ ਕੇ ਕਹਿਣ ਲੱਗੇ "ਪੰਜਾ ਪਾ ਕੇ ਦੇਖ ਲੈ" ਸੁੰਦਰ ਸਿੰਘ ਨੇ ਕਿਹਾ "ਮਹਾਰਾਜ! ਉਂਗਲਾ ਟੁੱਟ ਜਾਣਗੀਆਂ।

ਬਾਬਾ ਜੀ ਨੇ ਹੱਸ ਕੇ ਬਚਨ ਕੀਤਾ "ਤੇਰਾ ਪਿਉ ਵੀ ਨਹੀਂ ਤੋੜ ਸਕਦਾ, ਨੰਦੇ ਕਿਆ।" ਐਸੇ ਕੌਤਕ ਕਰਨੇ ਕਿ ਸਧਾਰਨ ਮਨੁੱਖ ਆਪ

ਦੀ ਰੂਹਾਨੀ ਤਾਕਤ ਨੂੰ ਸਮਝ ਹੀ ਨਾ ਸਕੇ।

ਦੁੱਧ ਦਾ ਬਾਟਾ ਭਰ ਕੇ ਰੱਖ ਦੇਣਾ ਕਦੇ ਉਸ ਨੂੰ ਚਿਤਰੇ ਰੰਗ ਦਾ ਬਿੱਲਾ ਆ ਕੇ ਪੀ ਜਾਂਦਾ ਅਤੇ ਕਦੇ ਨੀਲਾ ਸਿੰਘ ਤੇ ਕੇਸਰ ਸਿੰਘ ਦੇ ਵਿੱਡ ਉਪਰ ਦੀ ਲੰਘ ਕੇ ਬਹੁਤ ਭਾਰੀ ਸੱਪ ਨੇ ਆ ਕੇ ਪੀ ਜਾਣਾ ਸੁੰਦਰ ਸਿੰਘ ਨੇ ਕਈ ਵਾਰ ਇਸ ਸੱਪ ਨੂੰ ਮਾਰਨ ਦੀ ਆਗਿਆ ਮੰਗੀ ਪਰ ਹਜ਼ੂਰ ਨੇ ਇਨਕਾਰ ਕਰ ਦਿੱਤਾ। ਅਸੀਂ ਕਈ ਵਾਰ ਕਿਹਾ ਕਿ "ਸਾਨੂੰ ਸੱਪ ਤੋਂ ਡਰ ਲੱਗਦਾ ਹੈ ਜਦ ਪਹਿਰੇ ਤੇ ਹੁੰਦੇ ਹਾਂ ਇਹ ਤੁਰਿਆ ਫਿਰਦਾ ਹੈ।" ਆਪ ਜੀ ਹੱਸ ਕੇ ਕਹਿਣ ਲੱਗੇ ਇਹ ਵੀ ਸਾਡਾ ਪਹਿਰੇਦਾਰ ਹੈ ਇਸ ਨੂੰ ਮਾਰਨਾ ਨਹੀਂ।

## 5

ਇਕ ਵਾਰ ਬਾਰਸ਼ ਨਾ ਪਈ। ਲੋਕ ਇਕੱਠੇ ਹੋ ਕੇ ਬਾਬਾ ਜੀ ਕੋਲ ਆ ਕੇ ਬੇਨਤੀ ਕਰਨ ਲੱਗੇ "ਪਾਤਸ਼ਾਹ! ਮੀਂਹ ਨਹੀਂ ਪੈਂਦਾ ਕ੍ਰਿਪਾ ਕਰੋ।"

ਹਜ਼ੂਰ ਨੇ ਬਚਨ ਕੀਤਾ "ਮੀਂਹ ਪਵੇਗਾ ਪਹਿਲਾਂ ਸਾਡਾ ਇਹ ਤਲਾਅ ਪੁਟ ਦਿਓ" (ਟਿੱਲੇ ਦੇ ਪਿਛੇ ਤਖਤੇਆਣਾ ਛੱਪੜ ਨੂੰ ਤਲਾਬ ਆਖਦੇ ਸਨ) ਲੋਕ "ਸਤਿਬਚਨ ਕਹਿ ਕੇ ਚਲੇ ਗਏ। ਅਗਲੇ ਦਿਨ ਛੱਪੜ ਪੁੱਟਣ ਲੱਗ ਪਏ। ਅੱਧ ਤੋਂ ਵੱਧ ਪੁਟ ਕੇ ਲੋਕ ਅਰਾਮ ਕਰਨ ਲੱਗ ਪਏ ਅਤੇ ਸੁੰਦਰ ਸਿੰਘ ਬਾਬਾ ਜੀ ਕੋਲ ਆ ਗਿਆ। ਨਮਸਕਾਰ ਕੀਤੀ ਅਤੇ ਬੈਠ ਗਿਆ।

ਬਾਬਾ ਜੀ ਨੇ ਬਚਨ ਕੀਤਾ "ਕਿਉਂ ਵਈ ਨੰਦੇ ਕਿਆ ਪੁੱਟ ਦਿੱਤਾ ਹੈ।" ਸੁੰਦਰ ਸਿੰਘ ਕਹਿਣ ਲੱਗਾ "ਮਹਾਰਾਜ ! ਕਿਉਂ ਸਾਡਾ ਮੱਥਾ ਮਰਵਾਉਂਦੇ ਹੋ ਮੀਂਹ ਤਾਂ ਤੁਸੀਂ ਹੁਕਮ ਨਾਲ ਪੁਆ ਦੇਣਾ ਹੈ।"

ਹਜ਼ੂਰ ਨੇ ਹੱਸ ਕੇ ਬਚਨ ਕੀਤਾ "ਚੰਗਾ ਫਿਰ ਸ਼ਾਮ ਨੂੰ ਦੇਖਾਗੇ।" ਆਪ ਜੀ ਬਚਨ ਕਰਕੇ ਕੋਠੜੀ ਅੰਦਰ ਜਾ ਬਿਰਾਜੇ। ਤਿੰਨ ਕੁ ਵਜੇ ਦਾ ਸਮਾਂ ਹੋਇਆ ਮੀਂਹ ਪੈਣਾ ਸ਼ੁਰੂ ਹੋ ਗਿਆ। ਚਾਰੇ ਪਾਸੇ ਪਾਣੀ ਹੀ ਪਾਣੀ ਹੋ ਗਿਆ। ਸਰਬ ਕਲਾ ਸਮਰੱਥ ਅਕਾਲ ਪੁਰਖ ਨਾਲ ਇੱਕ ਰੂਪ, ਇੱਕ ਰੰਗ ਇੱਕ ਸੁਰ ਹੁੰਦੇ ਹਨ। ਇਹ ਜੋ ਚਾਹੁੰਦੇ ਹਨ ਉਹ ਵਰਤਦਾ ਹੈ। ਸੰਤ ਸਾਧ ਅਤੇ ਭਗਤ ਵਿੱਚ ਕੋਈ ਭਿੰਨਤਾਂ ਨਹੀਂ। ਇਹ ਸਾਰੇ ਪ੍ਰਭੂ ਦਾ ਰੂਪ

ਹਨ ਸਰਗੁਣ ਸਰੂਪ ਅਤੇ ਇਕੋ ਜੋਤਿ ਹਨ।

## 6

ਅਸਲ ਵਿੱਚ ਆਪਹਿ ਏਕੁ ਆਪਿ ਬਿਸਥਾਰ ਹੀ ਯਥਾਰਥ ਹੈ। ਇਸ ਹਾਲਤ ਵਿੱਚ ਤੁਮ ਤੇ ਭਿੰਨ ਨਹੀਂ ਕਿਛੁ ਹੋਇ। ਆਪਨੁ ਸੂਤ ਸਭੁ ਜਗਤ ਪਰੋਏ' ਹੀ ਸਹੀ ਤੱਥ ਹੈ। ਪਰੰਤੂ ਸਭ ਜੀਵ ਹੁਕਮ ਨਹੀਂ ਬੁਝਦੇ, ਇਸ ਲਈ ਪਰਮ ਪਦਵੀ ਪ੍ਰਾਪਤ ਨਹੀਂ ਕਰ ਸਕਦੇ। ਜੇ ਕਿਸੇ ਵਿਦਵਾਨ ਪੰਡਿਤ ਜਾਂ ਕਿਸੇ ਪੜ੍ਹੇ ਲਿਖੇ ਨੇ ਆਉਣਾ ਤਾਂ ਉਸ ਦੀ ਬੁੱਧੀ ਤੇ ਪਰਦਾ ਪਾ ਦੇਣਾ ਤਾਂ ਕਿ ਜਿਸ ਉੱਪਰ ਕ੍ਰਿਪਾ ਦ੍ਰਿਸ਼ਟੀ ਦਾ ਦਰਗਾਹੀ ਹੁਕਮ ਨਾ ਹੋਵੇ ਉਹ ਸਾਨੂੰ ਸਮਝ ਨਾ ਸਕੇ। ਉਸ ਨਾਲ ਟੇਡੇ ਬਿੰਗੇ ਬਚਨ ਕਰਨ ਜਿਵੇਂ ਕਿਹੜੇ ਪਿੰਡ ਤੋਂ ਆਇਆ ਹੈਂ, ਕੀ ਨਾਮ ਹੈ, ਗੋਤ ਕੀ ਹੈ, ਪਿੰਡ ਵਿੱਚ ਕਿਨੇ ਜੱਟ ਹਨ, ਕਿੰਨੇ ਮਜ਼੍ਹਬੀ ਹਨ, ਉਨ੍ਹਾਂ ਦੇ ਘਰ ਕਿੰਨੇ ਹਨ, ਘਰ ਵਿੱਚ ਕਿੰਨੀਆਂ ਲਟੇਨਾ ਬੱਤੇ ਹਨ ਆਦਿ। ਉਸ ਨੇ ਚਲਾ ਜਾਣਾ ਕਿਉਂਕਿ ਉਸ ਦੀ ਬੁੱਧੀ ਸਮਝਣ ਤੋਂ ਵੱਖ ਕਰ ਦੇਣੀ। ਕਈ ਵਾਰ ਬਾਣੀ ਵਿੱਚੋਂ ਪ੍ਰਮਾਣ ਦੇ ਕੇ ਐਸੀ ਵਿਚਾਰ ਕਰਨੀ ਕਿ ਅਸੀਂ ਹੈਰਾਨ ਰਹਿ ਜਾਣਾ।

ਸ੍ਰ. ਘੁਕਰ ਸਿੰਘ ਦੱਸਦੇ ਹਨ ਕਿ ਜਦ ਕਦੇ ਮੀਂਹ ਆ ਜਾਣਾ ਤਾਂ ਸਾਨੂੰ ਪੱਟੀਆਂ ਮੰਗਣ ਪਿੰਡ ਵਿੱਚ ਭੇਜ ਦੇਣਾ, ਕਹਿਣਾ "ਜਾਉ ਪੱਟੀਆ ਲੈ ਕੇ ਆਉ ਝੁਗੀ ਬਣਾਉਣੀ ਹੈ ਸੰਗਤ ਭਿਜਦੀ ਹੈ ।"

ਸੁੰਦਰ ਸਿੰਘ ਨੇ ਇੱਕ ਵਾਰ ਹੱਸਦੇ ਕਹਿ ਦਿੱਤਾ "ਬਾਬਾ ਜੀ ਤੁਹਾਡੇ ਕੋਲ ਰਾਜੇ ਮਹਾਰਾਜੇ, ਸੇਠ ਆਉਂਦੇ ਹਨ । ਇਥੇ ਚਾਰ ਇੱਟਾਂ ਲਾ ਕੇ ਕੋਠਾ ਨਹੀਂ ਪੁਆਈ ਦਾ।"

ਅੰਤਰਜਾਮੀ ਮਹਾਂਪੁਰਖਾਂ ਨੇ ਬਚਨ ਕਰਨਾ "ਦੇਖੇਂਗਾ ਨੰਦੇ ਕਿਆ ਤੂੰ ਚਾਰ ਇੱਟਾਂ ਕਹਿੰਦਾ ਹੈ ਇਥੇ ਲੱਖਾਂ ਹੀ ਲੱਗ ਜਾਣਗੀਆਂ।" ਸੋ ਅੱਜ ਉਹ ਬਚਨ ਸੱਚ ਹੋ ਰਿਹਾ ਹੈ ਡੇਰੇ ਅੰਦਰ ਲੱਖਾਂ ਕਰੋੜਾ ਹੀ ਇੱਟਾਂ ਲੱਗ ਰਹੀਆਂ ਹਨ। ਬਾਬਾ ਜੀ ਨੇ ਜੋ ਬਚਨ ਕੀਤਾ, ਸੁਤੇ ਸਿੱਧ ਕੀਤਾ ਜਾਂ ਹੱਸਦਿਆਂ ਨੇ ਕੀਤਾ, ਭਾਵੇਂ ਨਰਾਜਗੀ ਵਾਲੇ ਅੰਦਾਜ਼ ਵਿੱਚ ਕੀਤਾ ਸਤਿ ਹੋ ਰਿਹਾ ਹੈ। ਅੱਜ ਪ੍ਰਤੱਖ ਹੋ ਕੇ ਵਰਤ ਰਿਹਾ ਹੈ।

**ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥**
**ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥**
**ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥**
**ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥**
**ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥**
**ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥**

**(ਸਾਰਗ ਮ: ੫, ਪੰਨਾ ੧੨੦੪)**

(ਉਪਰੋਕਤ ਪ੍ਰਸੰਗ ਦਾ ਵੇਰਵਾ ਸ੍ਰ. ਘੁਕਰ ਸਿੰਘ ਅਕਾਲੀ ਬਜ਼ੁਰਗ ਬਾਬਾ ਜੀ ਦੇ ਸੇਵਾਦਾਰ ਦੀ ਜ਼ਬਾਨੀ ਹੈ ਜੋ ਹੁਣ ਵੀ ਮੌਜ਼ੂਦ ਹਨ)

## ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥

ਗੁਰਮਤਿ ਅਨੁਸਾਰ ਸੰਸਾਰ ਦੇ ਸਾਰੇ ਸੁੱਖ ਵਾਹਿਗੁਰੂ ਵੱਲੋਂ ਮਨੁੱਖ ਲਈ ਮਹਾਨ ਬਖਸ਼ਿਸ਼ਾਂ ਹਨ। ਸੰਸਾਰ ਭਰ ਦੇ ਕੁਲ ਰੱਬ ਦੀ ਹੋਂਦ ਤੇ ਵਿਸ਼ਵਾਸ ਰੱਖਣ ਵਾਲੇ ਮਹਾਂਪੁਰਖ ਸਮੁੱਚੇ ਤੌਰ ਤੇ ਇਸ ਸਿਧਾਂਤ ਤੇ ਪੁੱਜੇ ਹਨ ਕਿ ਹਰ ਮਨੁੱਖ ਜਾਂ ਜੀਵ ਮਾਤਰ ਆਨਾਦੀ ਕਾਲ ਤੋਂ ਜਨਮ ਮਰਨ ਦੇ ਗੇੜ ਵਿੱਚ ਪਿਆ ਹੋਇਆ ਹੈ ਅਤੇ ਅਨੰਤ ਕਾਲ ਦੀ ਤਰਫ ਜਾ ਰਿਹਾ ਹੈ। ਇਸ ਜਨਮ ਮਰਨ ਤੋਂ ਰਹਿਤ ਹੋਣ ਦਾ ਤਰੀਕਾ ਈਸ਼ਵਰ ਪ੍ਰਾਪਤੀ ਹੈ, ਤੇ ਈਸ਼ਵਰ ਦੀ ਪ੍ਰਾਪਤੀ ਹੁੰਦੀ ਹੈ। ਮਹਾਂਪੁਰਖਾਂ ਦੀ, ਸੰਤਾਂ ਦੀ, ਸਾਧੂ ਦਾ ਸੰਗਤ ਨਾਲ। ਜੇ ਦੁਨਿਆਵੀਂ ਜੁਗਤ ਵੀ ਵਰਤਣੀ ਹੋਵੇ ਤਾਂ ਵੀ ਸਾਧੂ ਦਾ ਬਚਨ ਹੋਣਾ ਮਹਾਨ ਸ਼ਕਤੀਮਾਨ ਹੁੰਦਾ ਹੈ। ਮਹਾਂਪੁਰਖਾਂ ਦੀ ਰਸਨਾ ਵਿੱਚੋਂ ਪ੍ਰਗਟ ਹੋਇਆ ਇੱਕ ਇੱਕ ਸ਼ਬਦ ਸੋਨੇ ਤੇ ਸੁਹਾਗੇ ਵਰਗਾ ਅਸਰ ਕਰਦਾ ਕਿਉਂਕਿ ਉਹ ਸ਼ਬਦ ਨਿਰੰਕਾਰੀ ਜੋਤ ਦਾ ਮੁਖਾਤਿਬ ਕੀਤਾ ਹੁੰਦਾ ਹੈ। ਇਸੇ ਹੀ ਤਰ੍ਹਾਂ ਬਾਬਾ ਜੀ ਮਹਾਰਾਜ ਨੇ ਕਿਸੇ ਅੰਦਾਜ ਵਿੱਚ ਸ਼ਬਦ ਉਚਾਰਨਾ ਉਹ ਸਤਿ ਹੋ ਜਾਣਾ।

ਸਰਬਣ ਸਿੰਘ ਮੋੜੀ ਗੱਡ ਦਾ ਪਿਤਾ ਹਰਿਨਾਮ ਸਿੰਘ (ਮੋੜੀਗੱਡ ਅੱਲ ਪੈਂਦੀ ਹੈ ਕਿਉਂਕਿ ਇਨ੍ਹਾਂ ਦੇ ਵੱਡ ਵਡੇਰਿਆ ਨੇ ਭੁਚੋਂ ਕਲਾਂ ਪਿੰਡ ਵਸਾਉਣ

ਲਈ ਪਹਿਲਾਂ ਮੋੜੀ ਗੱਡੀ ਸੀ) ਬਾਬਾ ਜੀ ਦੀ ਹਜ਼ੂਰੀ ਅੰਦਰ ਦੁੱਧ ਲੈ ਕੇ ਆਇਆ ਕਰਦਾ ਸੀ। ਅਚਾਨਕ ਉਨ੍ਹਾਂ ਦਾ ਦੁੱਧ ਫਟਨਾ (ਪਾਟ ਜਾਣਾ ਸ਼ੁਰੂ ਹੋ ਗਿਆ। ਹਰਿਨਾਮ ਸਿੰਘ ਨੇ ਬਾਬਾ ਜੀ ਪਾਸ ਬੇਨਤੀ ਕੀਤੀ "ਮਹਾਰਾਜ ! ਸਾਡਾ ਕਾੜਨੀ ਦਾ ਦੁੱਧ ਹਰ ਰੋਜ਼ ਫੱਟ ਜਾਂਦਾ ਹੈ।"

ਹਜ਼ੂਰ ਪ੍ਰਸੰਤਾ ਵਿੱਚ ਸਨ ਮੁਸਕਰਾ ਕੇ ਬਚਨ ਕੀਤਾ "ਇਹ ਕੋਈ ਵੱਡੀ ਗੱਲ ਹੈ, ਜਾਹ ਪੁੱਤਰਾਂ ਪੋਤਰਿਆਂ ਤਕ, ਦੁੱਧ ਨਹੀਂ ਫਟੇਗਾ।"

ਬਚਨ ਸਤਿ ਹੈ ਸਰਬਣ ਸਿੰਘ ਦੇ ਪ੍ਰਵਾਰ ਦਾ ਕਦੇ ਦੁੱਧ ਨਹੀਂ ਫਟਿਆ।

(ਉਪਰੋਕਤ ਪ੍ਰਸੰਗ ਸਰਬਣ ਸਿੰਘ ਦੀ ਜਵਾਨੀ ਹੈ)

**"ਹੁਕਮ ਬਿਸਮਾਦੁ ਹੁਕਮਿ ਪਛਾਣੈ"** (ਅੰਗ ੬੪੦)

ਹੁਕਮ ਅਸਚਰਜ (ਬਿਆਨ ਤੋਂ ਬਾਹਰ) ਹੈ ਪਰ ਹੁਕਮ ਵਿੱਚ ਤੁਰਿਆ ਹੀ ਇਸ ਦੀ ਪਛਾਣ ਹੁੰਦੀ ਹੈ। ਗੁਰੂ ਦੇ ਹਵਾਲੇ ਪੂਰਨ ਤੌਰ ਤੇ ਹੋ ਕੇ ਆਪੇ ਨੂੰ ਖ਼ਤਮ ਹੀ ਕਰ ਦੇਣਾ ਚਾਹੀਦਾ ਹੈ। ਅਰਥਾਤ ਹਥਿਆਰ ਬਣ ਕੇ ਜਿਵੇਂ ਉਹ ਚਲਾਏ ਤਿਵੇਂ ਤਿਵੇਂ ਚਲਣਾ ਹੁੰਦਾ ਹੈ। ਜੋ ਵੀ ਉਹ (ਹੁਕਮੀ ਬੰਦਾ) ਬੋਲਦਾ ਹੈ ਗਿਆਨ ਹੈ ਜੋ ਵੇਖਦਾ ਹੈ ਧਿਆਨ ਹੈ ਜੋ ਸੁਣਦਾ ਹੈ ਉਹ ਨਾਮ ਹੈ। ਪਰ ਜੇ ਇਸ ਦੀ ਉਲੰਘਣਾ ਕਰੀ ਜਾਵੇ ਤਾਂ ਦੁਖ ਕਸ਼ਟ ਦੀ ਆਮਦ ਹੁੰਦੀ ਹੈ। ਜਿਵੇਂ ਕੁੰਡਾ ਸਿੰਘ ਚਾਵੇ ਕਾ ਜੋ ਬਾਬਾ ਜੀ ਦੇ ਦਰਸ਼ਨਾਂ ਲਈ ਆਇਆ ਕਰਦਾ ਸੀ ਹੁਕਮ ਤੋਂ ਮੁਨਕਰ ਹੋਇਆ, ਦੀਵਾਲੀ ਵਾਲੇ ਦਿਨ ਲੋਕ ਸਿਵਿਆਂ ਵਿੱਚ (ਸਮਸ਼ਾਨ ਭੂਮੀ) ਦੀਵੇ ਰੱਖਦੇ ਸਨ (ਅੱਜ ਕੱਲ੍ਹ ਵੀ ਰਿਵਾਜ਼)। ਦੀਵਾਲੀ ਦੀ ਰਾਤ ਹੋਈ ਕੁੰਢਾ ਸਿੰਘ ਬਾਬਾ ਜੀ ਕੋਲ ਹਾਜ਼ਰ ਸੀ, ਲੋਕਾਂ ਨੇ ਸਿਵਿਆਂ ਵਿੱਚ ਦੀਵੇ ਰੱਖੇ। ਹਜ਼ੂਰ ਨੇ ਕੁੰਢਾ ਸਿੰਘ ਨੂੰ ਹੁਕਮ ਦਿੱਤਾ ਕਿ "ਤੂੰ ਮਿੱਟੀ ਪਾ ਕੇ ਦੀਵੇ ਬੁਝਾ ਦੇ।

ਉਸ ਨੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਹਜ਼ੂਰ ਫਿਰ ਕਿਹਾ ਪਰ ਉਸ ਨੇ ਪ੍ਰਵਾਹ ਨਾ ਕੀਤੀ। ਆਖਿਰ ਬਾਬਾ ਜੀ ਨੇ ਸਹਿਜ ਸੁਭਾਅ ਹੀ ਬਚਨ ਕਰ ਦਿੱਤਾ "ਲਹਿ ਗਿਆ ਨਾਮ ਜੱਗ ਤੋਂ"

ਜਿਸ ਸਮੇਂ ਇਹ ਬਚਨ ਹੋਇਆ ਉਸ ਸਮੇਂ ਕੁੰਢਾ ਸਿੰਘ ਦਾ ਕਾਰੋਬਾਰ ਬਹੁਤ ਚੰਗਾ, ਜ਼ਮੀਨ ਮਾਲ ਧਨ ਤੇ ਪਰਿਵਾਰ ਵਿੱਚ ਕੋਈ ਕਮੀ ਨਹੀਂ ਸੀ। ਆਪ ਵੀ ਜਿਸਮਾਨੀ ਤੌਰ ਤੇ ਤਕੜਾ ਸੀ। ਪਰ ਅੱਜ ਉਸ ਦੀ ਕੋਈ

ਨਿਸ਼ਾਨੀ ਨਹੀਂ ਰਹੀ।

**ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥**

**(ਅੰਗ ੩੦੯)**

(ਉਪਰੋਕਤ ਪ੍ਰਸੰਗ ਸਸ਼ ਸਰਬਣ ਸਿੰਘ ਮੋੜੀਗੱਡ ਤੋਂ ਮਿਲਿਆ ਹੈ।)

## ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥
## ਬੂਝੀ ਤਪਤਿ ਘਰਹਿ ਪਿਰੁ ਪਾਇਆ ॥

**(ਸੂਹੀ ਮਹਲਾ ੫ ਅੰਗ ੭੩੮)**

ਪੁਰਬਲੇ ਕਰਮਾਂ ਸਦਕਾ ਹੀ ਇਨਸਾਨ ਸੰਤ ਸੰਗਤ ਦੀ ਮਾਲਾ ਦਾ ਮਨਕਾ ਬਣ ਕੇ ਉਸ ਅੰਦਰ ਪਰੋਇਆ ਜਾਂਦਾ ਹੈ। ਕਿਉਂਕਿ ਗੁਰਬਾਣੀ ਅੰਦਰ ਸਾਧ ਸੰਗਤ, ਸਤਿ ਸੰਗ ਨੂੰ ਹੀ ਸ੍ਰੇਸ਼ਟ ਪਦਵੀ ਦਿੱਤੀ ਹੈ। ਅੱਧੀ ਤੋਂ ਵੀ ਅੱਧੀ ਘੜੀ ਸਾਧੂ ਦੀ ਸੰਗਤ ਅਹਿਮ ਮਹੱਤਤਾ ਰੱਖਦੀ ਹੈ। ਜਿਨ੍ਹਾਂ ਨੇ ਨਾਮ ਸਿਮਰਿਆ ਹੈ, ਸਤਿ ਸੰਗ ਕੀਤਾ ਹੈ ਉਹ ਹਰੀ ਦੇ ਦਰ ਤੇ ਸੁਰਖਰੂ ਹਨ ਰਿਸ਼ੀਆਂ, ਮੁਨੀਆਂ, ਗੁਰੂਆਂ ਤੇ ਅਵਤਾਰਾਂ ਨੇ ਵੱਖ ਵੱਖ ਰਸਤੇ ਦਿਖਾਏ ਹਨ ਪਰ ਮੰਜ਼ਿਲ ਤਹਿ ਕਰਕੇ ਪਹੁੰਚਣਾ ਇਕੋ ਮਕਾਮ ਤੇ ਹੈ। ਸਿੱਖੀ ਦਾ ਮਾਰਗ ਨਾਮ ਦਾ ਮਾਰਗ ਹੈ ਭਗਤੀ ਦਾ ਮਾਰਗ ਹੈ ਜਿਸ ਦੁਆਰਾ ਆਤਮਾ ਨੂੰ ਪ੍ਰਮਾਤਮਾ ਦਾ ਮੇਲ ਹੁੰਦਾ ਹੈ। ਫਿਰ ਮਨੁੱਖ ਵੱਡੀ ਤੋਂ ਵੱਡੀ ਆਤਮਿਕ ਦਿਸ਼ਾ ਵਿੱਚ ਅੱਪੜ ਜਾਂਦਾ ਹੈ। ਇਹ ਆਤਮਾ ਰਾਮ ਦੀ ਹੀ ਅੰਸ਼ ਹੈ। ਜੇ ਬੰਦਾ ਰਾਮ ਦੀ ਅੰਸ਼ ਹੈ ਤੇ ਇਸ ਅੰਦਰ ਪ੍ਰਮਾਤਮਾ ਦੀ ਆਪਣੀ ਜੋਤ ਪ੍ਰਕਾਸ਼ਮਾਨ ਹੈ ਤਾਂ ਜੀਵਨ ਦਾ ਮਨਰੋਥ ਇਸ ਜੋਤ ਦੇ ਦਰਸ਼ਨ ਹਨ। ਇਹ ਦਰਸ਼ਨ ਹੋਣ ਨਾਲ ਤ੍ਰਿਸ਼ਨਾ ਬੁਝ ਜਾਂਦੀ ਹੈ ਕਿਉਂਕਿ ਪ੍ਰਮੇਸ਼ਰ ਦਾ ਮਨੁੱਖੀ ਸਰੀਰ ਅੰਦਰ ਵਾਸਾ ਹੋ ਜਾਂਦਾ ਹੈ ਅਤੇ ਉਹ ਹਉਮੈ ਰਹਿਤ ਹੋ ਜਾਂਦਾ ਹੈ। ਇਸੇ ਤਰ੍ਹਾਂ ਜੋ ਵੀ ਸਾਧਨਾ ਕਰਨ ਵਾਲਾ ਮਨੁੱਖ ਬਾਬਾ ਜੀ ਦੀ ਸਰੋਤ ਸੁਣ ਕੇ ਜਾਂ ਕਿਸੇ ਕੁਦਰਤੀ ਪ੍ਰੇਰਨਾ ਦੇ ਸਦਕੇ ਚਰਨਾਂ ਵਿੱਚ ਆਇਆ ਸਭ ਦੀ ਦੁਨਿਆਵੀਂ ਜਾਂ ਪਰਮਾਰਥ ਦੀ ਤ੍ਰਿਸ਼ਨਾ ਪੂਰੀ ਕੀਤੀ। ਗ੍ਰਹਿਸਤੀ ਤਾਂ ਹਰ ਵੇਲੇ ਮਾਇਕ ਪਦਾਰਥਾਂ ਦੀ ਲਾਲਸਾ ਵਿੱਚ ਖੱਚਤ

ਰਹਿੰਦਾ ਹੈ ਪਰ ਜਪ ਤਪ ਕਰਨ ਵਾਲੇ ਤਿਆਗੀ ਪੰਜਾਂ ਤੱਤਾਂ ਤੋਂ ਰਹਿਤਨਾਮਾ ਲਿਖਵਾ ਕੇ ਆਏ ਭਗਤ ਜਨ ਇਨ੍ਹਾਂ ਸੰਸਾਰਕ ਕਾਮਨਾਵਾਂ ਤੋਂ ਉਚੇ ਹੁੰਦੇ ਹਨ।

ਇਸ ਤਰ੍ਹਾਂ ਦੇ ਜਪੀ ਤਪੀ ਤਿਆਗੀ ਪੁਰਸ਼ "ਬਾਬਾ ਧਿਆਨ ਦਾਸ ਜੀ" ਹਜ਼ੂਰ ਦੀ ਸਰਪਰਸਤੀ ਵਿੱਚ ਆਏ। ਇਨ੍ਹਾਂ ਦਾ ਜਨਮ ਦਲ ਸਿੰਘ ਵਾਲਾ (ਸੁਨਾਮ) ਜ਼ਿਲ੍ਹਾ ਸੰਗਰੂਰ ਵਿੱਚ ਹੋਇਆ। ਪਰ ਆਪ ਛੋਟੀ ਅਵੱਸਥਾ ਵਿੱਚ ਹੀ ਪਟਿਆਲੇ ਰਹਿਣ ਲੱਗ ਪਏ ਸਨ। ਪੁਰਾਣੇ ਕਿਲ੍ਹੇ ਦੇ ਪੱਛਮ ਵਾਲੇ ਪਾਸੇ ਇਨ੍ਹਾਂ ਦਾ ਅਸਥਾਨ ਹੈ। ਜਿਸ ਨੂੰ "ਟੋਭਾ ਬਾਬਾ ਧਿਆਨਾ" ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਇਹ ਅੱਖਰ ਇੱਕ ਬੋਰਡ ਉੱਤੇ ਉਕਰੇ ਹੋਏ ਹਨ। ਇਹ ਹਠ ਯੋਗ ਦੀ ਸਾਧਨਾ ਕਰਨ ਵਾਲੇ ਸਾਧੂ ਸਨ। ਗਰਮੀਆਂ ਵਿੱਚ ਧੁਨੀਆਂ ਤਾਪਣੀਆਂ ਸਰਦੀ ਅੰਦਰ ਜਲ ਧਾਰਾ ਕਰਨਾ ਇਨ੍ਹਾਂ ਦਾ ਅਸਲੀ ਮਨੋਰਥ ਸੀ। ਜਿਸ ਸਮੇਂ ਮਾਈ ਭਾਈ ਨੇ ਮਨ ਵਿੱਚ ਪੁੱਤਰ ਦੀ ਕਾਮਨਾ ਕਰਕੇ ਦਰਸ਼ਨ ਕਰਨ ਜਾਣਾ, ਆਪ ਨੇ ਬਚਨ ਕਰਨਾ "ਕੂਰਾ ਲੈ ਲਉ ਕੂਰਾ" ਆਮ ਸੰਗਤ ਕਰਨ ਵਾਲਿਆਂ ਨੂੰ ਪਤਾ ਸੀ ਉਨ੍ਹਾਂ ਅੱਗੇ ਹੋ ਕੇ ਝੋਲੀ ਕਰਨੀ ਤਾਂ ਦਾਤ ਝੋਲੀ ਪੈ ਜਾਣੀ। ਪੁੱਤਰਾਂ ਦੀ ਦਾਤ ਮਿਲ ਜਾਣੀ। ਬਚਨ ਕਰਦੇ ਸਨ "ਇਕ ਕੂਰਾ ਦੋ ਕੂਰੇ"। ਅਭਿਲਾਸੀ ਨੇ ਜਿਹੋ ਜਿਹੀ ਮੰਗ ਕਰਨੀ ਮਿਲ ਜਾਂਦੀ ਸੀ।

ਕਿਸੇ ਸਮੇਂ ਕਠਿਨ ਸਾਧਨਾ ਕਰਦਿਆਂ ਸਰੀਰ ਨੂੰ ਰੋਗ ਹੋ ਗਿਆ। ਰੋਗ ਹੋਣ ਕਰਕੇ ਸਾਧਨਾ ਵਿੱਚ ਰੁਕਾਵਟ ਆ ਗਈ, ਜਪ, ਤਪ ਨਿਤਨੇਮ ਨਾਲ ਨਾ ਹੋ ਸਕਿਆ। ਵੇਖਣ ਵਾਲੇ ਲਈ ਸਾਧਨਾਂ ਕਰੜੀ (ਔਖੀ) ਲੱਗਦੀ ਹੈ ਪਰ ਕਰਨ ਵਾਲਿਆਂ ਨੂੰ ਉਸ ਵਿੱਚੋਂ ਅਨੰਦ ਆਉਂਦਾ ਹੈ। ਬਾਬਾ ਧਿਆਨਾ ਜੀ ਨੂੰ ਜਦੋਂ ਰਸ ਨਾ ਆਇਆ ਤਾਂ ਮਨ ਉਚਾਟ ਹੋ ਗਿਆ, ਨਾਲ ਹੀ ਬਿਰਤੀ ਦੀ ਚੜ੍ਹਾਈ ਖ਼ਤਮ ਹੋ ਗਈ। ਉਨ੍ਹਾਂ ਦੇ ਚਾਰ ਸੇਵਕ ਚਾਰ ਪਹੀਆਂ ਵਾਲੀਆਂ ਗੱਡੀ ਵਿੱਚ ਪਾ ਕੇ ਬਾਬਾ ਜੀ ਕੋਲ ਲੈ ਆਏ। ਜਿਸ ਸਮੇਂ ਟਿੱਲੇ ਉੱਪਰ ਲੈ ਕੇ ਗਏ ਹਜ਼ੂਰ ਨੇ ਮੇਹਰ ਦੀ ਝਾਤ ਪਾਈ ਤਾਂ ਬਾਬਾ ਧਿਆਨਾ ਜੀ ਬਚਨ ਕਰਨ ਤੇ ਸੁਨਣ ਲੱਗ ਪਏ। ਹਜ਼ੂਰ ਨੇ ਅਸ਼ੀਰਵਾਦ ਅਤੇ ਸਿੱਖਿਆ ਦਿੱਤੀ। ਸਰੀਰ ਸੁਆਸਥ ਤੇ ਸਮਰੱਥ ਹੋ ਗਿਆ। ਜਪ ਤਪ ਨਿਰੰਤਰ ਚਾਲੂ ਹੋ ਗਿਆ। ਆਪ ਪਟਿਆਲੇ ਵਾਪਸ ਚਲੇ ਗਏ। ਮਨ ਦੀ ਹਾਲਤ ਐਸੀ

ਬਣ ਗਈ ਕਿ ਆਪ ਬਹੁਤਾਂ ਸਮਾਂ ਚੁਪ ਰਹਿਣ ਲੱਗ ਪਏ ਅਤੇ ਅਵਧੂਤ ਬਿਰਤੀ ਵਿੱਚ ਲੀਨ ਹੋਏ ਕੱਪੜੇ ਤੋਂ ਵੀ ਬੇ ਪ੍ਰਵਾਹ ਰਹਿੰਦੇ। ਕਿਸੇ ਸਮੇਂ ਇੱਕ ਸਰਦਾਰ ਨੇ ਇਨ੍ਹਾਂ ਦੀ ਬੇਅਦਬੀ ਕੀਤੀ ਸੀ।

**ਅਪੁਨੇ ਸੇਵਕ ਕੀ ਆਪੈ ਰਾਖੈ ਆਪੇ ਨਾਮੁ ਜਪਾਵੈ ॥**

**(ਅੰਗ ੪੦੩)**

ਹਜ਼ੂਰ ਨੇ ਉਪਰੋਕਤ ਪੰਗਤੀ ਤੇ ਅਧਾਰਿਤ ਕੌਤਕ ਕਿਵੇਂ ਵਰਤਾਇਆ ਇਹ ਪ੍ਰਸੰਗ ਅੱਗੇ ਦਰਸਾਇਆ ਜਾਏਗਾ।

## ਸਵੱਈਆ

**ਹਰਤਾ ਦੁਖ ਕੋ, ਕਰਤਾ ਕੋ, ਸੁਖ ਨਾਮ ਜਪੈ ਜਮ ਪੁਰ ਨਹਿ ਜਾਵੈ ॥**
**ਸਭ ਤ੍ਰਾਸ ਹਰੈ, ਸੁਖਵਾਸ ਕਰੈ, ਦਰਸ਼ਨ ਕਰ ਤੇ ਮਨ ਇੱਛਤ ਪਾਵੈ ॥**
**ਜੋਗ ਜੋਗ ਅਰ ਗਿਆਨ ਧਿਆਨ ਸਭ ਸਫਲ ਹੋਇ ਜਬ ਸੀਸ ਨਿਵਾਵੈ ॥**
**ਮਹਾਂ ਹਰਿਨਾਮ ਹਰੀ ਪਰਸੇ, ਜਨਮ ਜਨਮ ਕੇ ਪਾਪ ਮਿਟਾਵੈ ॥**

(ਇਹ ਪ੍ਰਸੰਗ ਬਾਬਾ ਨਰੈਣ ਸਿੰਘ ਬੀਬੀ ਕਾ ਤੋਂ ਪ੍ਰਾਪਤ ਹੋਇਆ ਹੈ।)

## ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥

ਮਹਾਂਪੁਰਖ ਦੁਨੀਆਂ ਨੂੰ ਅੰਧਕਾਰਾਂ ਵਿੱਚੋਂ ਕੱਢਣ ਲਈ ਆਪਣੇ ਬੋਲਾਂ ਕਰਮਾਂ ਤੇ ਵਿਚਾਰਾਂ ਦੀ ਰੋਸ਼ਨੀ ਲੈ ਕੇ ਸੰਸਾਰ ਵਿੱਚ ਆਉਂਦੇ ਹਨ। ਮਨੁੱਖੀ ਬਰਾਬਰੀ ਨਿਮਰਤਾ ਤੇ ਚੰਗੇ ਸ਼ੁੱਧ ਜੀਵਨ ਦੀ ਮਹਿਕ ਦਾ ਸੰਚਾਰ ਕਰਨਾ ਉਨ੍ਹਾਂ ਦਾ ਉਦੇਸ਼ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸੰਕਲਪ ਤੇ ਵਿਚਾਰਾਂ ਦੇ ਘੇਰੇ ਚੋਂ ਬਾਹਰ ਕੱਢ ਕੇ ਅਮਲ ਦੀ ਦੁਨੀਆਂ 'ਚ ਆਦਰਸ਼ ਬਣਨ ਦੀ ਸਿਖਿਆ ਦਿੱਤੀ ਉਨ੍ਹਾਂ ਸੱਚ ਦਾ ਪ੍ਰਚਾਰ ਕਰਦੇ ਹੋਏ ਭੈੜੇ ਕਰਮ ਕਰਨ ਵਾਲਿਆਂ ਨੂੰ ਸਿੱਧੇ ਰਸਤੇ ਚੱਲਣ ਦਾ ਉਪਦੇਸ਼ ਦਿੱਤਾ। ਪਰ ਜਿੰਨਾਂ ਮੂਰਖ ਆਦਮੀਆਂ ਨੇ ਸਾਧੂ ਮਹਾਤਮਾ ਨਾਲ ਕਿਸੇ ਤਰ੍ਹਾਂ ਦੀ ਖਹਿ (ਜ਼ਿੱਦ) ਕੀਤੀ ਉਨ੍ਹਾਂ ਨੇ ਦੋਨੋ ਲੋਕ ਪ੍ਰਲੋਕ ਦੇ ਦੁੱਖ ਆਪਣੀ ਝੋਲੀ ਪਾ ਲਏ ਜਿਵੇਂ

**ਸੰਤ ਕੇ ਦੋਖੀ ਕਉ ਡਾਨੁ ਲਾਗੈ ॥ ਸੰਤ ਕੇ ਦੋਖੀ ਕਉ ਸਭ ਤਿਆਗੈ ॥**

(ਗਉੜੀ ਸੁਖਮਨੀ)

**ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥**
**ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥**

(ਗਉੜੀ ਸੁਖਮਨੀ)

ਭੁੱਚੋਂ ਕਲਾਂ ਦਾ ਇੱਕ ਚੰਗੇ ਘਰਾਣੇ ਦਾ ਸੇਠ ਗੋਂਦਾ ਮੱਲ ਸਤਿ ਸੰਗਤ ਵਲੋਂ ਬੇਮੁਖ ਸੀ। ਜਿਵੇਂ ਬਾਣੀ ਹੈ

**ਮਾਇਆ ਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥**

(ਗਉੜੀ ਵਾਰ ਮ: ੩ ਅੰਗ ੩੧੩)

ਬਾਬਾ ਜੀ ਦਾ ਆਸਣ ਟਿੱਲੇ ਦੇ ਪਿੱਛੇ ਪੱਛਮ ਪਾਸੇ ਇੱਕ ਛੱਪੜ ਜਿਸ ਨੂੰ ਹਜ਼ੂਰ ਤਲਾਬ ਕਹਿੰਦੇ ਸਨ। ਇਸ ਵਿੱਚੋਂ ਜਲ ਕਦੇ ਕਦੇ ਵਰਤਿਆ ਕਰਦੇ ਸਨ। ਪਿੰਡ ਦੇ ਲੋਕ ਵੀ ਇਥੋਂ ਜਲ ਲੈ ਕੇ ਜਾਂਦੇ ਸਨ। ਤਲਾਬ ਦੇ ਨਾਲ ਹੀ ਇੱਕ ਹੀ ਛੱਪੜ ਸੀ ਜਿਸ ਵਿੱਚ ਪਿੰਡ ਦੇ ਲੋਕ ਮੱਝਾਂ ਆਦਿ

ਪਸ਼ੂਆਂ ਨੂੰ ਪਾਣੀ ਪਿਲਾਉਂਦੇ ਅਤੇ ਨਹਾਉਂਦੇ ਸਨ। ਗੋਂਦਾ ਮੱਲ ਛੱਪੜ ਵਿੱਚ ਆਪਣੀਆਂ ਮੱਝਾਂ ਨਹਾਉਣ ਲਈ ਲਿਆਉਂਦਾ ਅਤੇ ਕਈ ਕਈ ਘੰਟੇ ਛੱਪੜ ਦੇ ਕਿਨਾਰੇ ਦਰਖਤ ਹੇਠ ਬੈਠੇ ਰਹਿਣਾ ਇਸ ਦੇ ਨਾਲ ਚੇਤੂ ਡਕੌਂਤ, ਟੇਕੂ ਮਹਿਰਾ ਅਤੇ ਈਸ਼ਰ ਸਿੰਘ ਬੀਬੀ ਕਾ ਇਹ ਚਾਰੇ ਇੱਕ ਟੋਲੀ ਬਣਾ ਕੇ ਬੈਠਦੇ ਸਨ। ਇਨ੍ਹਾਂ ਨੇ ਗੱਲਾਂ ਕਰਨ ਵੇਲੇ ਗਾਲਾਂ ਕੱਢਦੇ ਰਹਿਣਾ। ਉੱਚੀਆਂ ਅਵਾਜ਼ ਵਿੱਚ ਕੱਢੀਆਂ ਗਾਲਾਂ ਹਜ਼ੂਰ ਦੇ ਕੰਨੀ ਪੈ ਜਾਣੀਆਂ। ਮਹਾਰਾਜ ਬਾਬਾ ਜੀ ਨੇ ਇਨ੍ਹਾਂ ਨੂੰ ਕਈ ਵਾਰ ਸਮਝਾਇਆ ਕਿ ਇਥੇ ਸੰਗਤ ਆਉਂਦੀ ਹੈ। ਮਾਈਆਂ ਬੀਬੀਆਂ ਵੀ ਸੰਗਤ ਵਿੱਚ ਸ਼ਾਮਿਲ ਹੁੰਦੀਆਂ ਹਨ ਸੋ ਤੁਸੀਂ ਗਾਲਾਂ ਨਾ ਕੱਢਿਆ ਕਰੋ। ਨਗਰ ਦੀਆਂ ਮਾਈਆਂ ਬੀਬੀਆਂ ਤਲਾਬ ਤੋਂ ਪਾਣੀ ਭਰਨ ਆਉਂਦੀਆਂ ਹਨ। ਕਈ ਵਾਰ ਰੋਕਣ ਤੋਂ ਬਾਅਦ ਜਦ ਇਹ ਚੁੱਪ ਨਾ ਹੋਏ ਤਾਂ ਇੱਕ ਦਿਨ ਉਹ ਵੀ ਆ ਗਿਆ ਜਿਵੇਂ ਸਾਹਿਬ ਨੇ ਬਾਣੀ ਵਿੱਚ ਫੁਰਮਾਇਆ ਹੈ—

**ਭੀਤਿ ਊਪਰੇ ਕੇਤਕੁ ਧਾਈਐ ਅੰਤ ਓਰਕੋ ਆਹਾ ॥2॥**

**(ਆਸਾ ਮ: ੫ ਅੰਗ ੪੦੨)**

(ਭੀਤਿ ਆਖਿਆ ਹੈ-ਕੰਧ ਨੂੰ) ਕੰਧ ਉੱਪਰ ਕੋਈ ਕਿੰਨੀ ਦੇਰ ਦੌੜ ਸਕੇਗਾ ਆਖਿਰ ਉਸ ਦਾ ਸਿਰਾ (ਕਿਨਾਰਾ) ਆਏਗਾ। ਫਿਰ ਦੌੜਨ ਵਾਲਾ ਸੰਭਾਲ ਨਹੀਂ ਸਕੇਗਾ ਬੁਰੀ ਤਰ੍ਹਾਂ ਡਿਗੇਗਾ। ਸਾਕਤ ਪੁਰਸ਼ ਮਹਾਂਪੁਰਖਾਂ ਦੇ ਬਚਨਾਂ ਦੀ ਉਲੰਘਣਾ ਕਰਕੇ ਦੁੱਖਾਂ ਦੀ ਮੌਤ ਤੋਂ ਕਿੰਨਾਂ ਚਿਰ ਛੁਟਕਾਰਾ ਪਾਏਗਾ। ਮੌਤ ਅਟੱਲ ਹੈ ਪਰ ਗੁਰਮੁਖ ਤੇ ਸਾਕਤ ਪੁਰਸ਼ ਦੀ ਮੌਤ ਵਿੱਚ ਅੰਤਰ ਹੈ। ਜਿਸ ਤਰ੍ਹਾਂ ਕੋਈ ਬੀਜੇਗਾ ਤਾਂ ਵੱਢੇਗਾ ਵੀ ਉਸ ਤਰ੍ਹਾਂ ਦਾ ਹੀ ਸੋ ਇਨ੍ਹਾਂ ਪ੍ਰਤੀ ਬਚਨ ਹੋ ਗਏ।

"ਟੇਕੂ ਮਹਿਰਾ ਤੇ ਚੇਤੂ ਮੱਲ ਦੀ ਪਿੰਡ ਚੋਂ ਮੜੀ ਮਸਾਣੀ ਵੀ ਗਈ" ਸੋ ਇਸ ਵਕਤ ਪਿੰਡ ਵਿੱਚ ਇਨ੍ਹਾਂ ਦਾ ਕੋਈ ਨਿਸ਼ਾਨ ਨਹੀਂ।

ਅਰਜਨ ਸਿੰਘ ਦਾ ਭਰਾ ਈਸ਼ਰ ਸਿੰਘ ਨੂੰ ਬਚਨ ਹੋਇਆ "ਕੀੜੇ ਪੈ ਮਰੇਂਗਾ" ਸੋ ਉਸਦੇ ਕੀੜੇ ਪਏ।

ਸੇਠ ਗੋਂਦਾ ਮੱਲ ਨੂੰ ਜੋ ਬਚਨ ਹੋਇਆ "ਗੋਂਦਾ ਮੈਂ ਰੋਂਦਾ ਡਿਠਾ।"

ਬਾਕੀ ਹੋਰ ਵੀ ਜੋ ਇਨ੍ਹਾਂ ਦਾ ਸਾਥ ਦਿੰਦੇ ਸਨ ਸਭ ਦੀ ਪਰਥਾਇ

ਇਹੋ ਜਿਹੇ ਬਚਨ ਜਿਵੇਂ ਭਗਵਾਨ ਸਿੰਘ ਗੌਂਦਾਰਾ, ਅਮੀ ਚੰਦ ਅਰੋੜਾ ਭੁੱਚੋਂ ਮੰਡੀ ਪੰਸਾਰੀ ਦੀ ਦੁਕਾਨ ਸੀ, (ਈਸ਼ਰ ਸਿੰਘ ਦਾ ਭਰਾ) ਵੱਲ ਇਸ਼ਾਰਾ ਸੀ "ਭਗਵਾਨਿਆ, ਗੋਂਦਾਰਿਆ, ਅਮੀ ਚੰਦ ਰੋੜਿਆ, ਸਾਹਿਬ ਸੱਚੇ ਰੋੜਿਆ।"

ਜੇ ਕਿਸੇ ਦਾ ਬੱਚਾ ਬੀਮਾਰ ਹੋ ਜਾਣਾ ਜਾਂ ਪਸ਼ੂ ਬੀਮਾਰ ਹੋ ਜਾਣਾ ਉਨ੍ਹਾਂ ਨੂੰ ਤੰਦਰੁਸਤੀ ਦੀ ਬੇਨਤੀ ਕਰਨੀ ਤਾਂ ਹਜ਼ੂਰ ਨੇ ਬਚਨ ਕਰਨਾ "ਮਾਰੋ ਡਲੇ (ਰੋੜੇ-ਅੱਧੀ ਇੱਟ) ਗੋਂਦੇ ਦੇ, ਗੋਂਦੇ ਦੀ ਕਾਰ ਐ।" ਗੋਂਦੇ ਦਾ ਨਿਸ਼ਾਨ ਬਣਾ ਕੇ ਉਥੇ ਹੀ ਡਲੇ ਮਾਰਨੇ ਬੱਚੇ ਨੇ ਠੀਕ ਹੋ ਜਾਣਾ। (ਡਲੇ ਇਸ ਤਰ੍ਹਾਂ ਮਾਰਨੇ ਜਿਵੇਂ ਕਿਸੇ ਦੀ ਨਜ਼ਰ ਦਾ ਸੱਕ ਹੋਵੇ ਤਾਂ ਉਸ ਦੀ ਫੋਟੋ ਬਣਾ ਕੇ ਆਮ ਲੋਕ ਛਿਤਰ ਮਾਰਦੇ ਹਨ) ਜੋ ਬਚਨ ਕਿਸੇ ਪ੍ਰਥਾਇ ਕੀਤਾ ਉਸੇ ਤਰ੍ਹਾਂ ਹੀ ਵਰਤਿਆ। ਕਈ ਪਾਠਕਾਂ ਦਾ ਵਿਚਾਰ ਹੋ ਜਾਂਦਾ ਹੈ ਕਿ ਬਾਬਾ ਜੀ ਨੇ ਸਰਾਪ ਦਿੱਤਾ ਸੀ, ਨਹੀਂ ਇਹ ਤਾਂ ਅਕਾਲ ਪੁਰਖ ਦਾ ਹੁਕਮ ਇਸੇ ਤਰ੍ਹਾਂ ਹੀ ਵਰਤਣਾ ਸੀ ਕਿਸੇ ਮਹਾਂਪੁਰਖ ਦੁਆਰਾ। ਜਿਤਨੀ ਦੇਰ ਤਕ ਦਸ ਪਾਤਸ਼ਾਹੀਆਂ ਸਰੀਰ ਕਰਕੇ ਸੰਸਾਰ ਵਿੱਚ ਵਿਚਰੀਆ ਉਨ੍ਹਾਂ ਦੁਆਰਾ ਵੀ ਹੁਕਮ ਵਰਤਿਆ। ਜਿਵੇਂ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੂਜੀ ਵਾਰ ਏਮਨਾਬਾਦ (ਪਾਕਿਸਤਾਨ) ਗਏ। ਇਥੇ ਹਜ਼ੂਰ ਦਾ ਸੇਵਕ ਭਾਈ ਲਾਲੋ' ਰਹਿੰਦਾ ਸੀ। ਵੇਖਣ ਲਈ ਗਰੀਬ ਪਰ ਸਿਦਕ ਦਾ ਧਨੀ, ਸਿਦਕ ਦਾ ਪੁਤਲਾ ਸੀ। ਬਾਲੇ, ਮਰਦਾਨ ਤੋਂ ਬਿਨਾਂ ਸਤਿਗੁਰਾਂ ਨਾਲ ਹੋਰ ਵੀ ਸਾਧੂ ਸਨ। ਨਗਰ ਦੇ ਬਾਹਰ ਆਸਣ ਲਾ ਲਿਆ ਅਤੇ ਤਰਕਾਲਾਂ ਪਈਆਂ ਤੋਂ ਹੁਕਮ ਦਿੱਤਾ "ਜਾਉ ਸੰਤ ਜੀ ਨਗਰ ਵਿੱਚੋਂ ਭਿਛਿਆ ਮੰਗ ਲਿਆਉ।" ਮਰਦਾਨੇ ਨੂੰ ਵੀ ਹੁਕਮ ਹੋਇਆ "ਜਾਉ ਆਪ ਵੀ ਚਲੇ ਜਾਉ, ਆਉਂਦੇ ਸਮੇਂ ਭਾਈ ਲਾਲੋ ਨੂੰ ਨਾਲ ਲੈ ਆਉਣਾ ਹੁਕਮ ਅਨੁਸਾਰ ਸੰਤ ਨਗਰ ਵਿੱਚ ਚਲੇ ਗਏ। ਭਿਖਿਆ ਮੰਗਣ ਪਹਿਲੇ ਘਰ ਜਾ ਅਲਖ ਜਗਾਈ। ਇਸ ਘਰ ਵਿੱਚ ਸਾਦੀ ਦਾ ਦਿਹਾੜਾ ਸੀ। ਘਰ ਚੰਗੇ ਖਾਂਦੇ ਪੀਂਦੇ ਆਦਮੀ ਦਾ ਸੀ। ਪਹਿਲੀ ਅਵਾਜ਼ ਦਿੱਤੀ, ਕਿਸੇ ਨਾ ਸੁਣਿਆ, ਦੂਜੀ ਅਵਾਜ਼ ਵੀ ਨਾ ਸੁਣੀ ਕੋਈ ਭਿਖਿਆ ਪਾਉਣ ਨਾ ਆਇਆ। ਬਾਹਰੋਂ ਇਸ ਘਰ ਅੰਦਰ ਜਾਣ ਲਈ ਕੋਈ ਆਦਮੀ ਘੋੜੇ ਸਵਾਰ ਹੋ ਕੇ ਸ਼ਰਾਬੀ ਹਾਲਤ ਵਿੱਚ ਆਇਆ ਮਰਦਾਨਾ ਜੀ ਦੇ ਸਾਹਮਣੇ ਆ ਕੇ ਇਉਂ ਬੋਲਣ ਲੱਗਾ ਜਿਵੇਂ ਭਾਈ ਸੰਤੋਖ

ਸਿੰਘ ਜੀ ਨਾਨਕ ਪ੍ਰਕਾਸ਼ ਵਿੱਚ ਲਿਖਦੇ ਹਨ —

**ਅਟਪਟ ਬੈਨ ਬਕਤ ਦੁਰਬਾਨੀ। ਤਿਹ ਛਿਨ ਆਵਾ ਇਕ ਮਦਪਾਨੀ॥**
**ਮਰਦਾਨੇ ਕੋ ਦੀਭ ਧਕੇਲਾ। ਬਹੁਬਲ ਸਿਉਂ ਧਰਨੀ ਪਰ ਮੇਲਾ॥**

ਭਾਵ ਅਰਥ ਇਨੇ ਨੂੰ ਇੱਕ ਸ਼ਰਾਬੀ ਖਿੜਕਵੀਂ ਅਵਾਜ਼ ਵਿੱਚ ਬੋਲਦਾ ਹੋਇਆ ਗਾਲ੍ਹਾਂ ਕੱਢਦਾ ਹੋਇਆ ਆਇਆ ਉਸ ਨੇ ਮਰਦਾਨੇ ਨੂੰ ਧੱਕਾ ਮਾਰਕੇ ਜ਼ਮੀਨ ਉੱਤੇ ਸੁਟ ਦਿੱਤਾ। ਸਾਧੂਆਂ ਨੇ ਮਰਦਾਨੇ ਨੂੰ ਚੁਕਿਆ ਕਿਉਂਕਿ ਸੱਟ ਕਾਫੀ ਲੱਗੀ ਸੀ। ਉਨ੍ਹਾਂ ਇਥੇ ਖਲੋਣਾ ਠੀਕ ਨਾ ਸਮਝਿਆ। ਮਰਦਾਨੇ ਨੂੰ ਨਾਲ ਲੈ ਕੇ ਭਾਈ ਲਾਲੋ ਜੀ ਦੇ ਘਰ ਚਲੇ ਗਏ। ਇਸ ਉਪਰੰਤ ਭਾਈ ਲਾਲੋ ਨੂੰ ਨਾਲ ਲੈ ਕੇ ਸਤਿਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿੱਚ ਜਾ ਮੱਥਾ ਟੇਕਿਆ। ਮਰਦਾਨੇ ਨੇ ਜੋ ਨਗਰ ਵਿੱਚ ਬੀਤੀ ਉਹ ਵਿਥਿਆ ਸੁਣਾ ਦਿੱਤੀ। ਭਾਣਾ ਵਰਤ ਗਿਆ ਸਤਿਗੁਰਾਂ ਨੇ ਭਾਈ ਲਾਲੋ ਨੂੰ ਬਾਣੀ ਦੁਆਰਾ ਸ਼ਬਦ ਸੁਣਾਇਆ ਅਤੇ ਆਖਿਆ —

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥**
**ਮੁਸਲ ਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥**
**ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥**

**(ਤਿਲੰਗ ਮ: ੧ ਅੰਗ ੭੨੨-੨੩)**

ਸ਼ਬਦ ਉਚਾਰਨ ਤੋਂ ਬਾਅਦ ਜੋ ਕੁਝ ਵਰਤਿਆ ਉਹ ਸਾਰੇ ਹੀ ਇਤਿਹਾਸ ਪੜ੍ਹਨ ਵਾਲੇ ਜਾਣਦੇ ਹਨ। ਇੱਕ ਪ੍ਰਸੰਗ ਬਾਬਾ ਜੀ ਆਪਣੇ ਮੁਖ ਤੋਂ ਸੁਣਾਇਆ ਕਰਦੇ ਸਨ ਕਿ 'ਜਦ ਅਸੀਂ ਬਾਹਰ ਜੰਗਲਾਂ ਵਿੱਚ ਵਿਚਰਦੇ ਸਾਂ ਤਾ ਸਾਡਾ ਮਿਲਾਪ ਬਾਬਾ ਰਾਮ ਸਿੰਘ ਜੀ ਨਾਲ ਹੋਇਆ ਜੋ ਨਾਮਧਾਰੀ ਸੰਪਰਦਾ ਦੇ ਮੁਖੀ ਸਨ।" ਪ੍ਰਮਾਰਥ ਦੇ ਬਚਨ ਹੋਣ ਤੋਂ ਬਾਅਦ ਮੌਕੇ ਦੀ ਹਕੂਮਤ ਦੀ ਗੱਲ ਤੁਰ ਪਈ (ਭਾਵ ਅੰਗਰੇਜ਼ੀ ਹਕੂਮਤ) ਕਿ ਕਿਸੇ ਤਰ੍ਹਾਂ

ਅੰਗਰੇਜ਼ ਚਲਿਆ ਜਾਵੇ ਕੋਈ ਯਤਨ ਕੀਤਾ ਜਾਏ ਕਿਉਂਕਿ, ਇਹ ਜ਼ੁਲਮ ਬਹੁਤ ਕਰ ਰਿਹਾ ਹੈ।" ਰਾਮ ਸਿੰਘ ਨੇ ਬਚਨ ਕੀਤਾ।

ਹਜ਼ੂਰ ਨੇ ਉੱਤਰ ਦਿੱਤਾ "ਜਿਸ ਵਕਤ ਹੁਕਮ ਹੋਇਆ ਇਨ੍ਹਾਂ ਨੇ (ਅੰਗਰੇਜ਼ਾਂ ਨੇ) ਇਥੇ ਪਾਣੀ ਵੀ ਨਹੀਂ ਪੀਣਾ, ਅਜੇ ਇਨ੍ਹਾਂ ਦਾ ਸਮਾਂ ਨਹੀਂ।"

**ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ।**

"ਹਾਂ ਜੇ ਤੁਹਾਨੂੰ ਕੋਈ ਹੁਕਮ ਹੈ ਤਾਂ ਤੁਸੀਂ ਕਰੋ" ਬਾਬਾ ਜੀ ਨੇ ਬਚਨ ਕੀਤਾ। "ਜੋ ਕੁਝ ਹੋ ਰਿਹਾ ਹੈ ਹੁਕਮ ਨਾਲ ਹੈ। ਬਾਬਰ ਹੁਕਮ ਨਾਲ ਆਇਆ। ਏਮਨਾਬਾਦ ਦੇ ਰਹਿਣ ਵਾਲੇ ਹਾਕਮ ਪੀਰਾ ਨੂੰ ਮੰਨਦੇ, ਪੂਜਦੇ ਸਨ ਪੀਰ ਵੀ ਕਰਾਮਾਤੀ ਸਨ ਪਰ ਇਹ ਸਮੇਂ ਕਿਸੇ ਦੀ ਕਰਾਮਾਤ ਨਾ ਚਲੀ ਜਿਵੇਂ ਸਤਿਗੁਰਾਂ ਨੇ ਫੁਰਮਾਇਆ ਹੈ —

**ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥**
**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥**
**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥੪॥**

(ਆਸਾ ਮ: ੧, ਅੰਗ ੪੧੭-੧੮)

ਇਸ ਸਮੇਂ ਕਿਸੇ ਵੀ ਪੀਰ ਫਕੀਰ ਨੇ ਉਨ੍ਹਾਂ ਦੀ ਸਹਾਇਤਾ ਨਹੀਂ ਕੀਤੀ ਕਿਉਂਕਿ ਹੁਕਮ ਨਹੀਂ ਸੀ। ਇਸ ਤਰ੍ਹਾਂ ਰੱਬੀ ਹੁਕਮ ਮਹਾਂਪੁਰਖਾਂ ਰਾਹੀਂ ਵਰਤਦੇ ਹਨ—

**ਪ੍ਰਭ ਜੀ ਬਸਹਿ ਸਾਧ ਕੀ ਰਸਨਾ॥**

(ਗਉੜੀ ਸੁਖਮਨੀ)

ਸੋ ਇਹ ਭਾਣਾ ਜੋ ਗੋਂਦਾ ਮਲ ਤੇ ਸਾਥੀਆਂ ਨਾਲ ਵਰਤਿਆ ਉਹ ਅਕਾਲ ਪੁਰਖ ਦੇ ਹੁਕਮ ਨਾਲ ਵਰਤਿਆ।

**ਅਰੜਾਵੈ ਬਿਲਲਾਵੈ ਨਿੰਦਕੁ॥**
**ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ॥੧॥ ਰਹਾਉ॥**
**ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥**
**ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕ ਅਗਨੀ ਮਾਹਿ ਜਲਾਵੈ॥੧॥**
**ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ॥**

**ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥੨॥੧੦॥**

(ਆਸਾ ਮ: ੫, ਅੰਗ ੩੭੩)

ਗੋਂਦੇ ਮੱਲ ਦੀ ਬਿਰਤੀ ਏਨੀ ਪਾਪਮਈ ਬਣੀ ਕਿ ਇਸ ਨੇ ਬਾਬਾ ਜੀ ਨੂੰ ਜ਼ਹਿਰ ਵੀ ਦਿੱਤਾ ਸੀ। ਇਸ ਦਾ ਪ੍ਰਸੰਗ ਅੱਗੇ ਆਵੇਗਾ।

# ਮਨ ਰੇ ਹੁਕਮੁ ਮੰਨਿ ਸੁਖੁ ਹੋਇ॥

ਹੁਕਮੀ ਇਨਸਾਨ ਪ੍ਰਮਾਤਮਾ ਨਾਲ ਇੱਕ ਸੁਰ ਹੋ ਕੇ ਆਪਣੀ ਸਾਰੀ ਅਪੱਣਤ ਨੂੰ ਖ਼ਤਮ ਕਰ ਦਿੰਦਾ ਹੈ ਅਤੇ ਸੁਖ ਪ੍ਰਾਪਤ ਕਰਕੇ ਪ੍ਰਮਾਤਮਾ ਵਿੱਚ ਲੀਨ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਆਦਰਸ਼ਕ ਤੇ ਸੱਚੇ ਸੇਵਕ ਦਾ ਜੀਵਨ ਨਿਸ਼ਾਨ ਉਸ ਪ੍ਰਮਾਤਮਾ ਦੀ ਪ੍ਰੀਤ ਨਿਬਾਹੁਣੀ ਕਿਹਾ ਗਿਆ ਹੈ। ਇਸ ਲਈ ਉਹ ਹੁਕਮੀ ਬੰਦਾ ਹੋ ਕੇ ਹੁਕਮ ਵਿੱਚ ਜੀਵਨ ਬਤੀਤ ਕਰਦਾ ਹੈ। ਹੁਕਮ ਮੰਨ ਕੇ ਪ੍ਰਵਾਨ ਚੜਦਾ ਹੈ ਅਤੇ ਹਰੀ ਦਾ ਮਹੱਲ ਲੱਭਦਾ ਹੈ। ਹੁਕਮ ਬੁਝਣਾ ਤੇ ਹੁਕਮ ਮੰਨਣਾ ਦੋ ਵੱਖ ਵੱਖ ਚੀਜ਼ਾਂ ਨਾ ਉਨ੍ਹਾਂ ਦੋਹਾਂ ਵਿੱਚ ਜੋ ਫਰਕ ਹੈ ਉਸ ਨੂੰ ਨਾ ਹੁਕਮ ਜਾਂ ਭਾਣੇ ਸਮਝ ਕੇ ਨੂੰ ਬੜੇ ਮਹਦੂਦ ਜਹੇ ਅਰਥਾਂ ਵਿੱਚ ਲੈ ਲਿਆ ਜਾਂਦਾ ਹੈ। ਖਿਆਲ ਹੈ ਕਿ ਕੋਈ ਕਸ਼ਟ ਆ ਜਾਏ ਜਾਂ ਧਨ ਬਰਬਾਦ ਹੋ ਜਾਏ ਆਦਿ ਇਸ ਨੂੰ ਸਮਝ ਕੇ ਇਸ ਅੱਗੇ ਸਿਰ ਝੁਕਾ ਦੇਣਾ ਇਹ ਹੀ ਉਸ ਦਾ ਹੁਕਮ ਮੰਨਣਾ ਹੈ। ਇਸ ਤਰ੍ਹਾਂ ਆਤਮਾ ਨੂੰ ਸ਼ਾਂਤੀ, ਸਬਰ, ਸੰਤੋਖ ਮਿਲ ਜਾਂਦੇ ਹਨ। ਸਮੁੱਚੇ ਤੌਰ ਤੇ ਸਿਆਣਪ ਵੀ ਇਸੇ ਵਿੱਚ ਹੈ ਕਿ ਜਿਸ ਚੀਜ਼ ਨੂੰ ਟਾਲਿਆ ਨਹੀਂ ਜਾ ਸਕਦਾ। ਪ੍ਰਮਾਤਮਾ ਨਿਰਾਕਾਰ ਹੈ ਆਪਣਾ ਹੁਕਮ ਬੋਲ ਕੇ ਤਾਂ ਦੱਸਦਾ ਨਹੀਂ। ਇਸ ਲਈ ਹੁਕਮ ਵਿੱਚ ਤੁਰਦਿਆਂ ਦੀ ਹੁਕਮ ਦੀ ਸਮਝ ਆਂਵਦੀ ਨੂੰ ਤੇ ਜੀਵਨ ਜੁਗਤ ਲੱਭਦੀ ਹੈ। ਆਪੇ ਨੂੰ ਪ੍ਰਮਾਤਮਾ ਰੂਪ ਗੁਰੂ ਦੀ ਮੁਕੰਮਲ ਤਾਬੇਦਾਰੀ ਅੰਦਰ ਲਿਆਉਣਾ ਪੈਂਦਾ ਹੈ। ਹੁਕਮ ਮੰਨਣ ਵਾਲਾ ਹੀ ਸੁਖ ਦੀ ਪ੍ਰਾਪਤੀ ਕਰ ਸਕਦਾ ਹੈ।

ਭਾਈ ਵਰਿਆਮ ਸਿੰਘ ਬਾਬਾ ਜੀ ਦੇ ਸੇਵਕ ਹੁਕਮ ਅਨੁਸਾਰ ਨਿਤਨੇਮ

ਕਰਦਾ ਸੀ ਘਰੇਲੂ ਕੰਮ ਵੀ ਕਰਦਾ ਖੇਤੀ ਦਾ ਕੰਮ ਵੀ ਕਰਦਾ ਪਰ ਨਿਯਮ ਨਾਲ ਮਰਿਯਾਦਾ ਅਨੁਸਾਰ ਜਪ ਤਪ ਕਰਨਾ। ਮਹਾਂਪੁਰਖਾਂ ਦੇ ਮਿਲਿਆਂ ਸੇਵਾ ਸਿਮਰਨ ਵਿੱਚ ਮਨ ਲੱਗਦਾ ਹੈ। ਇੱਕ ਵਾਰ ਬਾਬਾ ਅਨੰਦ ਸਿੰਘ ਜੀ (ਕਲੇਰਾਂ ਵਾਲੇ) ਮਹਾਰਾਜ ਨੇ ਸੰਗਤ ਵਿੱਚ ਬੈਠਿਆਂ ਮੁਖੀਆਂ ਨੂੰ ਸਵਾਲ ਕੀਤਾ "ਜੇ ਤੁਹਾਨੂੰ ਕੋਈ ਪੁੱਛੇ ਕਿ ਤੁਹਾਡੇ ਘਰਾਂ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖੇ ਹੋਏ ਹਨ ਤੇ ਜਿਨ੍ਹਾਂ ਸੰਤਾਂ ਕੋਲ ਤੁਸੀਂ ਜਾਂਦੇ ਹੋ ਕੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ, ਮੰਨਦੇ ਪੂਜਦੇ ਹਨ, ਫਿਰ ਤੁਸੀਂ ਉਥੇ ਕੀ ਲੈਣ ਜਾਂਦੇ ਹੋ ਪੁੰਨਿਆ ਨੂੰ ਨਾਗਾ ਨਹੀਂ ਪੈਣ ਦੇਂਦੇ।" ਇਹ ਬਚਨ ਬਾਬਾ ਜੀ ਨੇ ਕਈ ਵਾਰ ਦੁਹਰਾਇਆ ਪਰ ਕਿਸੇ ਨੇ ਜਵਾਬ ਨਾ ਦਿੱਤਾ। ਆਖਿਰ ਬਾਬਾ ਜੀ ਨੇ ਆਪ ਹੀ ਉੱਤਰ ਵਿੱਚ ਫੁਰਮਾਇਆ ਕਿ "ਤੁਸੀਂ ਕਹਿਣਾ ਅਸੀਂ ਸਿੱਖ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਸ ਸਮੇਂ ਪੜ੍ਹਦੇ ਹਾਂ ਤਾਂ ਸਾਨੂੰ ਸੰਤਾਂ ਕੋਲ ਜਾਣ ਦੀ ਪ੍ਰੇਰਨਾ ਮਿਲਦੀ ਹੈ। ਅਸੀਂ ਸਤਿਗੁਰਾਂ ਦੇ ਹੁਕਮ ਅਨੁਸਾਰ ਜਾਂਦੇ ਹਾਂ। ਉਥੇ ਜਾ ਕੇ ਸਾਨੂੰ ਸਤਿਗੁਰੂ ਦੇ ਚਰਨਾ ਦਾ ਭਰੋਸਾ ਮਿਲਦਾ ਹੈ ਨਾਮ ਜਪਣ ਵਾਲਿਆਂ ਦੀ ਸੰਗਤ ਕਰਨ ਨਾਲ ਗੁਰੂ ਨਾਨਕ ਦੇ ਘਰ ਦਾ ਪਿਆਰ ਵੱਧੇ ਉਸ ਦੀ ਸੇਵਾ ਤੇ ਸਿਮਰਨ ਵਿੱਚ ਮਨ ਲੱਗੇ, ਇਹੀ ਸਾਡਾ ਸੰਤਾਂ ਕੋਲ ਜਾਣ ਦਾ ਅਸਲੀ ਮਨੋਰਥ ਹੈ।" ਜਿਵੇਂ —

**ਆਵੈ ਸਾਹਿਬੁ ਚਿਤਿ ਤੇਰਿਆਂ ਭਗਤਾ ਡਿਠਿਆ॥**

(ਅੰਗ ੫੨੦)

ਇਵੇਂ ਹੀ ਕਿਸੇ ਸੁਝਵਾਨ ਨੇ ਦੱਸਿਆ ਹੈ —

**ਜੋ ਤੂੰ ਚਾਹੇਂ ਕਿ ਹੋ ਭਗਵਾਨ ਕੀ ਤੁਜ ਪਰ ਨਜਰ ਪਹਿਲੇ॥**
**ਤੋਂ ਉਸ ਕੇ ਆਸ਼ਕੋਂ ਕੀ ਖਾਕ-ਪਾ ਮੇ ਕਰ ਗੁਜ਼ਰ ਪਹਿਲੇ॥**

ਬਾਬਾ ਜੀ ਦੇ ਕੀਤੇ ਬਚਨਾਂ ਦੁਆਰਾ ਦਰਸਾਏ ਗਏ ਮਾਰਗ ਦੀ ਅੱਜ ਦੇ ਸਮੇਂ ਵਿੱਚ ਖਾਸ ਮਹੱਤਤਾ ਹੈ। ਭਾਈ ਵਰਿਆਮ ਸਿੰਘ ਮਹਾਂਪੁਰਖਾਂ ਦੀ ਸੰਗਤ ਕਰਨ ਦੇ ਨਾਲ ਨਾਲ ਬਾਣੀ ਦਾ ਸਿਮਰਨ ਵੀ ਕਰਦੇ ਸਨ ਕਿਉਂਕਿ ਬਾਬਾ ਜੀ ਨੇ "ਸੰਤ ਜਪਾਵੈ ਨਾਮ" ਵਾਲੇ ਬਚਨ ਨੂੰ ਸੱਚ ਕਰ ਵਿਖਾਇਆ ਸੀ। ਹੁਣ ਬਾਬਾ ਜੀ ਕੋਲ ਸੰਗਤਾਂ ਦੀ ਆਵਾਜਾਈ ਬਹੁਤ ਹੋ ਗਈ ਸੀ।

ਸਭ ਨੂੰ ਕ੍ਰਿਪਾ ਦ੍ਰਿਸ਼ਟੀ ਸਦਕਾ ਮੁਰਾਦਾਂ ਮਿਲ ਰਹੀਆਂ ਸਨ। ਭਾਈ ਵਰਿਆਮ ਸਿੰਘ ਦੀ ਸੁਪਤਨੀ ਮਾਈ ਭਾਗਣ ਦੇ ਕੰਨੀ ਵੀ ਇਹ ਸਰੋਤ ਪਈ ਕਿ ਬਾਬਾ ਜੀ ਦਾਤਾ ਬਖਸ਼ਦੇ ਹਨ ਕਿਉਂ ਕਿ ਉਨ੍ਹਾਂ ਦੇ ਘਰੇ ਦੋ ਲੜਕੀਆਂ ਹੀ ਸਨ ਮਾਤਾ ਦਾ ਚਿੱਤ ਉਦਾਸ ਰਹਿੰਦਾ ਸੀ ਪੁੱਤਰ ਕੋਈ  ਨਹੀਂ ਸੀ। ਇੱਕ ਦਿਨ ਉਨ੍ਹਾਂ ਨੇ ਭਾਈ ਵਰਿਆਮ ਸਿੰਘ ਜੀ ਨੂੰ ਕਿਹਾ ਕਿ "ਬਾਬਾ ਜੀ ਹਰ ਪ੍ਰਾਣੀ ਦੀ ਆਸਾ ਪੂਰੀ ਕਰਦੇ ਹਨ। ਆਪਾਂ ਵੀ ਉਨ੍ਹਾਂ ਅੱਗੇ ਬੇਨਤੀ ਕਰਕੇ ਵੇਖ ਲਈਏ। ਆਪਣੇ ਉਪਰ ਵੀ ਮੇਹਰ ਦੀ ਨਿਗਾਹ ਹੋ ਜਾਏ, ਆਪਣੀ ਵੀ ਝੋਲੀ ਭਰ ਜਾਵੇ।"

ਬਾਬਾ ਜੀ "ਅੰਤਰਜਾਮੀ ਹਨ ਸਭ ਦੀਆਂ ਜਾਣਦੇ ਹਨ ਆਪ ਹੀ ਕ੍ਰਿਪਾ ਕਰਨਗੇ।" ਭਾਈ ਵਰਿਆਮ ਸਿੰਘ ਨੇ ਉੱਤਰ ਵਿੱਚ ਕਿਹਾ।

ਕਈ ਦਿਨ ਲੰਘ ਜਾਣ ਤੋਂ ਬਾਅਦ ਮਾਈ ਨੇ ਫਿਰ ਕਿਹਾ" ਕਿ ਬੇਨਤੀ ਕਰ ਦੇਣੀ ਸੀ, ਸਾਰਾ ਦਿਨ ਸੇਵਾ ਕਰਦੇ ਹੋ, ਇਹ ਕੰਮ ਉਨ੍ਹਾਂ ਲਈ ਵੱਡਾ ਨਹੀਂ।"

ਅੱਗੋ ਭਾਈ ਵਰਿਆਮ ਸਿੰਘ ਨੇ ਸਹਿਜ ਸੁਭਾ ਹੀ ਕਹਿ ਦਿੱਤਾ "ਕਿ ਸੰਤ ਅੰਨੇ ਹਨ, ਉਨ੍ਹਾਂ ਨੂੰ ਨਹੀਂ ਪਤਾ ਮੈਂ ਕੀ ਕਹਾਂ।"

ਜਿਸ ਸਮੇਂ ਭਾਈ ਵਰਿਆਮ ਸਿੰਘ ਸੇਵਾ ਵਿੱਚ ਪਹੁੰਚਿਆ ਤਾਂ ਹਜ਼ੂਰ ਹੱਸ ਕੇ ਬੋਲੇ "ਹਾਂ ਫਿਰ ਸੁਣਾ ਵਰਿਆਮ ਸਿੰਆਂ ਸੰਤ ਕਿਤੇ ਅੰਨੇ ਹਨ।" ਭਾਈ ਜੀ ਨੇ ਨੀਵੀਂ ਪਾ ਲਈ ਤਾਂ ਚੁਪ ਚਾਪ ਖੜਾ ਰਿਹਾ ਮਾਨੋ ਕਹੇ ਲਫਜਾਂ ਦਾ ਪਛਚਾਤਾਪ ਕਰ ਰਿਹਾ ਹੋਵੇ।

ਫਿਰ ਬਾਬਾ ਜੀ ਨੇ ਚੁਪ ਨੂੰ ਤੋੜਦਿਆਂ ਬਚਨ ਕੀਤਾ "ਅਸਾਂ ਨੂੰ ਸਭ ਪਤਾ ਹੈਂ। ਤੂੰ ਸਾਡਾ ਸੇਵਕ ਹੈਂ ਹੁਕਮ ਮੰਨ ਕੇ ਸਿਮਰਨ ਕਰਦਾ ਹੈਂ। ਅਸੀਂ ਚਾਹੁੰਦੇ ਹਾਂ ਕਿ ਤੇਰੇ ਵਰਗਾ ਜਪ ਤਪ ਵਾਲਾ ਹੀ ਕੋਈ ਤੈਨੂੰ ਦੇਈਏ। ਪਰ ਇਹੋ ਜਿਹੀ ਰੂਹ ਅਜੇ ਨਹੀਂ ਆਈ। ਹੁਣ ਤਾਂ ਸਾਡੇ ਕੋਲ ਸ਼ਰਾਬੀ ਕਬਾਬੀ ਹੈ, ਲੜਾਈ ਝਗੜੇ ਕਰਨ ਵਾਲਾ ਪਰ ਨਾਮ ਜਪਿਆ ਕਰੇਗਾ। ਘਰ ਸਲਾਹ ਕਰ ਲਵੀਂ, ਹੈ ਵੀ ਤੇਰਾ ਯਾਰ ਗੰਜੀ ਮਾਨਸਾ ਵਾਲਾ ਦਸੋਂਦਾ ਸਿੰਘ ਨੰਬਰਦਾਰ।

ਭਾਈ ਜੀ ਨੂੰ ਯਕੀਨ ਨਾ ਆਇਆ, ਸਮਝਣ ਲੱਗਾ ਕਿ ਬਾਬਾ ਜੀ ਹੱਸਦੇ ਕਹਿ ਰਹੇ ਹਨ। ਕਹਿਣ ਲੱਗਾ "ਮਹਾਰਾਜ! ਮੈਨੂੰ ਤਾਂ ਇਹੀ ਮਨਜ਼ੂਰ ਹੈ ਮੁੰਡਾ ਹੋਵੇ ਚਾਹੇ ਕਿਹੋ ਜਿਹਾ ਵੀ ਹੋਵੇ।"

ਹਜ਼ੂਰ ਨੇ ਬਚਨ ਕੀਤਾ "ਚੰਗਾ ਜੇ ਤੈਨੂੰ ਯਕੀਨ ਨਹੀਂ ਆਉਂਦਾ ਤਾਂ ਮੁੰਡਾ ਆ ਰਿਹਾ ਹੈ ਉਸ ਦੀਆਂ ਦੋ ਨਿਸ਼ਾਨੀਆਂ ਯਾਦ ਰੱਖੀ। ਪਹਿਲੀ ਕਿ ਆਵੇਗਾ ਸਾਲ ਦੇ ਅੰਦਰ ਅੰਦਰ, ਦੂਜੀ ਪਦਾਇਸ਼ ਵੇਲੇ ਰੋਵੇਗਾ ਨਹੀਂ। ਸੋ ਬਚਨ ਸੱਚ ਹੋ ਕੇ ਬੱਚਾ ਹੋਇਆ। ਉਸ ਦਾ ਨਾਮ ਰੱਖਿਆ ਗਿਆ "ਚੰਦਾ ਸਿੰਘ" ਵੱਡਾ ਹੋਇਆ ਤਾਂ ਜ਼ਿੰਦਗੀ ਭਰ ਸ਼ਰਾਬ ਪੀਤੀ। ਲੜਾਈ ਝਗੜੇ ਵੀ ਕੀਤੇ, ਲੜਾਈ ਕਰਨ ਲਈ ਡਾਂਗ ਚੁਕ ਕੇ ਸਭ ਤੋਂ ਅੱਗੇ ਹੋਣਾ, ਪਰ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਤ ਸੁਲਝਿਆ ਹੋਇਆ ਅਖੰਡ ਪਾਠੀ ਸੀ।

**ਕੋਈ ਜਾਣਿ ਨ ਭੂਲੈ ਭਾਈ॥**
**ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥**

(ਪ੍ਰਭਾਤੀ ਮ: ੧, ਅੰਗ ੧੩੪੪)

## ਕਬਿੱਤ

**ਕੌਣ ਤੇਰੀ ਸਿਫਤ ਉਚਾਰੇ ਇਕ ਰਸਨਾ ਸੇ,**
**ਘਟ ਘਟ ਵਾਸੀ ਜੈਸੇ ਫੂਲ ਮਹਿ ਬਾਸ ਹੈ।**

**ਸੂਰਜ ਮੈਂ ਤੇਜ ਰੂਪ ਚੰਦ੍ਰਮਾ ਮੈ ਸੀਤਲਾਤਾ ਸਗਾ ਏਕ ਰਸ ਰੂਪ ਸੁੰਦ੍ਰਤਾ ਕੋ ਭਾਸ ਹੈ।**

**ਜੋਗਨ ਮੈਂ ਜੋਗੀ ਮਹਾਜਨ ਮੈਂ ਮਹਾਜਨ ਦਰਸ ਪਰਸ ਮਨ ਹੋਵਤ ਹੁਲਾਸ ਹੈ।**

**ਕੈਸੇ ਤੇਰੀ ਸਿਫਤ ਉਚਾਰੇ ਸਤਿਨਾਮ ਸਿੰਘ "ਮਹਾਂ ਹਰਿਨਾਮ ਹਰੀ" ਸੁਤੇ ਪ੍ਰਕਾਸ਼ ਹੈ**

(ਇਹ ਪ੍ਰਸੰਗ ਸ੍ਰ. ਚੰਦਾ ਸਿੰਘ ਦੇ ਪੁੱਤਰ ਸ੍ਰ. ਨਰੰਗ ਸਿੰਘ ਤੋਂ ਮਿਲਿਆ ਹੈ।)

# ਸੰਤ ਪ੍ਰਸਾਦਿ ਬੈਦ ਨਾਰਾਇਣ ਕਰਣ ਕਾਰਣ ਪ੍ਰਭ ਏਕ॥

(ਅੰਗ ੭੧੪)

ਸੱਚੇ ਸੁੱਚੇ ਪ੍ਰੇਮ ਦੀ ਕਣੀ ਪ੍ਰਮਾਤਮਾ ਹਰ ਪ੍ਰਾਣੀ ਅੰਦਰ ਪਾ ਕੇ ਸੰਸਾਰ ਵਿੱਚ ਭੇਜਦਾ ਹੈ। ਪਰ ਫੁੱਟਦੀ ਵਿਰਲੇ ਹਿਰਦੇ ਅੰਦਰ ਹੈ। ਜਿਸ ਸਰੀਰ ਅੰਦਰ ਫੁੱਟ ਆਵੇ ਉਸ ਦਾ ਹਿਰਦਾ ਇਨ੍ਹਾਂ ਸ਼ੁੱਧ ਹੁੰਦਾ ਹੈ ਉਸਦੀ ਕਿਸੇ ਪ੍ਰਤੀ ਨਫਰਤ, ਮੰਦ ਖਿਆਲੀ ਅਤੇ ਦੁਸ਼ਟ ਭਾਵਨਾਂ ਉਤਪੰਨ ਨਹੀਂ ਹੁੰਦੀ। ਉਸ ਨੂੰ ਆਪਣੇ ਘਰੇਲੂ ਜੀਵਨ ਦੇ ਦੁਖ ਸੁਖ ਦੀ ਓਟ ਵੀ ਆਪਣੇ ਪ੍ਰੀਤਮ ਦੀ ਖੁਸ਼ੀ ਅੰਦਰ ਹੀ ਹੁੰਦੀ ਹੈ। ਉਹ ਇੱਕ ਖਿਨ ਮਾਤਰ ਵੀ ਪਿਆਰੇ ਤੋਂ ਪਰੇ ਰਹਿਣਾ ਬਰਦਾਸ਼ਤ ਨਹੀਂ ਕਰਦਾ। ਸਰੀਰਕ ਦੁਖ ਵੇਲੇ ਵੈਦ ਹਕੀਮ ਵੀ ਉਹੀ, ਡਾਕਟਰ ਦਵਾ ਵੀ ਉਹੀ, ਜੀਵਨ ਵੀ ਓਹੀ ਤੇ ਦਾਨੀ ਵੀ ਓਹੀ ਜਗਿਆਸੂ ਦੇ ਮਨ ਦੀ ਭਾਵਨਾ ਬਣ ਜਾਂਦਾ ਹੈ। ਉਸ ਦੇ ਮਨ ਅੰਦਰ ਤਾਂ ਇੱਕ ਉੱਤਮ ਪਦਾਰਥ ਪੈ ਚੁੱਕਿਆ ਹੁੰਦਾ ਹੈ ਸੇਵਾ ਦਾ। ਜੋ ਸਭ ਤੋਂ ਸ੍ਰੇਸ਼ਟ ਤਪ ਮੰਨਿਆ ਗਿਆ ਹੈ। ਜਿਵੇਂ -

**ਗੁਰ ਸੇਵਾ ਤਪਾ ਸਿਰਿ ਤਪੁ ਸਾਰੁ ॥**

ਇਕੱਲਵੇ ਤੌਰ ਤੇ ਤਪੱਸਿਆ ਕਰਨ ਵਾਲਾ ਤਾਂ ਹੰਕਾਰੀ ਹੋ ਜਾਂਦਾ ਹੈ ਪੁਰਾਤਨ ਇਤਿਹਾਸ ਵਿੱਚੋਂ ਜ਼ਿਕਰ ਹੈ ਕਿ ਤਪ ਕਰਨ ਦਾ ਅਧਿਕਾਰ ਵੇਦ ਅਨੁਸਾਰ ਹਰ ਇੱਕ ਵਰਨ ਵਾਲੇ ਨੂੰ ਨਹੀਂ। ਰਮਾਇਣ ਦਾ ਇੱਕ ਪ੍ਰਸੰਗ ਹੈ। ਸ੍ਰੀ ਰਾਮ ਜੀ ਅਯੁੱਧਿਆ ਦਾ ਰਾਜ ਭਾਗ ਸੰਭਾਲੇ ਹੋਏ ਸੀ। ਅਯੁੱਧਿਆ ਅੰਦਰ ਇੱਕ ਬ੍ਰਾਹਮਣ ਦਾ ਪੁੱਤਰ ਮਰ ਗਿਆ। ਉਹ ਉਸ ਦੀ ਦੇਹ ਨੂੰ ਚੁਕ ਕੇ ਦਰਬਾਰ ਦੇ (ਰਾਜ ਭਵਨ) ਅੱਗੇ ਰੱਖ ਕੇ ਵਿਰਲਾਪ ਕਰਨ ਲੱਗ ਪਿਆ। ਰਾਮ ਜੀ ਦੇ ਕੰਨੀ ਰੋਣ ਦੀ ਅਵਾਜ਼ ਪਈ ਤਾਂ ਉਨ੍ਹਾਂ ਪੁੱਛਿਆ "ਕੌਣ ਰੋ ਰਿਹਾ ਹੈ"।

ਸੇਵਕਾਂ ਨੇ ਜਵਾਬ ਦਿੱਤਾ "ਮਹਾਰਾਜ ! ਇੱਕ ਬ੍ਰਾਹਮਣ ਦਾ ਪੁੱਤਰ ਮਰ ਗਿਆ ਹੈ। ਉਹ ਉਸ ਦੀ ਲਾਸ਼ ਚੁੱਕ ਲਿਆਇਆ ਹੈ ਅਤੇ ਦਰਵਾਜ਼ੇ

ਅੱਗੇ ਰੱਖ ਕੇ ਵਿਰਲਾਪ ਕਰ ਰਿਹਾ ਹੈ।”

ਸ੍ਰੀ ਰਾਮ ਜੀ ਬਾਹਰ ਆਏ। ਬ੍ਰਾਹਮਣ ਨੇ ਉਨ੍ਹਾਂ ਨੂੰ ਦੇਖ ਕੇ ਕਿਹਾ “ਰਾਮ ਜੀ ਤੁਹਾਡੇ ਰਾਜ ਅੰਦਰ ਅਧਰਮ ਹੋ ਰਿਹਾ ਹੈ ਜਿਸ ਕਰਕੇ ਮੇਰੇ ਪੁੱਤਰ ਦੀ ਬੇ-ਵਕਤ ਮੌਤ ਹੋਈ ਹੈ। ਜੇ ਤੁਸੀਂ ਅਧਰਮ ਕਰਮ ਵਾਲੇ ਨੂੰ ਢੰਡ ਦਿਉਂ ਤਾਂ ਮੇਰਾ ਪੁੱਤਰ ਜਿਊਂਦਾ ਹੋ ਸਕਦਾ ਹੈ। ਜੇ ਮੇਰਾ ਪੁੱਤਰ ਜਿਊਂਦਾ ਨਾ ਹੋਇਆ ਤਾਂ ਮੈਂ ਵੀ ਤੁਹਾਡੇ ਦਰ ਅੱਗੇ ਹੀ ਸਰੀਰ ਤਿਆਗ ਦਿਆਂਗਾ।”

ਲਿਖਿਆ ਹੈ ਕਿ ਰਾਮ ਜੀ ਨੇ ਬ੍ਰਾਹਮਣ ਨੂੰ ਧੀਰਜ ਦਿੱਤਾ ਅਤੇ ਆਪ “ਅਧਰਮ ਕਰਨ ਵਾਲੇ ਦੀ ਭਾਲ ਅੰਦਰ ਤੁਰ ਪਏ। ਜਦ ਤਲਾਸ਼ ਕਰਦੇ ਜੰਗਲ ਵਿੱਚ ਪਹੁੰਚੇ ਤਾਂ ਉਥੇ ਇੱਕ ਸੰਭੂਕ ਨਾਮ ਦਾ ਸ਼ੂਦਰ ਪੁੱਠਾ ਲਟਕ ਕੇ ਤਪ ਕਰ ਰਿਹਾ ਸੀ, ਪਰ ਉਹ ਉਸ ਵਰਨ ਦਾ ਜਿਸ ਨੂੰ ਤਪ ਕਰਨ ਦਾ ਅਧਿਕਾਰ ਨਹੀਂ ਸੀ। ਰਾਮ ਜੀ ਨੇ ਆਪਣੀ ਤਲਵਾਰ ਕੱਢੀ ਤੇ ਉਸ ਦਾ ਸਿਰ ਕੱਟ ਦਿੱਤਾ। ਸਿਰ ਅੱਡ ਹੁੰਦਿਆਂ ਹੀ ਬ੍ਰਾਹਮਣ ਦਾ ਪੁੱਤਰ ਜੀਵਤ ਹੋ ਗਿਆ।

ਤਪ ਤੇ ਭਗਤੀ ਵਿੱਚ ਅੰਤਰ ਹੈ ਕਿਉਂਕਿ ਕਈ ਪਾਠਕ ਸਮਝਣਗੇ ਕਿ ਰਾਮ ਜੀ ਨੇ ਪਿਛਲੇ ਤਪੀ ਸ਼ੂਦਰ ਦਾ ਤਾਂ ਸਿਰ ਕੱਟ ਦਿੱਤਾ ਪਰ ਭੀਲਨੀ ਵੀ ਸ਼ੁਦਰ ਸੀ ਉਸ ਦੇ ਬੇਰ ਖਾਂਦੇ ਸਨ। ਭੀਲਣੀ ਵਿੱਚ ਅੰਤਰ ਸੀ ਉਸਨੇ ਭਗਤੀ ਕੀਤੀ ਸੀ। ਗਿਆਨ ਤੇ ਭਗਤੀ ਵਿੱਚ ਵੀ ਅੰਤਰ ਹੈ। ਇਸ ਵਿਵਾਦ ਵਿੱਚ ਪੈਣ ਦੀ ਲੋੜ ਮਹਿਸੂਸ ਨਾ ਕਰਦੇ ਹੋਏ ਭੀਲਣੀ ਦੀ ਸਾਖੀ ਪੇਸ਼ ਹੈ।

ਇਸਦਾ ਅਸਲੀ ਨਾਮ “ਸਾਬਰੀ” ਪਰ ਪ੍ਰਸਿੱਧ ਨਾਮ ਭੀਲਣੀ। ਜਦ ਪੇਕਿਆ ਅਤੇ ਸਹੁਰਿਆਂ ਵਲੋਂ ਨਿਰਾਸ਼ ਹੋ ਕੇ ਆਤਮ ਹੱਤਿਆ ਕਰਨ ਲਈ ਜੰਗਲ ਵਿੱਚ ਆ ਗਈ। ਉਥੇ ਇਸ ਨੂੰ ਮਤੰਗ ਮੁਨੀ ਦੇ ਦਰਸ਼ਨ ਹੋਏ। ਮੁਨੀ ਜੀ ਦੀ ਆਤਮਿਕ ਦ੍ਰਿਸ਼ਟੀ ਨੇ ਭੀਲਣੀ ਨੂੰ ਭਗਤੀ ਦੇ ਰੂਪ ਵਿੱਚ ਵੇਖਿਆ ਕਿ ਇਸ ਦਾ ਹਿਰਦਾ ਨਿਰਛਲ ਤੇ ਨਿਸ਼ਕਪਟ ਹੈ। ਉਨ੍ਹਾਂ “ਸਾਬਰੀ” ਨੂੰ ਹੁਕਮ ਕੀਤਾ “ਬੇਟੀ! ਭਗਤੀ ਕਰ, ਰਾਮ ਰਾਮ ਜਪਿਆ ਕਰ, ਸੇਵਾ ਹੈ ਆਸ਼ਰਮ ਵਿੱਚ ਝਾੜੂ ਦੇਇਆ ਕਰ। ਇਥੇ ਨੇੜੇ ਹੀ ਇੱਕ

ਝੌਂਪੜੀ ਬਣਾ ਕੇ ਇਸ ਭਗਤੀ ਦਾ ਮਾਰਗ ਅਖਤਿਆਰ ਕਰ ਲਉ, ਇਸੇ ਅੰਦਰ ਹੀ ਜੀਵਨ ਦਾ ਅਸਲੀ ਮਨੋਰਥ ਹੈ।"

ਸਾਬਰੀ ਨੇ ਸੇਵਾ ਸਿਮਰਨ ਸ਼ੁਰੂ ਕਰ ਦਿੱਤਾ। ਇੱਕ ਦਿਨ ਮਤੰਗ ਮੁਨੀ ਕਥਾ ਕਰ ਰਹੇ ਸਨ ਤਾਂ ਜ਼ਿਕਰ ਆਇਆ ਕਿ ਰਾਮ ਜੀ ਪੰਪਾਸਰ ਸਰੋਵਰ ਤੇ ਆਉਣਗੇ। ਇਹ ਸੁਣ ਕੇ ਸਾਬਰੀ ਨੇ ਪੁੱਛਿਆ "ਮਹਾਰਾਜ! ਇਹ ਰਾਮ ਜੀ ਕੌਣ ਹਨ ਅਤੇ ਕਿਥੇ ਆਉਣਗੇ।"

ਮਤੰਗ ਮੁਨੀ ਜੀ ਨੇ ਰਾਮ ਜੀ ਬਾਰੇ ਸਾਰੀ ਵਿਥਿਆ ਸੁਣਾ ਕੇ ਕਿਹਾ "ਕਿ ਰਾਮ ਜੀ ਇਥੇ ਹੀ ਆਉਣਗੇ ਅਤੇ ਇਸ ਰਸਤੇ ਤੇ ਹੀ ਆਉਣਗੇ।

ਮੁਨੀ ਜੀ ਦੇ ਬਚਨ ਸੁਣ ਕੇ ਭੀਲਣੀ ਨੇ 'ਰਾਮ ਰਾਮ' ਜਪਨ ਦੀ ਹਰ ਵੇਲੇ ਬਿਰਤੀ ਬਣਾ ਲਈ ਅਤੇ ਹਰ ਰੋਜ਼ ਉਸ ਰਸਤੇ ਦੀ ਸਫਾਈ ਕਰਨੀ ਜਿਸ ਰਸਤੇ ਮੁਨੀ ਜੀ ਨੇ ਰਾਮ ਜੀ ਦੇ ਆਉਣ ਬਾਰੇ ਦੱਸਿਆ ਸੀ। ਭੇਟਾ ਲਈ ਬੇਰੀਆਂ ਤੋਂ ਬੇਰ ਲਿਆ ਕੇ ਰੱਖਣੇ।

ਮੰਤਗ ਮੁਨੀ ਜੀ ਸਰੀਰ ਤਿਆਗਣ ਲੱਗੇ ਤਾਂ ਸਾਰੇ ਸੇਵਕ ਕੋਲ ਆ ਗਏ। ਭੀਲਣੀ ਰੋ ਕੇ ਕਹਿਣ ਲੱਗੀ "ਮੈਂ ਕੀ ਕਰਾਂਗੀ ਸੁਆਮੀ ਜੀ ਮੇਰਾ ਇਥੇ ਕੌਣ ਹੈ ਤੁਸੀਂ ਦਰਗਾਹ ਨੂੰ ਜਾ ਰਹੇ ਹੋ।

ਮੁਨੀ ਜੀ ਨੇ ਦਿਲਾਸਾ ਦਿੰਦੇ ਕਿਹਾ "ਤੇਰਾ ਰਾਮ ਹੈ। ਇਥੇ ਸੇਵਾ ਕਰਦੀ ਰਹੁ ਜਦ ਰਾਮ ਜੀ ਆਉਣਗੇ ਸਭ ਤੋਂ ਪਹਿਲਾਂ ਤੈਨੂੰ ਦਰਸ਼ਨ ਦੇਣਗੇ।"

ਮਤੰਗ ਮੁਨੀ ਜੀ ਦੇ ਸਰੀਰ ਤਿਆਗਣ ਤੋਂ ਬਾਅਦ ਉਨ੍ਹਾਂ ਦੇ ਚੇਲੇ ਭੀਲਨੀ ਨੂੰ ਤੰਗ ਕਰਦੇ ਰਹੇ ਪਰ ਉਸ ਨੇ ਰਾਮ ਜੀ ਦੀ ਉਡੀਕ ਅੰਦਰ ਇਥੇ ਹੀ ਦੁੱਖ ਤਕਲੀਫ ਝੱਲੇ। ਰਾਮ ਜੀ ਆਏ ਤਾਂ ਸਭ ਤੋਂ ਪਹਿਲਾਂ ਭੀਲਣੀ ਦੀ ਝੌਂਪੜੀ ਅੰਦਰ ਗਏ। ਭੀਲਣੀ ਦਰਸ਼ਨ ਕਰਕੇ ਖ਼ੁਸ਼ੀ ਨਾਲ ਪਾਗਲ ਹੋ ਰਹੀ ਸੀ। ਉਸਨੇ ਪ੍ਰਭੂ ਦੇ ਚਰਨਾਂ ਦੀ ਸੇਵਾ ਕੀਤੀ ਅਤੇ ਬੇਰਾਂ ਦੀ ਭੇਟਾ ਅੱਗੇ ਰੱਖੀ।

# ਕਬਿੱਤ

**ਹੈ ਸੀ ਜਾਤ ਕੀ ਕਮੀਨੀ, ਰੂਪ ਰੰਗ ਤੋਂ ਵੀ ਹੀਨੀ।**
**ਕੁਝ ਚੱਜ ਤੋਂ ਵੀ ਹੀਨੀ, ਇਕ ਪ੍ਰੇਮ ਵਾਲੀ ਭੀਲਣੀ।**
**ਚਾਂਈ ਚਾਂਈ ਦੌੜੀ ਆਈ ਜੂਠੇ ਬੇਰ ਭੇਟ ਲਿਆਈ।**
**ਰੱਖੇ ਅੱਗੇ ਖਾ ਸਾਈ ਮੈਂ ਹਾਂ ਦੁਖ ਝੀਲਣੀ।**
**ਰਾਮ ਜੀ ਨੇ ਸਾਧ ਤਿਆਗੇ ਪੰਡਿਤਾਂ ਤੋਂ ਦੂਰ ਭਾਗੇ,**
**ਨਹੀਂ ਧਨੀਆ ਪਾਸ ਲਾਗੇ ਬੈਠੇ ਪਾਸ ਭੀਲਣੀ।**
**ਕਹਿਣ ਇਹ ਤਾਂ ਬੇਰ ਇੱਨੇ ਰਸ ਭਰੇ ਹੈਨ ਮਿੱਠੇ,**
**ਅੱਗੇ ਕਦੇ ਨਹੀਂ ਡਿੱਠੇ ਧੰਨ ਤੂੰ ਹੈ ਭੀਲਣੀ।**

ਇਸ ਤਰ੍ਹਾਂ ਰਾਮ ਜੀ ਨੇ ਭਗਤੀ ਦੀ ਕਦਰ ਕੀਤੀ ਕਿਉਂਕਿ ਉਨ੍ਹਾਂ ਨੂੰ ਭਗਤ ਪਿਆਰੇ ਹਨ। ਭਗਤੀ ਕਰਨ ਦਾ ਸਾਰੇ ਵਰਨਾਂ ਨੂੰ ਹੱਕ ਹੈ।

**ਖਤ੍ਰੀ, ਬ੍ਰਾਹਮਣ, ਸੂਦ, ਵੈਸ ਉਪਦੇਸੁ ਚਹੁ ਵਰਨਾ ਕਉ ਸਾਂਝਾ॥**
(ਸੂਹੀ ਮ: ੫ ਅੰਗ ੭੪੮)

ਸੇਵਾ ਅਤੇ ਭਗਤੀ ਦੋਨੋਂ ਨਿਰੰਕਾਰੀ ਪੁਰਸ਼ ਹੀ ਕਰ ਸਕਦਾ ਹੈ। ਸੇਵਾ ਵੀ ਐਸੀ "ਜਿੱਤ ਲਾਇਆ ਤਿਤ ਲਾਗ" ਆਪਣੀ ਮਰਜ਼ੀ ਨਹੀਂ।

**ਸਾਚਾ ਸਾਹਿਬੁ ਕਿਰਪਾ ਕਰੈ॥ ਸੋ ਸੇਵਕੁ ਜਮ ਤੇ ਕੈਸਾ ਡਰੈ॥**
(ਧਨਾਸਰੀ ਮ: ੧ ਅੰਗ ੬੬੧)

ਸੋ ਇਸ ਤਰ੍ਹਾਂ ਦਾ ਭਗਤੀ ਭਾਵਨਾ, ਸਿਦਕ ਭਰੋਸਾ ਰੱਖਣ ਵਾਲਾ ਦਰਜੀ ਸਿੱਖ ਪਰਿਵਾਰ ਭਾਈ ਜੀਉਣ ਸਿੰਘ ਭੁਚੋਂ ਕਲਾਂ ਦਾ ਸੀ। ਇਨ੍ਹਾਂ ਦੇ ਘਰੋਂ ਮਾਈ ਪਰਤਾਪ ਕੌਰ ਸੱਚੀ ਸ਼ਰਧਾ ਤੇ ਇਕਾਗਰ ਮਨ ਕਰਕੇ ਸੇਵਾ ਕਰਦੀ ਸੀ। ਇੱਕ ਦਿਨ ਮਾਈ ਦਾ ਪੁੱਤਰ ਬਸੰਤ ਸਿੰਘ ਬੀਮਾਰ ਹੋ ਗਿਆ। ਉਮਰ ਪੰਜ ਕੁ ਸਾਲ ਦੀ ਹੋਣ ਕਰਕੇ ਖਸਰੇ ਦੀ ਬੀਮਾਰੀ ਨਾਲ ਪੀੜਤ ਸੀ। ਬੱਚਾ ਬਿਲਕੁਲ ਹੀ ਬੇਆਸ ਹੋ ਗਿਆ ਮਾਈ ਵੀ ਉਸ ਦੇ ਕੋਲ ਬੈਠੀ ਰਹੀ ਸੇਵਾ ਕਰਨ ਨਾ ਜਾ ਸਕੀ। ਦੁਪਹਿਰ ਦਾ ਸਮਾਂ ਹੋ ਗਿਆ ਹਜ਼ੂਰ ਬਾਬਾ ਜੀ ਮਹਾਰਾਜ ਨੇ ਨੀਲਾ ਸਿੰਘ ਨੂੰ ਅਵਾਜ਼ ਦੇ ਬੁਲਾਇਆ ਅਤੇ ਹੁਕਮ ਦਿੱਤਾ "ਮਾਈ ਨੂੰ ਲੈ ਕੇ ਆਉ ਅੱਜ ਸੇਵਾ ਵਿੱਚ ਨਹੀਂ ਆਈ।

ਉਸ ਨੂੰ ਕਹਿਣਾ ਕਿ ਨਾਲ ਇੱਕ ਘੜਾ ਪਾਣੀ ਦਾ ਭਰ ਕੇ ਲਈ ਆਵੇ।" ਨੀਲਾ ਸਿੰਘ 'ਸਤਿ ਬਚਨ' ਕਹਿ ਕੇ ਤੁਰ ਪਿਆ। ਮਾਈ ਦੇ ਘਰ ਪਹੁੰਚ ਕੇ ਉਸ ਨੂੰ ਬਾਬਾ ਜੀ ਦਾ ਬਚਨ ਸੁਣਾ ਦਿੱਤਾ। ਮਾਈ ਨੇ ਸੋਚਿਆ ਕਿ ਬੱਚਾ ਵੀ ਸਾਹਾਂ ਤੇ ਹੈ। ਪਰ ਬਚਨ ਵੀ ਨਹੀਂ ਮੋੜਣਾ। ਪਰ ਉਸ ਸਿਦਕ ਦੀ ਪਕੀ ਮਾਈ ਨੇ ਘੜਾ ਪਾਣੀ ਦਾ ਭਰਕੇ ਸਿਰ ਉਪਰ ਰੱਖ ਲਿਆ ਤੇ ਨੀਲਾ ਸਿੰਘ ਨਾਲ ਤੁਰ ਪਈ। ਮਾਈ ਦਾ ਚਾਚਾ ਜੋ ਇਨ੍ਹਾਂ ਕੋਲ ਰਹਿੰਦਾ ਸੀ ਕਹਿਣ ਲੱਗਾ "ਬੀਬੀ ਤੂੰ ਤੁਰ ਚਲੀ ਏਂ ਬੱਚੇ ਦੀ ਕੀ ਹਾਲਤ ਹੈ।" ਮਾਈ ਨੇ ਉੱਤਰ ਦਿੱਤਾ "ਸੇਵਾ ਨਹੀਂ ਛੱਡਦੀ ਅੱਗੇ ਜੋ ਪ੍ਰਮੇਸ਼ਰ ਨੂੰ ਮਨਜ਼ੂਰ ਹੈ।

ਮਾਈ ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਗਈ। ਹਜ਼ੂਰ ਨੇ ਬਚਨ ਕੀਤਾ "ਬੀਬੀ ਘੜਾ ਆਪ ਹੀ ਲਾਹ ਲੋ।" ਫਿਰ ਨੀਲਾ ਸਿੰਘ ਨੂੰ ਹੁਕਮ ਹੋਇਆ "ਮਾਈ ਦੇ ਘੜੇ ਦੀ ਸਰਾਂ ਕਰੋ।' ਨੀਲਾ ਸਿੰਘ ਘੜਾ ਮਿਣਿਆ ਹੁਕਮ ਅਨੁਸਾਰ 'ਸਰਾਂਅ' ਕੀਤੀ। ਤਾਂ ਮਹਾਰਾਜ ਬਾਬਾ ਜੀ ਨੇ ਬਚਨ ਕੀਤਾ 'ਸ਼ੁੱਧ ਹੈ।' ਮਾਈ ਨੂੰ ਹੁਕਮ ਹੋਇਆ "ਝਾੜੂ ਆਦਿ ਦੀ ਸੇਵਾ ਕਰੋ" ਇਸ ਸੇਵਾ ਉਪਰੰਤ ਹਜ਼ੂਰ ਨੇ ਚਰਨਾਂ ਨੂੰ ਘੁਟਣ ਦੀ ਸੇਵਾ ਦਿੱਤੀ। ਬਾਬਾ ਜੀ ਮਹਾਰਾਜ ਸਮਾਧੀ ਵਿੱਚ ਹੋ ਗਏ। ਮਾਈ ਉਡੀਕਦੀ ਸੀ ਕਿ ਛੇਤੀ ਛੁਟੀ ਮਿਲੇ ਪਰ ਆਪ ਨੇ ਸਮਾਧੀ ਨਾ ਖੋਲੀ, ਤਰਕਾਲਾਂ ਪੈ ਗਈਆਂ। ਜਦ ਹਜ਼ੂਰ ਨੇ ਸਮਾਧੀ ਖੋਲੀ ਤਾਂ ਮਾਈ ਤੋਂ ਚੇਹਰੇ ਵੱਲ ਨਾ ਤੱਕਿਆ ਗਿਆ ਹਜ਼ੂਰ ਦੇ ਮੁਖ ਤੇ ਬਹੁਤ ਤੇਜ ਪ੍ਰਤਾਪ ਸੀ। ਨੇਤਰ ਖੋਲੇ ਅਤੇ ਬਚਨ ਕੀਤਾ "ਮਾਈ ਘਰ ਜਾਉ ਲਾਲ ਨੌ ਬਰ ਨੌ ਹੈ। ਨਾਨਾ ਦੋਹਤਾ ਕੌਡੀਆ ਨਾਲ ਖੇਡ ਰਹੇ ਹਨ।"

"ਸਤਿ ਬਚਨ" ਕਹਿ ਕੇ ਮਾਈ ਘਰ ਨੂੰ ਤੁਰ ਪਈ। ਜਦ ਘਰ ਆਈ ਤਾਂ ਕੀ ਵੇਖਦੀ ਹੈ ਕਿ ਨਾਨਾ ਦੋਹਤਾ ਕੌਡੀਆਂ ਖੇਡ ਰਹੇ ਹਨ। ਮਾਈ ਦਾ ਮਨ ਖ਼ੁਸ਼ੀ ਵਿੱਚ "ਧੰਨ ਬਾਬਾ ਜੀ" "ਧੰਨ ਬਾਬਾ ਜੀ" ਗਾ ਰਿਹਾ ਸੀ। ਮਾਈ ਦੇ ਚਾਚੇ ਨੇ ਕਿਹਾ ਕਿ "ਬਾਬਾ ਜੀ ਵੱਲੋਂ ਜਿਸ ਸਮੇਂ ਤੂੰ ਘਰੋਂ ਗਈ ਮੁੰਡਾ ਉਸ ਸਮੇਂ ਤੋਂ ਹੀ ਠੀਕ ਹੋਣਾ ਸ਼ੁਰੂ ਹੋ ਗਿਆ ਸੀ। ਫਿਰ ਮੈਂ ਪਤਾਸੇ ਘੋਲ ਕੇ ਪਿਲਾਏ।" ਮਾਈ ਨੇ ਫਿਰ ਸੇਵਾ ਹੋਰ ਵੀ ਸ਼ਰਧਾ ਨਾਲ ਕਰਨੀ ਸ਼ੁਰੂ ਕਰ ਦਿੱਤੇ। ਇੱਕ ਦਿਨ ਮਾਈ ਨੇ ਬੇਨਤੀ ਕੀਤੀ "ਮਹਾਰਾਜ!

ਸਾਡੇ ਵਿਹੜੇ ਵਿੱਚੋਂ ਬਿਨਾਂ ਹਵਾ ਤੋਂ ਮਿੱਟੀ ਉਡਦੀ ਹੈ।"

ਬਾਬਾ ਜੀ ਨੇ ਬਚਨ ਕੀਤਾ "ਇਹ ਦੋ ਰੁਪਏ ਲੈ ਜਾਉ। ਘਰ ਵਿੱਚ ਦੱਬ ਦੇਣ, ਕੋਈ ਵਿਘਨ ਨਹੀਂ ਪਵੇਗਾ।" ਸੋ ਹੁਣ ਇਹ ਪਰਿਵਾਰ ਹਜ਼ੂਰ ਦੀਆਂ ਬਰਕਤਾਂ ਦਾ ਸਦਕਾ ਬਹੁਤ ਚੜਦੀਆਂ ਕਲਾਂ ਵਿੱਚ ਹੈ। ਇਸ ਪਰਿਵਾਰ ਦੇ ਤਿੰਨ ਡਾਕਟਰ ਐਮ.ਐਸ.ਐਮ. ਡੀ.ਐਮ. ਬੀ.ਬੀ.ਐਸ. ਇੱਕ ਖੇਤੀਬਾੜੀ ਅਫਸਰ, ਇੱਕ ਐਫ.ਸੀ.ਆਈ ਅਫਸਰ ਹੈ। ਇੱਕ ਡਾਕਟਰ ਕਰਨਲ ਮਹਿੰਦਰ ਸਿੰਘ ਮਿਲਟਰੀ ਦੀ ਸੇਵਾ ਕਰ ਰਹੇ ਹਨ। ਕਿਸੇ ਪਦਾਰਥ ਦੀ ਕਮੀ ਨਹੀਂ। ਹੁਣ ਵੀ ਡੇਰੇ ਅੰਦਰ ਮਾਈ ਗੁਰਦਿਆਲ ਕੌਰ ਇਸੇ ਪਰਿਵਾਰ ਦੀ ਹਰ ਵੇਲੇ ਸੇਵਾ ਵਿੱਚ ਤੱਤਪਰ ਰਹਿੰਦੀ ਹੈ।

(ਇਹ ਪ੍ਰਸੰਗ ਮਾਈ ਗੁਰਦਿਆਲ ਕੌਰ (ਮਾਈ ਪ੍ਰਤਾਪ ਕੌਰ ਦੀ ਨੂੰਹ) ਤੋਂ ਮਿਲਿਆ ਹੈ)

## ਮੋਹਿ ਨਿਰਗੁਨ ਮਤਿ ਥੋਰੀਆ
## ਤੂੰ ਸਦ ਹੀ ਦੀਨ ਦਇਆਲ ॥

**(ਅੰਗ ੨੦੩)**

ਹੇ ਵਾਹਿਗੁਰੂ ਪਿਤਾ ! ਤੇਰਾ ਨਾਮ ਜਪਿਆ ਨਹੀਂ ਜਾਂਦਾ। ਤੂੰ ਆਦਮੀਆਂ ਦਾ ਸ਼੍ਰੋਮਣੀ ਦੇਵਤਾ ਹੈ। ਪ੍ਰਮੇਸ਼ਰ ਤੂੰ ਸਭ ਕਾਰਜ ਸਵਾਰਦਾ ਹੈ। ਆਪਣੇ ਭੰਡਾਰਿਆਂ ਵਿੱਚ ਦਾਤਾ ਬਖਸ਼ਣ ਵਾਲਾ ਸਰਵੋਤਮ ਦਾਤਾ ਹੈ ਤੇਰੇ ਅਤੁੱਟ ਭੰਡਾਰੇ ਹਨ। ਇਹ ਖਲਕਤ ਤੇਰੀ ਸਰਪ੍ਰਸਤੀ ਹੇਠ ਆਪਣੀ ਜੀਵਨ ਸ਼ੈਲੀ ਨੂੰ ਤੋਰਦੀ ਹੈ। ਸੰਸਾਰ ਦੀਆਂ ਸਭ ਦ੍ਰਿਸ਼ਟੀਮਾਨ ਵਸਤੂਆਂ ਉਸ ਕਰਤੇ ਦੀ ਰਚਨਾ ਹਨ। ਇਹ ਤਨ, ਧੀਆਂ ਪੁੱਤਰ ਹੋਰ ਰਿਸ਼ਤੇ ਨਾਤੇ ਸਭ ਉਸ ਦੀ ਮਾਇਆ ਹਨ। ਮਨੁੱਖ ਉਸ ਦੇ ਹੁਕਮ ਅਨੁਸਾਰ ਹੀ ਜਨਮ ਵਿੱਚ ਆਉਂਦਾ ਹੈ ਝੂਠੇ ਤਨ ਨੂੰ ਸੱਚਾ ਮੰਨ ਕੇ ਦੁਨਿਆਵੀਂ ਵਸਤੂਆਂ ਨਾਲ ਮੋਹ ਕਰਕੇ ਸੱਚੇ ਤੋਂ ਨਿਰਗੁਨੀਆਂ ਹੋ ਜਾਂਦਾ ਹੈ ਅਗਿਆਨੀ ਪੁਰਸ਼ ਦੀ ਬੁਧੀ ਇਹ ਝੂਠੀ ਮਾਇਆ ਜੋ ਬੱਦਲਾਂ ਦੀ ਛਾਂ ਵਾਂਗ ਛਿਨ ਭਰ ਦੀ ਹੈ, ਨੂੰ ਸਮਝਣ ਤੋਂ ਅਸਮਰਥ ਹੋ ਜਾਂਦੀ ਹੈ। ਸੰਸਾਰਕ ਸੰਬੰਧਾਂ ਨੂੰ ਚਿਰ ਸਦੀਵੀ ਜਾਣ

ਕੇ ਉਹ ਅਸਥਾਈ ਸੁਖ ਮਾਣਦਾ ਹੈ ਅਤੇ ਆਪਣੇ ਨਾਸ਼ਵਾਨ ਸਰੀਰ ਨੂੰ ਕਈ ਪ੍ਰਕਾਰ ਨਾਲ ਸ਼ਿੰਗਾਰਦਾ ਹੈ ਆਪਣੇ ਸੁਖ ਦੀ ਪ੍ਰਾਪਤੀ ਲਈ ਦੂਜਿਆਂ ਨੂੰ ਦੁਖ ਦਿੰਦਾ ਹੈ। ਇਹ ਨਿਰਗੁਨੀਆਂ ਮਲੀਨ ਬੁਧੀ ਦਾ ਮਾਲਕ ਹੁੰਦਾ ਹੈ ਇਹ ਮਹਾਂਪੁਰਖਾਂ ਦੇ ਰੂਪ ਵਿੱਚ ਆਪ ਇਸ ਸੰਸਾਰ ਵਿੱਚ ਵਿਚਰੇ ਪ੍ਰਭੂ ਨੂੰ ਪਛਾਣ ਨਹੀਂ ਸਕਦੇ ਉਸ ਦੇ ਕੀਤੇ ਹੋਏ ਗੁਣਾਂ ਨੂੰ ਸਮਝ ਨਹੀਂ ਸਕਦੇ ਸਾਡੀ ਬੁੱਧੀ ਇਨੀ ਵਿਸ਼ਾਲ ਨਹੀਂ ਹੁੰਦੀ ਜੋ ਅਸੀਂ ਮਹਾਂਪੁਰਖਾਂ ਦੀ ਲੀਲਾ ਨੂੰ ਸਮਝ ਸਕੀਏ, ਪਰ ਉਹ ਦੀਨ ਦਇਆਲ ਹਰ ਵੇਲੇ ਇਨਸਾਨੀ ਭਲੇ ਲਈ ਹੀ ਸੋਚਦੇ ਹਨ।

ਇਹੀ ਮਹਾਂਪੁਰਖਾਂ ਦਾ ਉਦੇਸ਼ ਹੈ ਗੁਰੂ ਮਾਰਗ ਦਰਸਾਉਣਾ। ਕਰਨ ਕਰਾਉਣ ਵਾਲਾ ਸਭ ਪ੍ਰਭੂ ਆਪ ਹੀ ਹੈ ਇਨਸਾਨ ਇਸ ਦੇ ਕਾਰਨਾਮਿਆਂ ਤੇ ਕਿਤੂੰ ਕਰਦਾ ਹੈ ਉਸ ਦੀ ਕਰਨੀ ਨੂੰ ਭੁੱਲ ਜਾਂਦਾ ਹੈ। ਜੇ ਉਹ ਬਖਸ਼ਿਸ਼ਾਂ ਵੀ ਵਰਤਾਉਂਦਾ ਹੈ ਤਾਂ ਵੀ ਮਨੁੱਖ ਦੀ ਮੱਤ ਤੋਂ ਬਾਹਰ ਹੋ ਕੇ, ਕੋਈ ਪੂਰਬਲੇ ਕਰਮਾ ਵਾਲਾ ਹੀ ਇਨ੍ਹਾਂ ਨੂੰ ਕਬੂਲ ਕਰਦਾ ਹੈ। ਇਸੇ ਤਰ੍ਹਾਂ ਦਾ ਬਿਰਤਾਂਤ ਬਾਬਾ ਸੋਹਣ ਸਿੰਘ ਦੇ ਘਰ ਹੋਇਆ।

ਬਾਬਾ ਸੋਹਣ ਸਿੰਘ ਦੇ ਘਰ ਦੋ ਪੁੱਤਰ ਸਨ ਜਗਤਾ ਸਿੰਘ ਅਤੇ ਬੁੱਧ ਸਿੰਘ। ਬੁੱਧ ਸਿੰਘ ਕਦੇ ਕਦੇ ਬਾਬਾ ਜੀ ਦੇ ਦਰਸ਼ਨ ਕਰਨ ਵੀ ਆਉਂਦਾ ਰਹਿੰਦਾ ਸੀ। ਇੱਕ ਦਿਨ ਮਹਾਰਾਜ ਨੇ ਬਚਨ ਕੀਤਾ "ਬੁੱਧ ਸਿੰਘ ! ਤੂੰ ਰੋਜ਼ ਆਇਆਕਰ।"

"ਮਹਾਰਾਜ! ਕੰਮ ਵਿੱਚ ਰੁਝੇ ਰਹਿੰਦੇ ਹਾਂ ਸਮਾਂ ਘੱਟ ਮਿਲਦਾ ਹੈ।" ਬੁੱਧ ਸਿੰਘ ਨੇ ਉੱਤਰ ਦਿੱਤਾ।

ਹਜ਼ੂਰ ਨੇ ਫਿਰ ਬਚਨ ਕੀਤਾ "ਘੱਟ ਤੋਂ ਘੱਟ ਸਮਾਂ ਕੱਢ ਲਿਆ ਕਰੋ।" ਪਰ ਆਇਆ ਜ਼ਰੂਰ ਕਰੋ ਇਸ ਵਿੱਚ ਤੁਹਾਡਾ ਭਲਾ ਹੈ

ਬੁੱਧ ਸਿੰਘ ਨੇ ਜਵਾਬ ਵਿੱਚ ਕਿਹਾ "ਮਹਾਰਾਜ ! ਅਸਲੀਅਤ ਇਹ ਹੈ ਕਿ ਮੈਂ ਇਕੱਲਾ ਕੰਮ ਕਰਨ ਵਾਲਾ ਹਾਂ ਇਸ ਕਰਕੇ ਸਮਾਂ ਨਹੀਂ ਮਿਲਦਾ।"

ਪਾਤਸ਼ਾਹ ਨੇ ਸਹਿਜ ਸੁਭਾ ਹੋ ਬਚਨ ਕੀਤਾ "ਤੇਰੇ ਘਰ ਕੰਮ ਵਾਲੇ ਬੰਦੇ ਬਹੁਤ ਹੋ ਜਾਣਗੇ ਪਰ ਆਇਆ ਜ਼ਰੂਰ ਕਰੋ।"

ਮਹਾਂਪੁਰਖਾਂ ਦਾ ਬਚਨ ਸਹਿਜ ਸੁਭਾ ਹੋਵੇ ਜਾਂ ਕਿਸੇ ਹੋਰ ਅੰਦਾਜ਼ ਵਿੱਚ ਹੋਵੇ ਸਤਿ ਹੀ ਹੁੰਦਾ ਹੈ। ਹੁਣ ਬੁੱਧ ਸਿੰਘ ਰੋਜ਼ ਵਾਂਗ ਬਾਬਾ ਜੀ ਦੇ ਦਰਸ਼ਨ ਕਰਨ ਆਉਂਦਾ ਅਤੇ ਬਚਨ ਸੁਣਦਾ ਰਹਿੰਦਾ। ਇੱਕ ਦਿਨ ਬੁੱਧ ਸਿੰਘ ਦਰਸ਼ਨ ਕਰਨ ਆਇਆ ਤਾ ਹਜ਼ੂਰ ਨੇ ਦੋ ਰੁਪਏ ਉਸ ਵੱਲ ਕਰਕੇ ਕਿਹਾ "ਬੁੱਧ ਸਿੰਘ ਇਹ ਦੋ ਰੁਪਏ ਲੈ ਜਾ।"

ਬੁੱਧ ਸਿੰਘ ਨੇ ਇਨਕਾਰ ਕਰ ਦਿੱਤਾ ਤੇ ਕਿਹਾ "ਮਹਾਰਾਜ ! ਲੋਕ ਸਾਧੂ, ਸੰਤਾ ਨੂੰ ਮਾਇਆ ਮੱਥਾ ਟੇਕਦੇ ਹਨ ਤੇ ਮੈਂ ਤੁਹਾਡੇ ਕੋਲੋ ਦੋ ਰੁਪਏ ਲੈ ਲਵਾਂ।" ਹਜ਼ੂਰ ਨੇ ਤਿੰਨ ਵਾਰੀ ਉਹੀ ਬਚਨ ਕੀਤਾ ਪਰ ਬੁੱਧ ਸਿੰਘ ਨੇ ਨਾਂਹ ਕਰ ਦਿੱਤੀ ਕੁਝ ਸਮੇਂ ਬਾਅਦ ਫਿਰ ਇੱਕ ਦਿਨ ਜਦੋਂ ਬੁੱਧ ਸਿੰਘ ਦਰਸ਼ਨ ਕਰਨ ਆਇਆ ਤਾਂ ਬਾਬਾ ਜੀ ਦੇ ਨੇੜੇ ਹੋ ਕੇ ਬੈਠ ਗਿਆ। ਅੰਤਰਜਾਮੀ ਮਹਾਂਪੁਰਖਾਂ ਨੇ ਉਸ ਦੀ ਚਾਦਰ ਦੇ ਲੜ ਨਾਲ (ਕਿਨਾਰੇ ਨਾਲ) ਦੋ ਰੁਪਏ ਬੰਨ ਦਿੱਤੇ। ਬੁੱਧ ਸਿੰਘ ਨੂੰ ਇਨ੍ਹਾਂ ਵਾਰੇ ਕੋਈ ਪਤਾ ਨਾ ਲੱਗਿਆ। ਉਹ ਘਰ ਚਲਾ ਗਿਆ। ਸ਼ਾਮ ਦਾ ਸਮਾਂ ਸੀ ਉਸ ਦਾ ਬਿਸਤਰਾ ਘਰ ਵਾਲਿਆਂ ਵਿਛਾ ਰੱਖਿਆ ਸੀ। ਉਸ ਨੇ ਆਪਣੀ ਆਦਤ ਅਨੁਸਾਰ ਰੋਜ਼ ਦੀ ਤਰ੍ਹਾਂ ਸਾਫ ਸੁਥਰੇ ਬਿਸਤਰੇ ਉੱਪਰ ਚਾਦਰ ਫੇਰੀ। ਚਾਦਰ ਦੇ ਲੜ ਨਾਲ ਬੰਨੇ ਹੋਏ ਦੋ ਰੁਪਏ ਪਾਵੇ ਉੱਪਰ ਜਾ ਵੱਜੇ। ਉਸੇ ਵਕਤ ਉਸ ਨੂੰ ਖਿਆਲ ਆਇਆ ਕਿ ਇਹ ਤਾਂ ਉਹੀ ਦੋ ਰੁਪਏ ਹਨ ਜੋ ਬਾਬਾ ਜੀ ਮੈਨੂੰ ਦਿੱਤੇ ਸਨ। ਰਾਤ ਤਾਂ ਲੰਘਾ ਲਈ ਪਰ ਸਵੇਰੇ ਹੀ ਦੋ ਰੁਪਏ ਲੈ ਕੇ ਬਾਬਾ ਜੀ ਪਾਸ ਟਿੱਲੇ ਉੱਪਰ ਆ ਗਿਆ। ਨਮਸਕਾਰ ਕਰਕੇ ਕੋਲ ਬੈਠ ਕੇ ਦੋ ਰੁਪਏ ਆਪਣੀ ਜੇਬ ਵਿੱਚੋਂ ਕੱਢ ਕੇ ਬਾਬਾ ਜੀ ਅੱਗੇ ਰੱਖ ਕੇ ਕਹਿਣ ਲੱਗਾ' 'ਮਹਾਰਾਜ! ਤੁਸੀਂ ਇਹ ਦੋ ਰੁਪਏ ਮੇਰੀ ਚਾਦਰ ਲੜ ਬੰਨ ਦਿੱਤੇ, ਮੈਂ ਇਹ ਨਹੀਂ ਲੈਣੇ ਮੇਰੇ ਤੇ ਕ੍ਰਿਪਾ ਕਰੋ। ਲੋਕ ਤੁਹਾਨੂੰ ਪੈਸੇ ਦੇ ਕੇ ਜਾਂਦੇ ਹਨ ਮੈਂ ਤੁਹਾਡੇ ਕੋਲੋ ਲੈ ਕੇ ਜਾਵਾਂ।"

ਹਜ਼ੂਰ ਨੇ ਫਿਰ ਬਚਨ ਕੀਤਾ "ਬੁੱਧ ਸਿੰਘ ਰੱਖ ਲੈਂਦਾ ਇਹ ਰੁਪਏ!" ਉਸ ਨੇ ਫਿਰ ਜਵਾਬ ਦੇ ਦਿੱਤਾ।

ਬਾਬਾ ਜੀ ਬਚਨ ਕੀਤਾ "ਚੰਗਾ ਫਿਰ ਤੇਰੀ ਮਰਜ਼ੀ ਹੈ ਤੂੰ ਇਹ ਦੋ ਰੁਪਏ ਨੂੰ ਪੈਸੇ ਸਮਝ ਬੈਠਾ ਅਸੀਂ ਤਾਂ ਤੈਨੂੰ ਇਹ ਦੋ ਪਿੰਡ ਦਿੱਤੇ ਸਨ,

ਕਿਉਂਕਿ ਤੇਰੇ ਨਾਲ ਬਚਨ ਹੋਇਆ ਸੀ ਕਿ ਮੁੰਡੇ ਕੰਮ ਵਾਲੇ ਬਹੁਤ ਹੋ ਜਾਣਗੇ। ਉਨ੍ਹਾਂ ਨੂੰ ਫਿਰ ਜ਼ਮੀਨ ਵੀ ਤਾਂ ਚਾਹੀਦੀ ਸੀ, ਤੂੰ ਮੌਕਾ ਨਹੀਂ ਸਾਂਭ ਸਕਿਆ।"

ਸੋ ਇਹ ਬਚਨ ਅੱਟਲ ਹੈ ਬੁੱਧ ਸਿੰਘ ਦਾ ਪਰਿਵਾਰ ਤਾਂ ਬਹੁਤ ਵਧਿਆ ਹੈ ਪਰ ਉਹ ਦੋ ਰੁਪਏ ਮੋੜਨ ਕਰਕੇ ਪਿੰਡ ਦੋ ਨਹੀਂ ਮਿਲੇ। ਜਿਵੇਂ ਫੁਰਮਾਨ ਹੈ—

**ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ॥੪॥**

(ਅੰਗ ੧੨੩੫)

ਤੁਲਸੀ ਦਾਸ ਜੀ ਦੱਸਦੇ ਹਨ:

**ਪਹਿਲੇ ਬਨੀ ਪ੍ਰਾਲਬਧ ਪਾਛੈ ਬਨਿਆ ਸ੍ਰੀਰ॥**
**ਤੁਲਸੀ ਬਾਤ ਅਚਰਜ ਹੈ ਮਨ ਨਹੀਂ ਬਾਧੈ ਧੀਰ॥**

(ਇਹ ਪ੍ਰਸੰਗ ਬੁੱਧ ਸਿੰਘ ਦੇ ਪਰਿਵਾਰ ਤੋਂ ਮਿਲਿਆ ਹੈ।)

## ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥੩॥

**(ਗਉੜੀ ਮ: ੫ ਅੰਗ ੨੧੮)**

ਮਨੁੱਖ ਪ੍ਰਮਾਤਮਾ ਦੀ ਕਰਨੀ ਤੋਂ ਬੇਖਬਰ ਰਹਿੰਦਾ ਹੈ। ਜੇ ਕੋਈ ਸਰੀਰਕ ਰੋਗ ਹੋ ਗਿਆ ਤਾਂ ਡਾਕਟਰੀ ਸਹਾਇਤਾ ਨਾਲ ਇਲਾਜ ਹੋ ਗਿਆ ਉਸ ਦਾ ਸਿਹਰਾ (ਸ਼ਾਬਾਸ) ਡਾਕਟਰ ਨੂੰ ਜਾਂਦਾ ਹੈ। ਪਰ ਇਸ ਦੇ ਉਲਟ ਜੇ ਭਾਣੇ ਅੰਦਰ ਆ ਗਿਆ ਤਾਂ ਕੋਸਿਆ ਪ੍ਰਮਾਤਮਾ ਨੂੰ ਜਾਂਦਾ ਹੈ। ਪਰ ਅਰੋਗਤਾ ਮਿਲਣ ਸਮੇਂ ਉਸ ਦੀ ਬਖਸ਼ਿਸ਼ ਨੂੰ, ਮੇਹਰ ਨੂੰ ਭੁਲਾ ਦਿੱਤਾ ਜਾਂਦਾ ਹੈ। ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਮਾਨਵ ਜਾਤੀ ਤੇ ਹੋਵੇ ਤਾਂ ਤੱਤੀ ਹਵਾ ਵੀ ਨਹੀਂ ਲੱਗਦੀ, ਕਿਉਂਕਿ ਸਰੀਰਕ ਕਸ਼ਟ, ਦੁੱਖ, ਸੁੱਖ ਉਨ੍ਹਾਂ ਦੀ ਸਰਪ੍ਰਸਤੀ ਹੇਠ ਹੁਕਮ ਦੀ ਉਡੀਕ ਵਿੱਚ ਖੜੇ ਹਨ। ਅਸਲੀਅਤ ਸਮਝਣ ਵਾਲਾ ਸ਼੍ਰੇਸ਼ਟ ਬੁੱਧੀਮਾਨ ਤਾਂ ਉਸ ਦੀ ਰਜ਼ਾ ਅੰਦਰ ਹੀ ਸੰਸਾਰਕ ਜੀਵਨ ਜੀਊਂਦਾ ਹੈ।

ਬਾਬਾ ਜੀ ਦਾ ਸੇਵਕ ਸੇਠ ਗੋਰੀਆ ਮੱਲ ਬੜਾ ਭਰੋਸੇ ਵਾਲਾ ਇਨਸਾਨ ਸੀ। ਹਰ ਵੇਲੇ ਹੁਕਮ ਵਿੱਚ ਰਹਿਣਾ, ਸੇਵਾ ਭਾਵਨਾ ਮਨ ਅੰਦਰ ਬਣੀ

ਰਹਿਣੀ। ਇੱਕ ਦਿਨ ਪਾਤਸ਼ਾਹ ਨੇ ਹੁਕਮ ਦਿੱਤਾ ਕਿ “ਗੋਰੀਆ ਮੱਲ ਅੱਜ ਇਥੇ ਪਹਿਰੇ ਪੈਣਾ ਹੈ।”

ਗੋਰੀਆ ਮੱਲ ਨੇ ਕਿਸੇ ਘੇਰਲੂ ਜ਼ਰੂਰੀ ਕੰਮ ਕਾਰਨ ਨਾ ਆ ਸਕਣ ਦੀ ਮਜ਼ਬੂਰੀ ਦੱਸੀ।

ਹਜ਼ੂਰ ਨੇ ਕਿਹਾ “ਚੰਗਾ ਕੋਈ ਆਪਣੀ ਥਾਂ ਕਿਸੇ ਹੋਰ ਨੂੰ ਭੇਜ ਦੇ।” ਗੋਰੀਆ ਮੱਲ “ਸਤਿਬਚਨ” ਕਹਿ ਕੇ ਘਰ ਵੱਲ ਚਲਾ ਗਿਆ। ਉਸ ਨੇ ਇੱਕ ਹੋਰ ਸੇਵਾਦਾਰ ਜੈ ਸਿੰਘ ਨੂੰ ਪਹਿਰੇ ਪੈਣ ਲਈ ਕਿਹਾ। ਪਰ ਉਸ ਨੇ ਵੀ ਟਾਲ ਮਟੋਲ ਕਰਨ ਦੀ ਕੋਸ਼ਿਸ਼ ਕੀਤੀ, ਬਹਾਨਾ ਬਣਾਇਆ ਕਿ ਮੇਰੇ ਘਰਵਾਲੀ ਇਕੱਲੀ ਘਰ ਵਿੱਚ ਹੈ ਉਹ ਡਰਦੀ ਰਹੇਗੀ। ਗੋਰੀਆ ਮੱਲ ਨੇ ਉਸ ਨੂੰ ਚਾਰ ਆਨੇ ਦੇ ਕੇ ਕਿਹਾ “ਇਹ ਲੈ ਆਪਣਾ ਕਰਾਇਆ, ਘਰੇ ਕਿਸੇ ਹੋਰ ਬੁੱਢੀ ਨੂੰ ਪਾ ਦੇਵੀਂ।

ਜੈ ਸਿੰਘ ਮੰਨ ਗਿਆ ਅਤੇ ਬਾਬਾ ਪਾਸ ਆ ਗਿਆ। ਨਮਸਕਾਰ ਕਰਕੇ ਹੁਕਮ ਪੁੱਛਣ ਲੱਗਾ।

ਹਜ਼ੂਰ ਨੇ ਹੁਕਮ ਕੀਤਾ “ਸਾਹਮਣੇ ਕੰਧ ਨੂੰ ਢੋਅ ਲਾ ਕੇ ਬੈਠ ਜਾ ਸਾਰੀ ਰਾਤ ਇਥੇ ਹੀ ਬੈਠਣਾ ਹੈ।”

“ਸਤਿਬਚਨ” ਕਹਿ ਕੇ ਜੈ ਸਿੰਘ ਕੰਧ ਨਾਲ ਆਸਾਰਾ ਲੈ ਕੇ ਬੈਠ ਗਿਆ। ਅਧੀ ਰਾਤ ਹੋਈ ਤਾਂ ਕੀ ਵੇਖਿਆ ਕਿ ਬਾਬਾ ਜੀ ਹਜ਼ੂਰੀ ਅੰਦਰ ਇੱਕ ਬੜੀ ਡਰਾਵਣੀ ਰੂਹ ਖੜੀ ਹੈ। ਦੋ ਉਂਗਲਾਂ ਮੂੰਹ ਵਿੱਚ ਪਾ ਰੱਖੀਆ ਹਨ। ਜੈ ਸਿੰਘ ਨੂੰ ਯਕੀਨ ਨਾ ਆਵੇ ਕਿ ਮੈਂ ਸੁਪਨਾ ਦੇਖ ਰਿਹਾ ਹਾਂ ਕਿ ਹਕੀਕਤ। ਇਨ੍ਹੀ ਦੇਰ ਨੂੰ ਬਾਬਾ ਜੀ ਬਾਹਰ ਆਏ ਤੇ ਪੁੱਛਣ ਲੱਗੇ ਕਿ “ਜੈ ਸਿੰਘ ਡਰਿਆ ਤਾਂ ਨਹੀਂ ਕੀ ਦੇਖਿਆ।”

ਜੋ ਕੁਝ ਵੇਖਿਆ ਸੀ ਉਸ ਨੇ ਦੱਸ ਦਿੱਤਾ। ਹਜ਼ੂਰ ਨੇ ਬਚਨ ਕੀਤਾ “ਹੁਣ ਬਾਕੀ ਦੀ ਰਾਤ ਤੂੰ ਆਰਾਮ ਨਾਲ ਬੇਫਿਕਰ ਹੋ ਕੇ ਸੌਂ ਜਾ।” ਸਵੇਰ ਹੋ ਗਈ ਤਾਂ ਜੈ ਸਿੰਘ ਦੇ ਸਾਥੀ ਆਪਣੇ ਗੱਡਿਆਂ ਤੇ ਕਿਰਾਏ ਦਾ ਸਮਾਨ ਲੱਦ ਕੇ ਲੈ ਆਏ ਤੇ ਉਸ ਨੂੰ ਆ ਕੇ ਕਹਿਣ ਲੱਗੇ “ਤੂੰ ਵੀ ਸਾਡੇ ਨਾਲ ਚੱਲ।” ਉਹ ਡਰਦਾ ਜਾਂਦਾ ਨਹੀਂ ਸੀ। ਇਤਨੇ ਬਾਬਾ ਜੀ ਆ ਗਏ ਪੁੱਛਣ

ਲੱਗੇ "ਕੀ ਗੱਲ ਹੈ।"

ਜੈ ਸਿੰਘ ਨੇ ਕਿਹਾ "ਹਜ਼ੂਰ ਮੇਰੇ ਸਾਥੀ ਭਾੜੇ ਦਾ ਸਮਾਨ ਲੱਦ ਲਿਆਏ ਹਨ ਮੈਂ ਵੀ ਜਾਣਾ ਸੀ।"

ਬਾਬਾ ਜੀ ਕਹਿਣ ਲੱਗੇ "ਕਿੰਨਾ ਕਿਰਾਇਆ ਮਿਲਦਾ ਹੈ।" "ਜੀ ਚਾਰ ਆਨੇ ਮਿਲਦੇ ਹਨ।"

ਹਜ਼ੂਰ ਹੱਸ ਕੇ ਕਹਿਣ ਲੱਗੇ "ਆਹ ਲੈ ਚਾਰ ਆਨੇ ਪਰ ਜਾਣਾ ਸਾਡੀ ਆਗਿਆ ਤੋਂ ਬਿਨਾਂ ਨਹੀਂ।"

ਥੋੜ੍ਹੇ ਹੀ ਮਿੰਟਾ ਬਾਅਦ ਚੜ੍ਹਤ ਸਿੰਘ ਸੇਵਾਦਾਰ ਆ ਗਿਆ। ਉਸਨੇ ਬਾਬਾ ਜੀ ਦੇ ਚਰਨਾਂ ਅੱਗੇ ਮੱਥਾ ਟੇਕਿਆ ਤੇ ਬੈਠ ਗਿਆ।

ਹਜ਼ੂਰ ਨੇ ਬਚਨ ਕੀਤਾ "ਜੈ ਸਿੰਘ ਹੁਣ ਤੂੰ ਜਾ ਸਕਦਾ ਹੈ ਸਾਡਾ ਸੇਵਕ ਆ ਗਿਆ ਹੈ।" ਜੈ ਸਿੰਘ ਘਰ ਚਲਾ ਗਿਆ। ਚੜ੍ਹਤ ਸਿੰਘ ਦਾ ਲੜਕਾ ਦੀਵਾਨ ਸਿੰਘ ਆ ਕੇ ਆਪਣੇ ਪਿਤਾ ਨੂੰ ਕਹਿਣ ਲੱਗਾ "ਪਿਤਾ ਜੀ ਆਪਣੀ ਮੱਝ ਨਹੀਂ ਮਿਲਦੀ (ਮੱਝ ਦੁੱਧ ਨਹੀਂ ਦਿੰਦੀ) ਤੁਸੀਂ ਘਰ ਚਲੇ ਜਾਉ।"

ਬਾਬਾ ਜੀ ਤੋਂ ਆਗਿਆ ਲੈ ਕੇ ਚੜਤ ਸਿੰਘ ਆਪਣੇ ਪੁੱਤਰ ਦੀਵਾਨ ਸਿੰਘ ਨੂੰ ਹਜ਼ੂਰੀ ਸੇਵਾ ਵਿੱਚ ਬਿਠਾ ਕੇ ਚਲਾ ਗਿਆ। ਉਸ ਨੂੰ ਸਮਝਾ ਗਿਆ ਕਿ ਬਿਨਾਂ ਹੁਕਮ ਕਿਸੇ ਪਾਸੇ ਨਹੀਂ ਜਾਣਾ ਆਉਣਾ। ਕਾਫੀ ਦੇਰ ਬੈਠਣ ਤੋਂ ਬਾਅਦ ਅੱਕ ਥੱਕ ਕੇ ਸੋਚਣ ਲੱਗਾ ਇਥੇ ਬੈਠਣ ਦਾ ਕੀ ਫਾਇਦਾ ਹੈ ਸਾਧਾਂ ਕੋਲ ਕੀ ਹੈ। ਕਿਉਂ ਨਾ ਬਾਬਾ ਜੀ ਤੋਂ ਆਗਿਆ ਲੈ ਲਈ ਜਾਵੇ। ਹਜ਼ੂਰ ਨੇ ਆਗਿਆ ਨਾ ਦਿੱਤੀ। ਥੋੜ੍ਹਾ ਸਮਾਂ ਬੈਠ ਕੇ ਅੱਖ ਬਚਾ ਕੇ ਘਰ ਨੂੰ ਚਲਾ ਆਇਆ। ਘਰਦੇ ਕਿਸੇ ਵੀ ਜੀਅ ਨੂੰ ਦੱਸਿਆ ਨਹੀਂ ਕਿ ਮੈਂ ਬਿਨਾਂ ਆਗਿਆ ਤੋਂ ਆਇਆ ਹਾਂ। ਰਾਤ ਪੈ ਗਈ ਤਾਂ ਬਹੁਤ ਡਰਾਉਣੇ ਦ੍ਰਿਸ਼ ਸਾਹਮਣੇ ਆਉਣ ਲੱਗੇ। ਡਰਦਾ ਹੋਇਆ ਚੀਕਾਂ ਮਾਰੇ। ਸਾਰੇ ਘਰ ਵਾਲੇ ਡਰ ਗਏ ਕਿ ਮੁੰਡੇ ਨੂੰ ਕੀ ਹੋ ਗਿਆ। ਪਿਤਾ ਨੇ ਪੁੱਛਿਆ "ਕਿ ਆਗਿਆ ਲੈ ਕੇ ਆਇਆ ਸੀ।" ਉੱਤਰ ਵਿੱਚ ਨਹੀਂ" ਕਿਹਾ, ਚੜਤ ਸਿੰਘ ਝੱਟ ਸਮਝ ਗਿਆ ਉਸ ਨੂੰ ਨਾਲ ਲੈ ਕੇ ਬਾਬਾ ਜੀ ਕੋਲ

ਆ ਗਿਆ, ਤੇ ਕਹਿਣ ਲੱਗਾ "ਮਹਾਰਾਜ! ਇਸ ਨੂੰ ਡਰ ਲੱਗਦਾ ਹੈ।

ਬਾਬਾ ਜੀ ਹੱਸ ਕੇ ਕਹਿਣ ਲੱਗੇ "ਕਾਕਾ ਸਾਧਾਂ ਕੋਲ ਕੀ ਹੈ।" ਦੀਵਾਨ ਸਿੰਘ ਨੇ ਆਪਣੀ ਗਲਤੀ ਦੀ ਮਾਫੀ ਮੰਗੀ ਤਾਂ ਹਜ਼ੂਰ ਨੇ ਬਚਨ ਕੀਤਾ "ਚੰਗਾ ਜਾਹ ਹੁਣ ਡਰ ਨਹੀਂ ਲੱਗਦਾ।" ਨਾਲ ਹੀ ਮੱਟੀ ਦਾ ਜਲ ਵੀ ਦਿੱਤਾ। ਉਹ ਠੀਕ ਹੋ ਗਿਆ।

## ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥

(ਅੰਗ ੮੨੦)

ਪ੍ਰਮਾਤਮਾ ਬਿਨਾਂ ਇਸ ਜਗਤ ਅੰਦਰ ਤੇਰਾ ਕੋਈ ਸਹਾਈ ਨਹੀਂ ਹੁੰਦਾ ਇਹ ਮਾਤਾ, ਪਿਤਾ, ਪੁੱਤਰ ਧੀਆਂ ਇਸਤਰੀ ਤੇਰੇ ਦੁੱਖ ਵਿੱਚ ਸਹਾਈ ਨਹੀਂ ਹੁੰਦੇ। ਸਿਰਫ ਤੇਰੀ ਸੇਵਾ ਹੀ ਕਰ ਸਕਦੇ ਹਨ, ਪਰ ਦੁੱਖ ਨਹੀਂ ਵੰਡਾ ਸਕਦੇ ਤੇਰੇ ਦੁੱਖ ਦਾ ਸਹਾਈ, ਵੰਡਾਵਣ ਵਾਲਾ ਇੱਕ ਪ੍ਰਮੇਸ਼ਰ ਦਾ ਨਾਮ ਹੈ ਇਹ ਆਪਣੀ ਕ੍ਰਿਪਾ ਸਦਕਾ ਤੇਰੇ ਦੁੱਖ ਦੀ ਨਿਵਿਰਤੀ ਕਰ ਸਕਦਾ ਹੈ, ਇਹ ਤੇਰੀ ਰੱਖਿਆ ਕਰ ਸਕਦਾ ਹੈ, ਬਾਕੀ ਸਭ ਸੁਆਰਥੀ ਹਨ। ਧੰਨ ਦੌਲਤ ਜ਼ਮੀਨ ਤੇ ਸੰਪਤੀ ਜਿਸ ਤੇ ਤੂੰ ਆਪਣਾ ਹੱਕ ਜਤਾਉਂਦਾ ਹੈ ਸੁਆਸ ਖਤਮ ਹੁੰਦਿਆਂ ਹੀ ਪਰਾਏ ਹੋ ਜਾਂਦੇ ਹਨ ਅੰਤਲੇ ਸਮੇਂ ਤਾਂ ਚਾਰ ਕੱਪੜੇ ਹੀ ਹੁੰਦੇ ਹਨ ਜੋ ਵੀ ਪਰਾਏ ਬਸ ਹੁੰਦੇ ਹਨ। ਹੇ ਇਨਸਾਨ ! ਉਹ ਪ੍ਰਮਾਤਮਾ ਜੋ ਦੀਨਾ ਤੇ ਦਇਆ ਕਰਨ ਵਾਲਾ ਦੁੱਖਾ ਦਾ ਨਾਸ਼ ਕਰਨ ਵਾਲਾ ਹੈ, ਉਸ ਨਾਲ ਕਦੇ ਪਿਆਰ ਨਹੀਂ ਵਧਾਇਆ। ਇਹ ਜਗਤ ਰਾਤ ਦੇ ਸੁਪਨੇ ਦੇ ਨਿਆਈ ਹੈ ਜੋ ਅੱਖ ਖੁਲਦਿਆਂ ਹੀ ਨਸ਼ਟ ਹੋ ਜਾਂਦਾ ਹੈ।

ਦੁੱਖਾ ਨੂੰ ਦੂਰ ਕਰਨ ਵਾਲੇ ਪ੍ਰਮਾਤਮਾ ਦੇ ਨਾਮ ਨੂੰ ਸਮਝੋ ਜਿਸ ਨੂੰ ਸਿਮਰ ਕੇ ਅਜਾਮਲ ਤੇ ਗਨਕਾ ਪੂਰਨ ਤੌਰ ਤੇ ਮੁਕਤ ਹੋ ਗਏ ਸਨ ਉਸਦੇ ਪਿਆਰਿਆਂ ਭਾਵ ਮਹਾਂਪੁਰਸ਼ਾ ਦੀ ਸੇਵਾ ਕਰੋ। ਨਾਰਦ ਮੁਨੀ ਦਾ ਉਪਦੇਸ਼ ਸੁਣ ਕੇ ਬਾਲਕ ਧਰੂ ਪ੍ਰਮੇਸ਼ਰ ਦੇ ਭਜਨ ਵਿੱਚ ਲੱਗ ਗਿਆ। ਉਸ ਅਚੱਲ ਅਸਥਿਰ, ਸਦੀਵੀ ਤੇ ਨਿਰਭੈ-ਪਦ ਮੁਕਤੀ ਨੂੰ ਪ੍ਰਾਪਤ ਕਰ ਲਿਆ ਸੀ। ਨਾਮ ਸਿਮਰਨ ਵਾਲੇ ਭਗਤਾਂ ਦੀ ਰੱਖਿਆ ਪ੍ਰਭੂ ਆਪ ਕਰਦਾ ਹੈ ਉਸ ਗੁਰਦੇਵ ਪਾਰਬ੍ਰਹਮ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਸਮਝੋ ਜੋ ਸਰਬ ਦੁੱਖ

ਨਿਵਾਰਨ ਹੈ। ਇਸੇ ਹੀ ਤਰ੍ਹਾਂ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਦੀ ਕ੍ਰਿਪਾ ਦੁਆਰਾ ਨਾਮ ਸਿਮਰਨ ਵਾਲੇ ਅਤੇ ਸੇਵਾ ਕਰਨ ਵਾਲੇ ਭਾਈ ਮਹਿਤਾਬ ਸਿੰਘ ਦੇ ਘੇਰਲੂ ਦੁੱਖ ਦੀ ਨਿਵਰਤੀ ਹੋਈ। ਮਹਾਂਪੁਰਖ ਇਹ ਸਭ ਕੁਝ ਕਰਨ ਦੀ ਸਮਰੱਥਾ ਰੱਖਦੇ ਹਨ ਕਿਉਂਕਿ —

**ਅਪਨੀ ਗਤਿ ਆਪਿ ਜਾਨੈ। ਸੁਣਿ ਸੁਣਿ ਅਵਰ ਵਖਾਨੈ॥**

**(ਰਾਮਕਲੀ ਮ: ੫ ਅੰਗ ੮੯੪)**

ਸ: ਮਹਿਤਾਬ ਸਿੰਘ ਦੁੱਧ ਦੀ ਸੇਵਾ ਕਰਦੇ ਰਹਿੰਦੇ ਸਨ। ਰੂੰਮੀ ਰਹਿਣ ਸਮੇਂ ਵੀ ਦੁੱਧ ਲੈ ਕੇ ਜਾਂਦੇ ਸਨ। ਪਲੇਗ ਦੀ ਬੀਮਾਰੀ ਆਪਣੇ ਜੋਬਨ ਤੇ ਸੀ। ਘਰ ਘਰ ਅੰਦਰ ਫੈਲ ਚੁੱਕੀ ਸੀ। ਮਹਿਤਾਬ ਸਿੰਘ ਦਾ ਲੜਕਾ ਅਰਜਨ ਸਿੰਘ ਬੀਮਾਰ ਹੋ ਗਿਆ। ਬੀਮਾਰੀ ਜਿਸ ਪ੍ਰਾਣੀ ਨੂੰ ਹੋ ਜਾਂਦੀ ਸੀ ਉਸ ਨੂੰ ਬਿਮਾਰ ਸਮਝਿਆ ਜਾਂਦਾ ਸੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਇਲਾਜ ਵੀ ਘੱਟ ਹੀ ਹੁੰਦਾ ਸੀ ਭਵਿੱਖਤ ਬਚਨ ਕਰਨ ਸਮੇਂ ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਫੁਰਮਾਇਆ ਕਰਦੇ ਸਨ "ਕਿ ਕੋਈ ਸਮਾਂ ਆਵੇਗਾ ਮਨੁੱਖੀ ਸਿਆਣਪ ਬਹੁਤ ਵੱਧ ਜਾਏਗੀ, ਮੁਰਦੇ ਨੂੰ ਵੀ ਜੀਊਂਦਾ ਕਰ ਲੈਣਗੇ।

ਭਾਈ ਨੀਲਾ ਸਿੰਘ ਨੇ ਬੇਨਤੀ ਕੀਤੀ "ਮਹਾਰਾਜ! ਫਿਰ ਗੁਰੂ ਪ੍ਰਮੇਸ਼ਰ ਨੂੰ ਕੌਣ ਮੰਨੇਗਾ।

ਬਾਬਾ ਜੀ ਨੇ ਬਚਨ ਕੀਤਾ "ਨੀਲਾ ਸਿੰਘ ! ਪ੍ਰਮੇਸ਼ਰਿ ਨੂੰ ਮੰਨਣੋ ਤਾਂ ਪਹਿਲਾਂ ਹੀ ਹਟ ਜਾਣਗੇ। ਕੋਈ ਵਿਰਲਾ ਹੀ ਜਪੇਗਾ। ਪਰ ਜਦ ਮੁਰਦਾ ਜੀਵਤ ਹੋ ਜਾਏਗਾ ਤਾਂ ਜਬਰਦਸਤੀ ਕਿਸੇ ਨੂੰ ਨਹੀਂ ਮੰਨਣ ਦਿੱਤਾ ਜਾਵੇਗਾ। ਜੋ ਨਾਮ ਜਪੇਗਾ ਸਜਾ ਦਾ ਹੱਕਦਾਰ ਸਮਝਿਆ ਜਾਵੇਗਾ ਅਤੇ ਸੰਸਾਰ ਦਾ ਨਾਸ਼ ਵੀ (ਖ਼ਾਤਮਾ) ਉਸੇ ਵਕਤ ਹੋਵੇਗਾ।"

ਬਾਬਾ ਮਹਿਤਾਬ ਸਿੰਘ ਰੋਜ਼ ਨੇਮ ਨਾਲ ਦੁੱਧ ਦੀ ਸੇਵਾ ਬਰਕਰਾਰ ਰੱਖਣ ਲਈ ਬਾਬਾ ਜੀ ਕੋਲ ਦੁੱਧ ਲੈ ਕੇ ਪਹੁੰਚੇ। ਹਜ਼ੂਰ ਨੇ ਘਰੇਲੂ ਹਾਲਤ ਪੁੱਛੀ।

ਬਜ਼ੁਰਗ ਮਹਿਤਾਬ ਸਿੰਘ ਨੇ ਲੜਕੇ ਦੀ ਬਿਮਾਰੀ ਬਾਬਤ ਦੱਸਿਆ ਜਿਸ ਸਮੇਂ ਇਹ ਸਾਰੀ ਵਿਥਿਆ ਸੁਣਾ ਰਿਹਾ ਸੀ ਬਾਬਾ ਜੀ ਅੰਤਰ ਧਿਆਨ ਹੋ ਗਏ (ਭਾਵ ਨੇਤਰ ਬੰਦ ਕਰ ਲਏ) ਉਸ ਨੇ ਬੇਨਤੀ ਕਰ ਲਈ ਪਰ ਹਜ਼ੂਰ ਆਪਣੇ ਨਿੱਜੀ ਅਨੰਦ ਵਿੱਚ ਮਸਤ ਰਹੇ ਸਮਾਂ ਬਤੀਦਾ ਗਿਆ ਮਹਿਤਾਬ

ਸਿੰਘ ਵੀ ਹੁਕਮ ਦੀ ਉਡੀਕ ਅੰਦਰ ਬੈਠਾ ਰਿਹਾ। ਤਿੰਨ ਘੰਟੇ ਬਾਅਦ ਹਜ਼ੂਰ ਨੇ ਨੇਤਰ ਖੋਲ੍ਹੇ। ਮਹਾਂਪੁਰਖ ਜਦੋਂ ਇਹੋ ਜਿਹੀ ਬਿਰਤੀ ਵਿੱਚ ਹੋ ਜਾਣ ਤਾਂ ਇਸ ਅੰਤਰ ਮਾਨਵ ਦਾ ਭਲਾ ਹੈ ਜਿਵੇਂ –

**ਟੂਟੀ ਗਾਢਨਹਾਰ ਗੁੋਪਾਲ ॥**

**(ਗਉੜੀ ਸੁਖਮਨੀ ਮਃ ੫)**

ਗੋਪਾਲ ਨਾਲ ਇੱਕ ਰੂਪ ਹੋ ਕੇ ਜੋ ਵੀ ਕਰਨ ਪ੍ਰਵਾਨ ਹੁੰਦਾ ਹੈ।

**ਹਰਿ ਸੰਤੁ ਕਰੇ ਸੋਈ ਪਰਵਾਣੁ ॥**

ਉਪਰੋਕਤ ਫੁਰਮਾਣ ਵਰਤਿਆ ਤਾਂ ਹਜ਼ੂਰ ਨੇ ਬਚਨ ਕੀਤਾ "ਮਹਿਤਾਬ ਸਿੰਘ 'ਸ਼ੁੱਧ ਹੈ" ਘਰ ਚਲੇ ਜਾਉ ਬੱਚਾ ਠੀਕ ਠਾਕ ਹੈ। ਮਾਈ ਉਸ ਲਈ ਦੁੱਧ ਠੰਢਾ ਕਰ ਰਹੀ ਹੈ ਤੁਹਾਡੀ ਉਡੀਕ ਵਿੱਚ ਹੈ, ਤੁਹਾਡੇ ਜਾਣ ਤੇ ਦੁੱਧ ਪਿਆਏਗੀ।"

ਮਹਿਤਾਬ ਸਿੰਘ ਦੇ ਜਾਣ ਉਪਰੰਤ ਮਾਈ ਨੇ ਦੁੱਧ ਬੱਚੇ ਨੂੰ ਪਿਲਾਇਆ। ਉਸ ਨੇ ਬੱਚੇ ਨਾਲ ਪਿਆਰ ਕੀਤਾ ਤੇ ਬਾਬਾ ਜੀ ਦਾ ਲੱਖ ਲੱਖ ਸ਼ੁਕਰਾਨਾ ਕੀਤਾ। ਬੱਚਾ ਠੀਕ ਠਾਕ ਸੀ ਇਉਂ ਮਹਿਸੂਸ ਹੋ ਰਿਹਾ ਸੀ ਕੀ ਕਦੀ ਬੀਮਾਰ ਹੀ ਨਹੀਂ ਹੋਇਆ।

ਇਹ ਬਚਨ ਬਾਬਾ ਮਹਿਤਾਬ ਸਿੰਘ ਦੇ ਪੋਤਰੇ ਸ੍ਰ. ਗੁਰਚਰਨ ਸਿੰਘ ਤੋਂ ਮਿਲਿਆ ਹੈ।

## ਦੇਹ ਛਿਜੰਦੜੀ ਊਣ ਮਝੂਣਾ
## ਗੁਰਿ ਸਜਣਿ ਜੀਉ ਧਰਾਇਆ ॥

**(ਰਾਮਕਲੀ ਕੀ ਵਾਰ ਅੰਗ ੯੬੪)**

ਮਾਨਵ ਜਾਤੀ ਦਾ ਮਨ ਵੱਸ (ਕਾਬੂ) ਵਿੱਚ ਨਹੀਂ ਆ ਰਿਹਾ ਇਸ ਦੇ ਵਿੱਚ ਭਟਕਣ ਰੂਪੀ ਤ੍ਰਿਸ਼ਨਾ ਵੱਸ ਰਹੀ ਹੈ। ਇਹ ਇਛਾਵਾਂ ਤੇ ਕਾਮਨਾਵਾਂ ਕਾਰਨ ਇਹ ਟਿਕ ਨਹੀਂ ਸਕਦਾ ਭਟਕਦਾ ਰਹਿੰਦਾ ਹੈ। ਬੜਾ ਹੀ ਤੀਬਰ ਜਜ਼ਬਾ ਜਾਂ ਵਿਕਾਰ ਕਰੋਧ ਵੀ ਇਸ ਵਿੱਚ ਵੱਸਦਾ ਹੈ। ਜਿਸ ਨੇ ਹਰ ਪ੍ਰਕਾਰ ਦੀ ਸੁੱਧ ਜਾਂ ਅਕਲ ਨੂੰ ਨਾਸ਼ ਕਰਕੇ ਇਹ ਅਮੋਲਕ ਰਤਨ ਰੂਪ

ਗਿਆਨ ਨੂੰ ਸਭ ਪਾਸੋਂ ਖੋ ਲਿਆ ਹੈ। ਭਾਵ ਕਰੋਧ ਵਿੱਚ ਆਇਆ ਮਾਨਵ ਸਭ ਅਕਲ ਸੁੱਧ ਨੂੰ ਛਿਕੇ ਟੰਗ ਕੇ ਮਹਾਂ ਘੋਰ ਪਾਪ ਕਰ ਦਿੰਦਾ ਹੈ ਜੋਗੀ ਲੋਕ ਬੜੇ ਯਤਨ ਕਰਕੇ, ਗੁਣਵਾਨ ਲੋਕ ਗੁਣਾਂ ਦਾ ਵਰਣਨ ਕਰਕੇ ਹਾਰ ਗਏ ਹਨ ਪਰ ਇਹ ਚੰਚਲ ਮਨ ਕਾਬੂ ਵਿੱਚ ਨਹੀਂ ਆਉਂਦਾ। ਪਰ ਜਦੋਂ ਪਰਮ-ਪੁਰਖ ਪ੍ਰਮਾਤਮਾ ਦਇਆਲ ਹੁੰਦਾ ਹੈ ਤਾ ਮਨ ਨੂੰ ਵਸ ਵਿੱਚ ਕਰਨ ਦੀਆਂ ਸਭ ਜੁਗਤਾਂ ਵਿਧੀਆਂ ਆ ਜਾਂਦੀਆਂ ਹਨ। ਪ੍ਰਮਾਤਮਾ ਦੀ ਸ਼ਰਨ ਵਿੱਚ ਹੀ ਸ਼ਾਂਤੀ ਹੈ। ਟਿਕਾਊ ਹੈ ! ਵੇਦ ਪੁਰਾਨ ਆਦਿ ਪੜਨ ਸੁਣਨ ਦਾ ਇਹੀ ਲਾਭ ਹੈ ਕਿ ਪ੍ਰਾਣੀ ਪ੍ਰਮਾਤਮਾਂ ਦੀ ਭਗਤੀ ਕਰੇ ਨਾਮ ਸਿਮਰੇ।

ਸਵਰਗ-ਨਰਕ, ਅੰਮ੍ਰਿਤ-ਬਿਖ, ਸੋਨਾ ਤੇ ਪੈਸਾ (ਮਾਇਆ ਉਸਤਤਿ-ਨਿੰਦਾ ਜਿਸ ਪ੍ਰਾਣੀ ਲਈ ਬਰਾਬਰ ਹਨ ਤੇ ਜਿਸ ਨੂੰ ਲੋਭ, ਮੋਹ, ਦੁਖ-ਸੁਖ ਕਾਮ ਕਰੋਧ ਬੰਨ ਨਹੀਂ ਸਕਦੇ ਭਾਵ ਜਿਸ ਤੇ ਇਨ੍ਹਾਂ ਦਾ ਕੋਈ ਅਸਰ ਨਹੀਂ ਹੁੰਦਾ ਉਹੀ ਮਹਾਂਪੁਰਖ, ਬ੍ਰਹਮ ਗਿਆਨੀ ਹੈ। ਉਸ ਨੂੰ ਮੁਕਤ ਸਮਝੋ। ਇਹ ਮੁਕਤੀ ਇਕੱਲਵੇ ਜਪ ਤਪ ਕੀਤਿਆਂ ਨਹੀਂ ਮਿਲਦੀ ਕਿਸੇ ਪੂਰਨ ਮਹਾਂਪੁਰਖ ਦੀ ਸ਼ਰਨ ਵਿੱਚ ਆਇਆ ਮਿਲਦੀ ਹੈ ਕਿਉਂਕਿ ਅਣਜਾਣੇ ਪਾਂਧੀ ਨੂੰ ਬਿਨਾਂ ਦੱਸੇ ਅਸਲੀ ਮੰਜ਼ਿਲ ਦਾ ਮਾਰਗ ਨਹੀਂ ਮਿਲਦਾ।

ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਟਿੱਲੇ ਉਪਰ ਬੈਠੇ ਸਭ ਤਰ੍ਹਾਂ ਦੇ ਪ੍ਰਾਣੀਆਂ ਦੀਆਂ ਦੁਨਿਆਵੀਂ ਅਤੇ ਪ੍ਰਮਾਰਥ ਦੀਆਂ ਲੋੜਾਂ ਪੂਰੀਆਂ ਕਰ ਰਹੇ ਹਨ। ਕੋਈ ਨਿਰਾਸ਼ ਨਹੀਂ ਮੁੜਦਾ।

**ਨਹੀਂ ਖਾਲੀ ਗਿਆ ਕੋਈ ਛੂਹਾ ਜੋ ਤੇਰੇ ਦਾਮਨ ਸੇ॥**

ਇਕ ਸੰਤ ਮੰਡਲੀ ਬਾਬਾ ਜੀ ਕੋਲ ਆ ਕੇ ਠਹਿਰੀ ਸੀ ਉਨ੍ਹਾਂ ਵਿੱਚ ਇੱਕ ਸੰਤ ਧੰਨਾ ਸਿੰਘ ਨਾਮ ਦੇ ਸਾਧੂ ਸਨ ਜੋ "ਰੌਲਾ ਹੇੜੀ" ਪਿੰਡ ਨੇੜੇ ਅਹਿਮਦਗੜ੍ਹ ਮੰਡੀ ਦੇ ਸਨ। ਵਿਦਿਆ ਪੜ੍ਹ ਕੇ ਵੀ ਮੰਡਲੀ ਦੇ ਨਾਲ ਵਿਚਰਦੇ ਸਨ। ਵਿਦਵਾਨ ਬਣ ਕੇ ਵੀ ਸਿਮਰਨ ਅਭਿਆਸ ਨਹੀਂ ਛੱਡਿਆ ਸਿਮਰਨ ਕਰਦੇ ਰਹੇ।

ਅੰਮ੍ਰਿਤ ਵੇਲਾ ਹੋਇਆ ਤਾਂ ਸੰਤ ਧੰਨਾ ਸਿੰਘ ਜੀ ਟਿੱਲੇ ਦੇ ਪਿੱਛੇ ਵਾਲੇ ਤਲਾਬ (ਛੱਪੜ) ਵਿੱਚ ਇਸ਼ਨਾਨ ਕਰਨ ਗਏ। ਹਜ਼ੂਰ ਟਿੱਲੇ ਉਪਰ ਟਹਿਲ ਰਹੇ ਸਨ। ਜਦੋਂ ਉਨ੍ਹਾਂ ਪਾਣੀ ਨੂੰ ਹਿਲਾਇਆ ਤਾਂ ਬਾਬਾ ਜੀ ਨੂੰ

ਅਵਾਜ਼ ਸੁਣੀ ਤਾਂ ਹਜ਼ੂਰ ਨੇ ਸੰਸਕ੍ਰਿਤ ਦਾ ਸਲੋਕ ਉਚਾਰਿਆ। ਜਿਸ ਦਾ ਅਰਥ ਸੀ — "ਜਿਸ ਨੂੰ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ ਉਹ ਪੂਰੇ ਸਤਿਗੁਰੂ ਦੀ ਕ੍ਰਿਪਾ ਤੋਂ ਬਿਨਾਂ ਨਹੀਂ ਮਿਲਦਾ।"

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥**

(ਅੰਗ ੬੩੩)

ਉੱਤਰ ਵਿੱਚ ਸੰਤ ਧੰਨਾ ਸਿੰਘ ਜੀ ਨੇ ਵੀ ਸੰਸਕ੍ਰਿਤ ਸਲੋਕ ਪੜ੍ਹਿਆ। ਜਿਸ ਦਾ ਭਾਵ ਸੀ।" ਕੋਈ ਕਲਜੁੱਗ ਵਿੱਚ ਐਸਾ ਸਮੱਰਥ ਹੈ ਜੋ ਉਸ ਨੂੰ ਮਿਲਾ ਸਕਦਾ ਹੋਵੇ। ਜਿਸ ਦੀ ਸੰਗਤ ਕਰਕੇ ਪ੍ਰਮੇਸ਼ਰ ਦੀ ਪ੍ਰਾਪਤੀ ਹੋਵੇ।

ਬਾਬਾ ਜੀ ਨੇ ਫਿਰ ਬਚਨ ਕੀਤਾ "ਕੋਈ ਮਹਾਂ ਜਗਿਆਸੂ ਜਨ ਹੋਵੇ ਜੋ ਹਰ ਬਚਨ ਸਤਿ ਕਰਕੇ ਮੰਨੇ ਤਾਂ ਮਿਲ ਸਕਦਾ ਹੈ।" ਫਿਰ ਮੁਸਕਰਾ ਕੇ ਬਚਨ ਕੀਤਾ "ਬੇਸ਼ਕ ਸ਼ਰਤ ਲਾ ਲਾਉ।"

ਬਸ ਇਤਨਾ ਇਸ਼ਾਰਾ ਮਿਲਣ ਦੀ ਦੇਰ ਸੀ ਝਟ ਸੰਤ ਧੰਨਾ ਸਿੰਘ ਹਜ਼ੂਰ ਦੇ ਚਰਨਾਂ ਨਾਲ ਆ ਜੁੜੇ। ਕਿਉਂਕਿ ਉਨ੍ਹਾਂ ਨੂੰ ਤਾਂ ਇਹੀ ਮੰਜ਼ਿਲ ਦੀ ਭਾਲ ਸੀ। ਬਾਣੀ ਵਿੱਚ ਫੁਰਮਾਨ ਹੈ —

**ਤਾ ਤੇ ਬਿਲਮੁ ਪਲੁ ਢਿਲ ਨ ਕੀਜੈ ਜਾਇ ਸਾਧੂ ਚਰਨਿ ਲਗੀਜੈ॥**

(ਕਲਿਆਨੁ ਮ: ੪ ਅੰਗ ੧੩੨੬)

ਮਹਾਂਪੁਰਖ ਤਾਂ ਬਹੁਤ ਹਨ ਪੂਜਨੀਕ ਵੀ ਹਨ ਪਰ ਬਾਬਾ ਸੰਤ ਮਹਾਂ ਹਰਿਨਾਮ ਸਿੰਘ ਜੀ ਵਰਗੇ ਵਿਰਲੇ ਹੀ ਹਨ। ਜੋ ਸਾਧੂਆਂ ਨੂੰ ਵੀ ਤਾਕਤਾਂ ਬਖਸ਼ਦੇ ਸਨ। ਮਹਾਂਪੁਰਖ ਸੇਵਕ ਲਈ ਉਹੀ ਹੈ ਜੋ ਗੁਰੂ ਨਾਨਕ ਨਾਲ, ਗੁਰੂ ਗ੍ਰੰਥ ਸਾਹਿਬ ਨਾਲ ਜੋੜੇ, ਮਿਲਾਪ ਕਰਾਵੇ, ਬੰਦਗੀ ਦਾ ਰਸਤਾ ਦੱਸੇ,ਉਸ ਦੇ ਦਰਸ਼ਨ ਕੀਤੀਆਂ ਮਨ ਸ਼ਾਂਤ ਹੋਵੇ ਪ੍ਰਮਾਤਮਾ ਦੀ ਝਲਕ ਨਜ਼ਰ ਆਵੇ।

**ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥**

(ਗੂਜਰੀ ਪਉੜੀ ਅੰਗ ੫੨੦)

ਹੁਣ ਸੰਤ ਧੰਨਾ ਸਿੰਘ ਜੀ ਟਿੱਲੇ ਉੱਪਰ ਆ ਗਏ ਚਰਨਾਂ ਤੇ ਮੱਥਾ ਟੇਕਿਆ ਤੇ ਹੁਕਮ ਦੀ ਉਡੀਕ ਵਿੱਚ ਖੜੋ ਗਏ।

ਹਜ਼ੂਰ ਬਾਬਾ ਜੀ ਨੇ ਹੁਕਮ ਕੀਤਾ "ਤੁਹਾਨੂੰ ਹੁਕਮ ਅੰਦਰ ਰਹਿਣਾ

ਪਵੇਗਾ। ਹੁਕਮ ਅਤੇ ਵਿਧੀ ਅਨੁਸਾਰ ਨਿਤਨੇਮ ਕਰਨਾ ਪਵੇਗਾ ਇੱਕ ਦਿਨ ਨਗਰ ਵਿੱਚੋਂ ਪ੍ਰਸ਼ਾਦਾ ਮੰਗ ਕੇ ਸੱਤ ਦਿਨ ਉਸ ਨਾਲ ਹੀ ਨਿਰਬਾਹ ਕਰਨਾ ਹੋਵੇਗਾ। ਦਿਨ ਰਾਤ ਸਿਮਰਨ ਵਿੱਚ ਬਤੀਤ ਕਰਨਾ ਹੋਵੇਗਾ।"

ਸੰਤ ਧੰਨਾ ਸਿੰਘ ਜੀ ਨੇ "ਸਤਿ ਬਚਨ" ਕਹਿ ਕੇ ਸਿਰ ਝੁਕਾ ਦਿੱਤਾ।

ਮਹਾਂਪੁਰਖਾਂ ਦੀ ਕ੍ਰਿਪਾ ਦੁਆਰਾ ਅਤੁੱਟ ਸਿਮਰਨ ਚੱਲਦਾ ਰਿਹਾ ਫਿਰ ਐਸੀ ਅਵੱਸਥਾ ਬਣ ਗਈ ਕਿ ਮਨ ਟਿਕ ਗਿਆ। ਫੁਰਮਾਨ ਹੈ—

**ਗੁਰ ਸਾਖੀ ਅੰਤਰਿ ਜਾਗੀ॥ ਤਾ ਚੰਚਲ ਮਤਿ ਤਿਆਗੀ॥**
**ਗੁਰ ਸਾਖੀ ਕਾ ਉਜੀਆਰਾ॥ ਤਾ ਮਿਟਿਆ ਸਗਲ ਅੰਧ੍ਯਾਰਾ॥**

**(ਸੋਰਠਿ ਮ ੧ ਅੰਗ ੫੯੯)**

ਹੁਣ ਜਦ ਇਮਿਤਹਾਨ ਵਿੱਚ ਪਾਸ ਹੋਏ ਤਾਂ ਬਾਬਾ ਜੀ ਨੇ ਹੁਕਮ ਦਿੱਤਾ "ਹੁਣ ਆਪਣਾ ਅਸਥਾਨ ਬਣਾਉ ਤੇ ਉਥੇ ਟਿਕੋ (ਬਿਰਾਜੋ)"। ਉਨ੍ਹਾਂ ਬੇਨਤੀ ਕੀਤੀ" ਮਹਾਰਾਜ ! ਕਿਥੇ ਆਸਣ ਲਾਵਾਂ।"

ਹੁਕਮ ਹੋਇਆ "ਭਾਈ ਰੂਪੇ (ਫੂਲ ਤਹਿਸੀਲ) ਰਹੋ ਜਰ ਕੇ ਰੱਖਣ ਵਾਲੀ ਵਸਤੂ ਹੈ ਇਸ ਨੂੰ ਸੰਭਾਲੋ (ਜਰ ਕੇ ਜਾਂ ਬਰਦਾਸਤ ਕਰਕੇ) ਰੱਖਣਾ। ਕਰਾਮਾਤ ਦਿਖਾਣ ਦਾ ਆਪ ਨੂੰ ਹੁਕਮ ਨਹੀਂ।'

ਇਹ ਸਾਰੀ ਸਿੱਖਿਆ ਤੇ ਬਖਸ਼ਿਸ਼ ਲੈ ਕੇ ਸੰਤ ਧੰਨਾ ਸਿੰਘ ਜੀ ਹੁਕਮ ਅਨੁਸਾਰ ਭਾਈ ਰੂਪੇ ਚਲੇ ਗਏ। ਬਾਕੀ ਦੀ ਜ਼ਿੰਦਗੀ ਦਾ ਸਾਰਾ ਸਮਾਂ ਭਾਈ ਰੂਪੇ ਦੇ ਅਸਥਾਨ ਤੇ ਹੀ ਬਤੀਤ ਕੀਤਾ। ਬਾਬਾ ਜੀ ਦਾ ਸੰਬੰਧ ਇਨ੍ਹਾਂ ਨਾਲ ਫੇਰ ਵੀ ਰਿਹਾ ਜਿਸ ਬਾਰੇ ਸਾਖੀਆਂ ਅੱਗੇ ਅੰਕਿਤ ਕੀਤੀਆਂ ਜਾਣਗੀਆਂ।

(ਇਹ ਪ੍ਰਸੰਗ ਸ੍ਰ. ਬਲਵੀਰ ਸਿੰਘ ਜੀ ਨੇ ਬਾਬਾ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਪਾਸੋਂ ਸੁਣ ਕੇ ਲਿਖਾਇਆ ਹੈ।)

# ੨੮

**ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ ॥**
**ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ ॥**
**ਇਕ ਥੈ ਪੜਿ ਬੁਝੈ ਸਭੁ ਆਪੇ ਇਕ ਥੈ ਆਪੇ ਕਰੇ ਇਆਣੇ ॥**
**ਇਕਨਾ ਅੰਦਰਿ ਮਹਲਿ ਬੁਲਾਏ ਜਾ ਆਪਿ ਤੇਰੈ ਮਨਿ ਸਚੇ ਭਾਣੇ ॥**
**ਜਿਨਾ ਆਪੇ ਗੁਰ ਮੁਖਿ ਦੇ ਵਡਿਆਈ ਸੇ ਜਨ ਸਚੀ ਦਰਗਹਿ ਜਾਣੇ ॥੧੧॥**

(ਅੰਗ ੫੫੩)

ਹੇ ਪ੍ਰਮੇਸ਼ਰ ਨਾਰਦ, ਵਿਆਸ, ਧਰੂ ਆਦਿ ਜੈਸੇ ਰਿਸ਼ੀ ਤੇਰੀ ਉਸਤਤੀ ਕਰਦੇ ਰਹੇ। ਤੂੰ ਨਿੱਕੇ ਤੋਂ ਨਿੱਕੇ, ਵੱਡੇ ਤੋਂ ਵੱਡੇ ਨੂੰ ਬੁੱਧੀ ਬਖਸ਼ੀ, ਧਰਤੀ ਅਕਾਸ਼, ਪਾਤਾਲ, ਬਣਾ ਕੇ ਇੱਕ ਤੋਂ ਬਹੁਤ ਰੂਪ ਹੋ ਗਿਆ। ਹਰ ਜੀਵ ਨੇ ਤੈਨੂੰ ਧੰਨ ਧੰਨ ਕਿਹਾ ਔਰ ਚੁੱਪ ਹੋ ਗਏ। ਹੇ ਵਾਹਿਗੁਰੂ ਤੂੰ ਆਪ ਹੀ ਪੜ੍ਹਨ ਵਾਲਾ ਹੈ ਆਪੇ ਹੀ ਉਸਤਾਦ ਹੈ ਆਪ ਪਿਤਾ ਤੇ ਮਾਤਾ ਹੈ ਆਪ ਹੀ ਬਾਲਕ ਸਿਆਣ ਕੀਤੇ। ਇੱਕ ਵਿਦਿਆ ਪੜ੍ਹ ਪੜ੍ਹ ਕੇ ਸੋਝੀ ਪਾਉਂਦੇ ਹਨ। ਇਹਨਾਂ ਨੂੰ ਤੂੰ ਆਪ ਹੀ ਸਿਆਣਪ ਬਖਸ਼ਦਾ ਹੈ। ਰਾਜੇ ਔਰ ਗਰੀਬ ਤੈਨੂੰ ਇੱਕ ਸਮਾਨ ਹਨ। ਤੂੰ ਦਵੈਤ ਰਹਿਤ ਹੈਂ ਗੁਣਾ ਦੇ ਖਜਾਨੇ ਅਤੇ ਸਮੁੰਦਰ ਤੇਰੀ ਆਗਿਆ ਬਿਨ੍ਹਾਂ ਤੇਰੀ ਭਗਤੀ ਨਹੀਂ ਕਰ ਸਕਦਾ। ਕਿਤੇ ਤੂੰ ਮੁਰਲੀਆਂ ਤੇ ਬੀਨਾਂ ਵਜਾਉਂਦਾ ਹੈ ਕਿਤੇ ਕ੍ਰਿਸ਼ਨ ਬਣ ਕੇ ਗਊਆਂ ਚਰਾਉਂਦਾ ਹੈ। ਕਿਤੇ ਸੰਤਾਂ ਅਤੇ ਸਾਧੂਆਂ ਦੇ ਪ੍ਰਾਣ ਹੈ ਕਿਤੇ ਦੇਹ ਤੋਂ ਬਿਨਾਂ ਨਿਰਗੁਣ ਸਰੂਪ ਕਿਤੇ ਸਰਗੁਣ ਸਰੂਪ ਹੈ। ਕਿਤੇ ਗੁਰੂ ਨਾਨਕ ਬਣ ਕੇ ਵਿਚਰਦਾ ਹੈ। ਕਿਤੇ ਮਹਾਂਪੁਰਖ ਅਵਤਾਰਧਾਰੀ ਹੈ। ਤੂੰ ਤੇ ਤੇਰੀ ਕੁਦਰਤ ਕਮਾਲ ਹੈ ਤੂੰ ਸਭ ਨੂੰ ਮੋਹ ਲੈਣ ਵਾਲਾ ਹੈ। ਤੇਰੇ ਰੂਪ ਵਿੱਚ ਬੈਠ ਮਹਾਂਪੁਰਖ ਵੀ ਦੁਨੀਆਂਦਾਰਾ ਦੀਆਂ ਮਨੋਕਾਮਨਾ ਪੂਰੀਆ ਕਰਨ ਲਈ ਸੰਸਾਰ ਅੰਦਰ

ਆਪਣੀ ਸੁਗੰਧੀ ਬਖੇਰ  ਜਾਂਦੇ ਹਨ। ਇਨ੍ਹਾਂ ਮਹਾਂਪੁਰਖਾਂ ਦੀ ਸੇਵਾ ਅੰਦਰ ਹੋਰ ਵੀ ਪ੍ਰਾਣੀ ਆਉਂਦੇ ਹਨ ਜੋ ਘਾਲਣਾ ਘਾਲਦੇ ਹੋਏ ਆਪ ਦੀ ਬਗੀਚੀ ਦਾ ਇੱਕ ਫੁੱਲ ਬਣ ਜਾਂਦੇ ਹਨ। ਇਹ ਘਾਲਣਾ ਘੱਟ ਹੈ ਜਾਂ ਵੱਧ ਹੈ ਇਹ ਤਾਂ ਆਪ ਨੂੰ ਹੀ ਪਤਾ ਹੈ। ਇਨਸਾਨ ਤਾਂ ਇੱਕ ਜ਼ਿੰਦਗੀ (ਜਨਮ) ਦੀ ਘਾਲਣਾ ਹੀ ਦੇਖ ਸਕਦਾ ਹੈ। ਪਰ ਸਮਰੱਥ ਮਹਾਂਪੁਰਖ ਤਾਂ ਭੂਤਕਾਲ (ਪਿਛਲੇ ਜੁੱਗਾਂ ਦੀ) ਦੇ ਜਨਮਾਂ ਦੀ ਕਮਾਈ ਵੀ ਜਾਣਦੇ ਹਨ। ਤਾਂ ਸੱਤੇ ਬਲਵੰਡੇ ਨੇ ਕਿਹਾ ਹੈ —

**ਨੇੜੈ ਦਿਸੈ ਮਾਤਲੋਕ ਤੁਧ ਸੁਝੈ ਦੂਰ॥**

(ਅੰਗ ੯੬੭)

ਮਨੁੱਖ ਨੂੰ ਅਗਲੇ ਇੱਕ ਮਿੰਟ ਦਾ ਪਤਾ ਨਹੀਂ ਹੁੰਦਾ ਪਰ ਸੰਤ ਮਹਾਤਮਾਂ ਦੂਰ ਦੇ ਸਮੇਂ ਦੀਆਂ, ਭਵਿੱਖਤ ਦੀਆਂ ਜਾਣਦੇ ਹਨ। ਭੂਤ ਕਾਲ (ਬੀਤ ਗਿਆ ਸਮਾਂ) ਜਾਂ ਪਿਛਲੇ ਨੇੜਲੇ ਸੰਬੰਧਾਂ ਬਾਰੇ ਤਾਂ ਮਹਾਂਪੁਰਖ ਹੀ ਜਾਣਦੇ ਹਨ। ਇਸ ਤਰ੍ਹਾਂ ਦੇ ਬਾਬਾ ਜੀ ਮਹਾਰਾਜ ਮਹਾਂ ਹਰਿਨਾਮ ਸਿੰਘ ਦੇ ਨਾਲ ਕੋਈ ਪਿਛਲੇ ਜਨਮਾਂ ਦੇ ਸੰਬੰਧ ਸੰਤ ਬਾਬਾ ਅਨੰਦ ਸਿੰਘ ਜੀ ਮਹਾਰਾਜ ਦੇ ਸਨ। ਜਿਸ ਕਰਕੇ ਆਪ ਦਾ ਮਿਲਾਪ ਬਾਬਾ ਜੀ ਨਾਲ ਸੰਤ ਵਧਾਵਾ ਸਿੰਘ ਜੀ ਲਹਿਰੇ ਖਾਨੇ ਵਾਲਿਆਂ ਰਾਹੀਂ ਹੋਇਆ।

ਮਹਾਂਪੁਰਖ ਦੀ ਜੀਵਨ ਕਥਾ ਲਿਖਣੀ ਇਨਸਾਨੀ ਬੁੱਧੀ ਤੋਂ ਬਾਹਰ ਹੈ ਕਿਉਂਕਿ —

**ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥**

(ਅੰਗ ੨੭੨)

ਬਾਬਾ ਜੀ ਅਨੰਦ ਸਿੰਘ ਜੀ ਦਾ ਜਿਨ੍ਹਾਂ ਕੁ ਸੰਬੰਧ ਬਾਬਾ ਮਹਾਂ ਹਰਿਨਾਮ ਸਿੰਘ ਜੀ ਨਾਲ ਰਿਹਾ ਹੈ ਉਸ ਵਾਰੇ ਜੋ ਕੋਈ ਪ੍ਰਸੰਗ ਰਹਿ ਗਿਆ ਹੋਵੇ ਤਾਂ ਅਗਲੇ ਹਿੱਸੇ ਵਿੱਚ ਦਿੱਤਾ ਜਾਵੇਗਾ।

ਬਾਬਾ ਅਨੰਦ ਸਿੰਘ ਜੀ ਦਾ ਪ੍ਰਗਟ ਸਮਾਂ ਸੰਮਤ ਬਿਕ੍ਰਮੀ 1927 ਅੰਮ੍ਰਿਤ ਵੇਲੇ ਦਾ ਹੈ। ਪਿਤਾ ਜੀ ਬਾਬਾ ਜੈ ਸਿੰਘ ਜੀ ਅਤੇ ਮਾਤਾ ਸਦਾ

ਕੌਰ ਜੀ ਦੇ ਘਰ ਚੰਨ ਚੜ੍ਹਿਆ ਸੀ। ਬਾਲ ਅਵੱਸਥਾ ਤੋਂ ਬਾਅਦ ਬਾਬਾ ਜੀ ਕੁਝ ਸਮਾਂ ਆਪਣੇ ਪਿਤਾ ਜੀ ਨਾਲ ਰਾਜਗਿਰੀ ਦਾ ਕੰਮ ਕਰਾਉਂਦੇ ਰਹੇ ਸਨ। ਇਨ੍ਹਾਂ ਦੇ ਕੰਮ ਵਾਰੇ ਤਿੰਨ ਸਬੂਤ ਮਿਲੇ ਹਨ।

ਕ੍ਰਿਪਾਲ ਸਿੰਘ, ਦਲੀਪ ਸਿੰਘ ਦੇ ਪਿਤਾ ਬਾਬਾ ਕਪੂਰ ਸਿੰਘ ਔਲਖ ਨੇ ਦੱਸਿਆ ਕਿ "ਹਜ਼ੂਰ ਕਲੇਰਾਂ ਵਾਲਿਆਂ ਨੇ ਸਾਡਾ ਦਰਵਾਜ਼ਾ ਬਣਾਇਆ ਸੀ।"

ਜਗਰਾਉਂ ਮੰਡੀ ਵਾਲੇ ਦਰਵਾਜ਼ੇ ਨੂੰ ਵੀ ਆਪ ਜੀ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਹੋਈ। ਇਥੋਂ ਕੰਮ ਕਰਦੇ ਕਰਦੇ ਹਜ਼ੂਰ ਸਾਹਿਬ ਜਾਣ ਸਮੇਂ ਰਸਤੇ ਰੁੜਕੀ ਛਾਉਣੀ ਗੁਰਦੁਆਰਾ ਸਾਹਿਬ ਸੇਵਾ ਕੀਤੀ ਸਿਰਫ ਸੱਚ ਖੰਡ ਹਜ਼ੂਰ ਸਾਹਿਬ ਪਹੁੰਚਣ ਵਾਸਤੇ ਕਿਰਾਇਆ ਤਿਆਰ ਕਰਨ ਲਈ। ਪੰਦਰਾਂ ਰੁਪੈ ਮਹੀਨੇ ਦੇ ਹਿਸਾਬ ਦਸ ਮਹੀਨੇ ਤੇ ਤੇਰਾ ਦਿਨ ਰੁੜਕੀ ਸੇਵਾ ਕੀਤੀ। ਸੰਗਤ ਜਾਣ ਨਹੀਂ ਦੇ ਰਹੀ ਸੀ ਇੱਕ ਸੋ ਰੁਪਏ ਹੋਰ ਵੀ ਆਪ ਜੀ ਨੂੰ ਭੇਟ ਕੀਤੇ ਪਰ ਆਪ ਹਜ਼ੂਰ ਸਾਹਿਬ ਨੂੰ ਚਲੇ ਗਏ।

ਡਰੋਲੀ ਭਾਈ ਨਗਰ ਵਿੱਚ ਘੁੰਮਡ ਸਿੰਘ ਸਾਹੋ ਕੇ ਪੱਤੀ ਭਾਈ ਦੇ ਦਰਵਾਜ਼ੇ ਦੀ ਉਸਾਰੀ ਕੀਤੀ।

ਇਸ ਤੋਂ ਬਾਅਦ ਹੁਕਮ ਅਨੁਸਾਰ ਕੰਮ ਤਿਆਗ ਦਿੱਤਾ ਜਿਵੇਂ ਕਬੀਰ ਜੀ ਫੁਰਮਾਉਂਦੇ ਹਨ —

**ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥**
**ਹਰਿ ਕਾ ਨਾਮੁ ਲਿਖ ਲੀਓ ਸਰੀਰ॥**

ਕਿਉਂਕਿ ਅਵਸਥਾ ਇਹ ਬਣ ਗਈ ਸੀ।

**ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥**

**(ਗੂਜਰੀ ਭਗਤਾ ਬਾਣੀ ਅੰਗ ੫੨੪)**

ਭਾਈ ਸਾਹਿਬ ਡਰੋਲੀ ਦੱਸਦੇ ਸਨ ਕਿ ਕਲੇਰਾਂ ਵਾਲੇ ਹਜ਼ੂਰ ਫੁਰਮਾਇਆ ਕਰਦੇ ਸਨ "ਕਿ ਜਦੋਂ ਅਸੀਂ ਕੰਮ ਕਰਦੇ ਸੀ ਤਾਂ ਸਾਡੀਆ ਕੁਝ ਸ਼ਰਤਾਂ ਘਰ ਦੇ ਮਾਲਕ ਨੂੰ ਸਮਝਾਈਆਂ ਹੁੰਦੀਆਂ ਸਨ ਜਿਵੇਂ ਕਿ—

1. ਕੋਈ ਰਾਜ, ਮਜ਼ਦੂਰ ਸਾਡੇ ਨਾਲ ਫਾਲਤੂ ਗੱਲ ਨਾ ਕਰੇ ਜਦ ਕੋਈ ਚੀਜ਼ ਮੰਗੀਏ ਛੇਤੀ ਹਾਜ਼ਰ ਹੋਵੇ।

2. ਅਸੀਂ ਕੰਮ ਤੇ ਪਛੜ ਕੇ ਆਇਆ ਕਰਾਂਗੇ। ਜਦ ਆਉਣਾ ਕੰਮ ਉਨ੍ਹਾਂ ਹੀ ਕਰ ਦੇਣਾ।

3. ਕੰਮ ਦੀ ਮਜ਼ਦੂਰੀ ਘੱਟ ਲਵਾਂਗੇ।

ਸੱਚਖੰਡ ਸ੍ਰੀ ਅਬਚਲ ਨਗਰ ਪਹੁੰਚ ਕੇ ਹਜ਼ੂਰ ਨੇ ਅੰਮ੍ਰਿਤ ਪਾਨ ਕਰਕੇ ਅੰਗੀਠੇ ਦੇ ਇਸ਼ਨਾਨ ਲਈ ਜਲ ਦੀ ਸੇਵਾ ਹੈੱਡ ਗ੍ਰੰਥੀ ਮਾਨ ਸਿੰਘ ਤੋਂ ਮਨਜ਼ੂਰ ਕਰਵਾ ਲਈ ਅਤੇ ਨਾਲ ਹੀ ਲੰਗਰ ਦੀ ਸੇਵਾ ਕਰਨੀ। ਇੱਕ ਸਾਲ ਡੇਢ ਪਹਿਰ ਰਹਿੰਦੀ ਰਾਤ ਨੂੰ ਅੰਗੀਠਾ ਸਾਹਿਬ ਦੇ ਇਸ਼ਨਾਨ ਕਰਾਵਾਉਣ ਲਈ ਗੋਦਾਵਰੀ ਨਦੀ ਵਿੱਚੋਂ ਜਲ ਲੈ ਕੇ ਆਉਣਾ। ਇਸ ਸੇਵਾ ਦੌਰਾਨ ਆਪ ਜੀ ਨੂੰ ਦੋ ਵਾਰ ਸਤਿਗੁਰਾਂ ਦੇ ਦਰਸ਼ਨ ਪ੍ਰਤੱਖ ਰੂਪ ਵਿੱਚ ਹੋਏ।

ਇਕ ਵਾਰ ਬਾਬਾ ਜੀ ਤਖ਼ਤ ਸਾਹਿਬ ਦੀ ਪ੍ਰਕਰਮਾ ਵਿੱਚ ਬੈਠੇ ਕੀਰਤਨ ਸਰਵਣ ਕਰ ਰਹੇ ਸਨ, ਅਚਾਨਕ ਇੱਕ ਲੜਕਾ ਹਜ਼ੂਰ ਦੇ ਇੱਕ ਵਾਰ ਸੱਜੇ ਅਤੇ ਇੱਕ ਵਾਰ ਖੱਬੇ ਪਾਸੇ ਨਾਲ ਖਹਿ ਕੇ ਲੰਘਿਆ। ਕਈ ਵਾਰ ਅੱਗੇ ਪਿੱਛੇ ਹੋ ਕੇ ਸਮਾਧੀ ਸਥਿਤ ਹੋਏ। ਪਰ ਜਿਥੇ ਵੀ ਬੈਠਣ ਉਹ ਬਾਲਕ ਉਥੇ ਹੀ ਚਲਾ ਜਾਵੇ। ਮਨ ਵਿੱਚ ਖਿਆਲ ਆਇਆ ਕਿ ਹੁਣ ਆਇਆ ਤਾਂ ਘੂਰ ਦਿਆਂਗੇ। ਆਪ ਨੀਵੀਂ ਪਾਈ ਬੈਠੇ ਸਨ ਤਾਂ ਦੈਵੀ ਬਾਲਕ ਆ ਗਿਆ, ਆਪ ਨੇ ਥੋੜ੍ਹੀ ਨਿਗ੍ਹਾ ਉਤਾਂਹ ਕਰਕੇ ਤੱਕਿਆ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸਰੂਪ ਨਜ਼ਰ ਆਇਆ, ਕੁਝ ਸਕਿੰਟਾਂ ਬਾਅਦ ਦਸ਼ਮੇਸ ਪਿਤਾ ਫਿਰ ਆਖੀਰ ਗੁਰੂ ਨਾਨਕ ਦੇਵ ਜੀ ਦਾ ਸਰੂਪ ਹੋ ਗਏ। ਆਪ ਜੀ ਨੇ ਚਰਨਾਂ ਤੇ ਨਮਸਕਾਰ ਕੀਤੀ ਅੱਗੇ ਹੱਸ ਕੇ ਬਚਨ ਕੀਤਾ "ਅਸੀਂ ਕਿਸ ਨਾਲ ਖੇਡੀਏ, ਸਾਡਾ ਖੇਡਣ ਨੂੰ ਚਿੱਤ ਕਰਦਾ ਸੀ।

ਦੂਸਰੀ ਵਾਰ ਫਿਰ ਡੇਢ ਪਹਿਰ ਰਾਤ ਰਹਿੰਦੇ ਆਪ ਜਲ ਦੀ ਗਾਗਰ ਸੀਸ ਤੇ ਟਿਕਾਈ ਵਾਪਸ ਆ ਰਹੇ ਸਨ ਤਾਂ ਦਸਮ ਪਿਤਾ ਕਲਗੀਧਰ

ਪਾਤਸ਼ਾਹ ਦੇ ਦਰਸ਼ਨ ਹੋਏ। ਸਾਰੇ ਪਾਸੇ ਪ੍ਰਕਾਸ਼ ਹੋ ਗਿਆ, ਪਹਿਲਾਂ ਆਪ ਜੀ ਨੇ ਸਮਝਿਆ ਕਿ ਦਿਨ ਚੜ ਗਿਆ ਪਰ ਇਹ ਨਹੀਂ ਹੋਇਆ ਸੀ।

**ਸੋ ਅੰਤਰਿ ਸੋ ਬਾਹਰਿ ਅਨੰਤ॥**

**ਘਟਿ ਘਟਿ ਬਿਆਪਿ ਰਹਿਆ ਭਗਵੰਤ॥**

**(ਗਉੜੀ ਸੁਖਮਨੀ ਮ: ੫)**

ਰੂਪ ਦਸਮੇਸ਼ ਪਿਤਾ ਦੇ ਸਰੂਪ ਵਿੱਚ ਸਾਹਮਣੇ ਹੋ ਗਿਆ।

**ਨਿਰਗੁਣ ਤੇ ਸਰਗੁਣੁ ਥੀਆ॥**

**(ਸਿਧ ਗੋਸਟ ਅੰਗ ੯੪੦)**

ਉਸ ਸਤਿਗੁਰਾਂ ਦਾ ਸਰੂਪ ਇਨ੍ਹਾਂ ਪ੍ਰਭਾਵਸ਼ਾਲੀ ਸੀ ਕਿ ਝੱਲਿਆ ਨਹੀਂ ਜਾ ਰਿਹਾ ਸੀ। ਬਾਬਾ ਜੀ ਅਨੰਦ ਵਿੱਚ ਹੋ ਗਏ। ਨਮਸਕਾਰ ਕਰਨ ਸਮੇਂ ਸੀਸ ਉੱਪਰ ਰੱਖੀ ਗਾਗਰ ਦਾ ਖਿਆਲ ਵੀ ਭੁੱਲ ਗਏ। ਕਿਉਂਕਿ "ਸੁੱਧ ਬੁੱਧ ਵਿਸਰ ਗਈ। ਇਤਨੇ ਨੂੰ ਕਲਗੀਧਰ ਪਾਤਸ਼ਾਹ ਹੀ ਨੇ ਮੁਖਾਰਬਿੰਦ ਤੋਂ ਅਵਾਜ਼ ਦੇ ਕੇ ਬਚਨ ਕੀਤਾ "ਮਾਲਵੇ ਦਮਦਮੇ ਸਾਹਿਬ ਪਹੁੰਚ ਕੇ ਪੜ੍ਹਾਈ ਕਰੋਂ।"

ਇਹ ਦਸਮੇਸ਼ ਪਿਤਾ ਦਾ ਇਸ਼ਾਰਾ ਦੁਨਿਆਵੀਂ ਪੜਾਈ ਵੱਲ ਨਹੀਂ ਸੀ ਇਹ ਤਾਂ ਮਿਲਾਪ ਕਰਵਾਣਾ ਸੀ ਭੁੱਚੋਂ ਵਾਲੇ ਸੰਤ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਨਾਲ। ਜਿਵੇਂ ਭਗਵਾਨ ਕ੍ਰਿਸ਼ਨ ਨੇ ਗੀਤਾ ਵਿੱਚ ਕਿਹਾ ਹੈ "ਹੇ ਅਰਜਨ ਜੋ ਮੈਨੂੰ ਜਪਦੇ ਹਨ ਉਨ੍ਹਾਂ ਨੂੰ ਆਪਣੇ ਨਾਲ ਮਿਲਾਉਣ ਦੀ ਜੁਗਤੀ ਮੈਂ ਆਪ ਦੱਸਦਾ ਹਾਂ ਜਿਸ ਕਰਕੇ ਮੈਨੂੰ ਮਿਲ ਜਾਂਦੇ ਹਨ।" ਇਸ ਤਰ੍ਹਾਂ ਹੀ ਵਾਰਤਾ ਹੋਈ ਜਿਵੇਂ ਫਰੀਦ ਸਾਹਿਬ ਦਾ ਫੁਰਮਾਨ ਹੈ —

**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥**

**(ਆਸਾ ਸੇਖ ਫਰੀਦ ਅੰਗ ੪੮੮)**

ਉਨ੍ਹੀ ਸੋ ਅੱਠ ਈਸਵੀ ਇੱਕ ਸਾਲ ਤੇਰਾ ਦਿਨ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਸੇਵਾ ਕਰਨ ਉਪਰੰਤ ਹਜ਼ੂਰ ਬਾਬਾ ਅਨੰਦ ਸਿੰਘ ਜੀ ਹੁਕਮ ਅਨੁਸਾਰ ਅਬਚਲ ਨਗਰ ਤੋਂ ਚੱਲ ਕੇ ਦਮਦਮਾ ਸਾਹਿਬ ਪਹੁੰਚ ਗਏ। ਪਰ ਇਥੋਂ

ਕਈ ਕਾਰਨਾਂ ਕਰਕੇ ਮਨ ਉਚਾਟ ਹੋ ਗਿਆ। ਫਿਰ ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਕੀਤੀ। ਅਰਦਾਸ ਮਨਜ਼ੂਰ ਹੋਈ ਹੁਕਮ ਆਇਆ "ਲਹਿਰੇ ਖਾਨੇ ਸੰਤ ਵਧਾਵਾ ਸਿੰਘ ਜੀ ਪਾਸ ਪਹੁੰਚੋ।"

ਦਰਗਾਹੀ ਅਕਾਸ਼ਬਾਣੀ ਦੇ ਹੁਕਮ ਨੂੰ "ਸਤਿਬਚਨ" ਕਹਿਕੇ ਲਹਿਰੇ ਖਾਨੇ ਵੱਲ ਚਲ ਪਏ। ਲਹਿਰੇ ਖਾਨੇ ਸੰਤ ਵਧਾਵਾ ਸਿੰਘ ਜੀ ਦੇ ਅਸਥਾਨ ਤੇ ਪਹੁੰਚ ਕੇ ਉਨ੍ਹਾਂ ਨੂੰ ਜਾ ਨਮਸਕਾਰ ਕੀਤੀ। ਹਜ਼ੂਰ ਸਾਹਿਬ ਤੋਂ ਦਮਦਮਾ ਸਾਹਿਬ ਆਉਣ ਅਤੇ ਉਥੋਂ ਦਰਗਾਹੀ ਹੁਕਮ ਦੀ ਵਿਥਿਆ ਸੁਣਾ ਕੇ ਆਪ ਜੀ ਨੇ ਸੰਤਾ ਨੂੰ ਵਿਦਿਆ ਪੜ੍ਹਾਉਣ ਲਈ ਬੇਨਤੀ ਕੀਤੀ। ਸੰਤ ਵਧਾਵਾ ਸਿੰਘ ਜੀ ਪੰਜਾਬੀ (ਗੁਰਮੁਖੀ) ਦੇ ਪਹਿਲੇ ਪੰਜ ਅੱਖਰ ਆਪਣੇ ਪਵਿੱਤਰ ਹੱਥ ਨਾਲ ਬਾਬਾ ਜੀ ਹੱਥ ਪਕੜ ਕੇ ਉੜਾ ਐੜਾ, ਈੜੀ, ਸੱਸਾ, ਹਾਹਾ ਪੰਜ ਵਾਰ ਬੁਲਾ ਕੇ ਫਿਰ ਲਿਖਵਾਏ ਪੰਜ ਵਾਰੀ ਅਖੀਰ ਬਚਨ ਕੀਤਾ "ਤੇਰਾ ਕੱਟਿਆ ਜਮਾਂ ਦਾ ਫਾਹਾ" ਪੁਰਾਤਨ-ਮਹਾਂਪੁਰਖ ਵੀ ਇਹ ਬਚਨ ਕਰਦੇ ਸਨ ਕਿ ਜਮਾਂ ਦਾ ਫਾਹਾ ਸਿਮਰਨ ਕਰਨ ਨਾਲ, ਸਾਧੂ ਦੀ ਸੇਵਾ ਕਰਨ ਨਾਲ ਕੱਟਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਨਿਤਨੇਮ ਦੀ ਤਾਕੀਦ ਹੋ ਜਾਂਦੀ ਸੀ। ਪਰ ਬਾਬਾ ਜੀ ਅਨੰਦ ਸਿੰਘ ਜੀ ਮਹਾਰਾਜ ਤਾਂ ਪਹਿਲਾਂ ਹੀ ਸਿਮਰਨ ਬਹੁਤ ਕਰਦੇ ਸਨ। ਉਨ੍ਹਾਂ ਨੇ ਤਾਂ ਸਿਮਰਨ ਸਿਦਕ, ਭਰੋਸੇ ਅਤੇ ਨਿਮਰਤਾ ਦੀਆਂ ਮਿਸਾਲਾਂ ਦੁਨੀਆ ਅੰਦਰ ਕਾਇਮ ਕੀਤੀਆਂ ਹਨ। ਇਸੇ ਹੀ ਤਰ੍ਹਾਂ ਬਾਬਾ ਜੀ ਮਹਾਰਾਜ ਦੀ ਹਜ਼ੂਰੀ ਸੇਵਾ ਦੀ ਮਿਸਾਲ ਬਾਬਾ ਈਸ਼ਰ ਸਿੰਘ ਜੀ ਨੇ ਕਾਇਮ ਕੀਤੀ ਜੋ ਦੁਨੀਆਂ 'ਚ ਹੋਰ ਸਾਧੂ ਸੰਪ੍ਰਦਾਇ ਅੰਦਰ ਘੱਟ ਮਿਲਦੀ ਹੈ।

ਹੁਣ ਬਾਬਾ ਜੀ ਨੇ ਪੜਾਈ ਸ਼ੁਰੂ ਕੀਤੀ ਜਿਵੇਂ –

**ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥**
**ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥**

(ਅੰਗ ੬੩੮)

ਉਪਰਲੀ ਅਵੱਸਥਾ ਵਿੱਚ ਸੰਤ ਵਧਾਵਾ ਸਿੰਘ ਜੀ ਸਨ ਜੋ ਸਭ ਨੂੰ

ਉਪਦੇਸ਼ ਕਰਦੇ ਸਨ ਓ.ਅ.ੲ. ਪੜ੍ਹਨ ਦੀ ਪੜਾਈ ਤਾਂ ਇੱਕ ਬਹਾਨੇ ਮਾਤਰ ਸੀ। ਅਸਲੀ ਪੜਾਈ ਤਾਂ ਇਹ ਸੀ। ਫੁਰਮਾਨ ਹੈ —

**ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥**
**ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿਹਾਰੁ ॥**
**(ਅੰਗ ੯੩੮)**

ਬਾਬਾ ਜੀ ਨੇ ਜਿਤਨੀ ਸੇਵਾ ਮਿਲਣੀ ਕਰ ਲੈਣੀ ਅਤੇ ਬਾਕੀ ਸਮਾਂ ਇਕਾਂਤ ਵਿੱਚ ਬੈਠ ਕੇ ਬਤੀਤ ਕਰਨਾ। ਇਥੇ ਕਰੀਰ, ਝਾੜ ਬਹੁਤ ਸਨ। ਇੱਕ ਬਹੁਤ ਵੱਡਾ ਸੱਪ ਰਹਿੰਦਾ ਸੀ। ਇਸ ਕਰਕੇ ਝਾੜ ਬਹੁਤ ਸਨ। ਇਸ ਕਰਕੇ ਉਥੇ ਕੋਈ ਨਹੀਂ ਜਾਂਦਾ ਸੀ। ਸੰਤ ਵਧਾਵਾ ਸਿੰਘ ਜੀ, ਬਾਬਾ ਜੀ ਅਨੰਦ ਸਿੰਘ ਜੀ ਦੀ ਬਿਰਤੀ ਵੇਖ ਕੇ ਅਸਚਰਜ ਰਹਿੰਦੇ ਸਨ। ਇੱਕ ਦਿਨ ਸੰਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਬੈਠੇ ਸਨ ਕਿ ਬਾਬਾ ਜੀ ਵੀ ਆ ਗਏ। ਨਮਸਕਾਰ ਕਰਨ ਉਪਰੰਤ ਨਿਮਰਤਾ ਸਹਿਤ ਬਾਬਾ ਜੀ ਨੇ ਬੇਨਤੀ ਕੀਤੀ। "ਮਹਾਰਾਜ ! ਦਾਸ ਨੂੰ ਸਤਿਗੁਰਾਂ ਦੇ ਦਰਸ਼ਨ ਕਰਾਓ।"

ਸੰਤ ਵਧਾਵਾ ਸਿੰਘ ਜੀ ਬਾਬਾ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅੰਦਰ ਲੈ ਗਏ ਅਤੇ ਰੁਮਾਲਾ ਚੁਕ ਕੇ ਕਹਿਣ ਲੱਗੇ "ਲਉ ਕਰ ਲਉ ਦਰਸ਼ਨ।"

ਬਾਬਾ ਜੀ ਨੇ ਬੇਨਤੀ ਕੀਤੀ "ਦਾਸ ਨੂੰ ਆਪਣੀ ਉਂਗਲੀ ਨਾਲ ਸਮਝਾ ਕੇ ਪਾਠ ਕਰਾਓ। ਮੁੱਢ ਤੋਂ ਸਿਖਿਆ ਦਿਓ। ਲਹਿਰੇ ਵਾਲਿਆਂ ਨੂੰ ਮੁੱਢ ਤੋਂ ਸਿੱਖਿਆ ਨਾਲ ਪੰਜ ਪਉੜੀਆਂ ਪੜਾਈਆਂ। ਬਾਅਦ ਵਿੱਚ ਸੰਤਾਂ ਨੇ ਹੁਕਮ ਨਾਮਾ ਲਿਆ ਸੋਰਠਿ ਦੀ ਵਾਰ ਦਾ ਸਲੋਕ ਸੀ।

**ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥**
**(ਸੋਰਠਿ ਕੀ ਵਾਰ ਅੰਗ ੬੫੩)**

ਬਾਬਾ ਜੀ ਨੇ ਪਿੱਛੇ ਇੱਕ ਹੀ ਪੰਗਤੀ ਪੜੀ ਤੇ ਬੈਰਾਗ ਨਾਲ ਨੇਤ੍ਰਾਂ ਦਾ ਨੀਰ ਗੰਗਾ, ਜਮਨਾ ਦੀ ਤਰ੍ਹਾਂ ਵਹਿ ਤੁਰਿਆ। ਛੇਤੀ ਨਾਲ ਬਾਹਰ

ਚਲੇ ਗਏ ਕੁਝ ਸਮਾਂ ਬੀਤ ਜਾਣ ਬਾਅਦ ਫਿਰ ਇੱਕ ਦਿਨ ਇਵੇਂ ਹੀ ਹੋਇਆ ਸ਼ਬਦ ਪੜਿਆ

**ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ**
**ਹਰਿ ਰਸਕਿ ਰਸਕਿ ਫਲ ਲਾਗਿਬਾ॥**

(ਅੰਗ ੬੯੭)

ਇਹ ਸ਼ਬਦ ਸੁਣਕੇ ਹਜ਼ੂਰ ਬਾਬਾ ਜੀ ਉਥੇ ਨਾ ਠਹਿਰ ਸਕੇ ਬਾਹਰ ਨੂੰ ਚਲੇ ਗਏ। ਬਾਬਾ ਜੀ ਦੀ ਇਹ ਅਵੱਸਥਾ ਦੇਖ ਕੇ ਸੰਤ ਵਧਾਵਾ ਸਿੰਘ ਜੀ ਸੋਚਣ ਲੱਗੇ ਕਿ ਜਿਹੜੀ ਪੜਾਈ ਇਨ੍ਹਾਂ ਪੜਨੀ ਹੈ ਉਹ ਤਾਂ ਭੁੱਚੋਂ ਵਾਲੇ ਬਾਬਾ ਜੀ ਹੀ ਪੜਾ ਸਕਦੇ ਹਨ। ਕੁਝ ਅਰਸੇ ਬਾਅਦ ਸੰਤ ਵਧਾਵਾ ਸਿੰਘ ਨੇ ਬਾਬਾ ਜੀ ਦਾ ਨਾਮ ਪੁੱਛਿਆ ਤਾਂ ਬਾਬਾ ਜੀ ਨੇ ਆਪਣਾ ਨਾਮ ਸੰਗਤ ਸਿੰਘ ਦੱਸਿਆ। ਪਰ ਸੰਤਾਂ ਨੇ ਹੁਕਮਨਾਮਾ ਲਿਆ ਤੇ ਸ਼ਬਦ ਆਇਆ।

ਧਨਾਸਰੀ ਬਾਣੀ ਭਗਤ ਤ੍ਰਿਲੋਚਨ ਜੀ ਕੀ —

**ਨਾਰਾਇਣ ਨਿੰਦਸ ਕਾਇ ਭੂਲੀ ਗਵਾਰੀ॥**

(ਅੰਗ ੬੯੫)

ਇਹ ਸ਼ਬਦ ਦੇ ਅਧਾਰ ਤੇ ਆਪ ਜੀ ਦਾ ਨਾਮ ਨੰਦ ਸਿੰਘ ਰੱਖਿਆ। ਫਿਰ ਅੱਖਰ 'ਅ' ਅੱਗੇ ਲਾਇਆ ਸੀ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਨੇ। ਕੁਝ ਦਿਨਾਂ ਬਾਅਦ ਸੰਤ ਵਧਾਵਾ ਸਿੰਘ ਜੀ ਬਾਬਾ ਜੀ ਨੂੰ ਨਾਲ ਲੈ ਕੇ ਭੁੱਚੋਂ ਪਹੁੰਚ ਗਏ। ਇਸ ਵੇਲੇ ਇਹ ਪੰਜ ਸਿੰਘ ਹਰੀ ਸਿੰਘ ਨਿਹੰਗ, ਭਗਵਾਨ ਸਿੰਘ, ਪੰਡਿਤ ਕਿਸ਼ਨ ਸਿੰਘ ਸੰਤ ਵਧਾਵਾ ਸਿੰਘ ਜੀ ਦੇ ਰੂਪ ਵਿੱਚ ਸਨ। ਰਸਤੇ ਵਿੱਚ ਹਰੀ ਸਿੰਘ ਨਿਹੰਗ ਪੁੱਛਣ ਲੱਗਾ "ਆਪਾਂ ਭੁਚੋਂ ਜਾ ਰਹੇ ਹਾਂ ਪਰ, ਉਨ੍ਹਾਂ ਪ੍ਰਤੀ ਮੇਰੇ ਅੰਦਰ ਕੁਝ ਸ਼ੰਕੇ ਹਨ। ਸੰਤ ਵਧਾਵਾ ਸਿੰਘ ਜੀ ਕਿਹਾ "ਸਿੰਘਾ ਮਹਾਂਪੁਰਖਾਂ ਪ੍ਰਤੀ ਕੋਈ ਸ਼ੰਕਾ ਨਹੀਂ ਕਰੀਦਾ, ਉਹ ਤਾਂ ਸਮਰੱਥ ਹਨ, ਆਪ ਪ੍ਰਮੇਸ਼ਰ ਰੂਪ ਹਨ।"

"ਮੈਂ ਤਾਂ ਹੀ ਮੰਨਾਗਾ ਜੇ ਮੇਰਾ ਨਾਮ ਲੈ ਕੇ ਬਲਾਉਣਗੇ।" ਹਰੀ ਸਿੰਘ ਨੇ ਕਿਹਾ।

ਪਰ ਇਸ ਨੂੰ ਫਿਰ ਅੱਗੋਂ ਆਖਿਆ, ਹੁਣ ਨਿਹੰਗ ਤੇ ਸਾਥੀ ਤਰ੍ਹਾਂ ਤਰ੍ਹਾਂ ਦੀਆਂ ਅਵਾਜ਼ਾਂ ਦਿੰਦੇ ਜਾ ਰਹੇ ਹਨ ਜਿਵੇਂ ਨਦੀ ਦਾ ਪਾਣੀ ਧਰਤੀ ਦੀ ਹਿੱਕ ਤੇ ਗੜਗਹਾਟ ਪਾਉਂਦਾ ਅਵਾਜ਼ ਦਿੰਦਾ ਜਾ ਰਿਹਾ ਹੁੰਦਾ ਹੈ ਪਰ ਸਮੁੰਦਰ ਵਿੱਚ ਜਾ ਕੇ ਆਪਣੀ ਪਛਾਣ ਵੀ ਨਹੀਂ ਰੱਖ ਸਕਦਾ। ਇਸੇ ਤਰ੍ਹਾਂ ਹਰੀ ਸਿੰਘ ਨਦੀ ਦੇ ਪਾਣੀ ਦੀ ਤਰ੍ਹਾਂ ਅਵਾਜ਼ਾਂ ਦਿੰਦੇ ਜਾ ਰਹੇ ਹਨ ਸਮੁੰਦਰ ਵਰਗੀ ਵਿਸ਼ਾਲ ਤਾਕਤ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਵੱਲ ਜਿਵੇਂ—

**ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥**

(ਮਾਝ ਕੀ ਵਾਰ, ਅੰਗ ੧੫੦)

ਭੁੱਚੋਂ ਪਹੁੰਚ ਕੇ ਸੰਤਾਂ ਨੇ ਸੇਵਾਦਾਰ ਨੂੰ ਬਾਬਾ ਜੀ ਅੱਗੇ ਬੇਨਤੀ ਕਰਨ ਲਈ ਕਿਹਾ "ਕਿ ਲਹਿਰੇ ਖਾਨੇ ਵਾਲੇ ਸੰਤ ਵਧਾਵਾ ਸਿੰਘ ਤੇ ਉਨ੍ਹਾਂ ਦੇ ਸੰਗੀ ਦਰਸ਼ਨ ਕਰਨ ਆਏ ਹਨ "ਆਗਿਆ ਹੈ"

ਸੇਵਕ ਨੇ ਜਾ ਬੇਨਤੀ ਕੀਤੀ। ਹਜ਼ੂਰ ਨੇ ਹੁਕਮ ਦਿੱਤਾ "ਆਉਣ ਦਿਉ।" ਆਗਿਆ ਮਿਲਣ ਤੇ ਸੰਤ ਵਧਾਵਾ ਸਿੰਘ ਜੀ ਅੱਗੇ ਹੋ ਗਏ ਤੇ ਬਾਕੀ ਪਿੱਛੇ ਹੋ ਟਿੱਲੇ ਉੱਪਰ ਚੜ੍ਹਣ ਲੱਗੇ। ਹਜ਼ੂਰ ਆਸਣ ਤੋਂ ਉੱਠ ਕੇ ਬਾਹਰ ਆ ਗਏ ਅਤੇ ਆਉਂਦਿਆਂ ਹੀ ਬਚਨ ਕੀਤਾ "ਵਧਾਵਾ ਸਿੰਘ ਆਗਿਆ ਹੈ।" ਫਿਰ ਹਰੀ ਸਿੰਘ ਵੱਲ ਮੁਖਾਤਿਬ ਹੋ ਕੇ ਬਚਨ ਕੀਤਾ–

**ਗਤ ਜਾਤ ਦੰਗਾ ਹੈ ਤੇਰੀ, ਹੈ ਤੂੰ ਅੜੀਅਲ ਚੱਟੂ॥**
**ਸੁਖਾ ਪੀਵੇ ਖਾਏਂ ਅਫੀਮਾਂ, ਵੇਹਲਾ ਪੁਰਸ਼ ਨਿਖੱਟੂ॥**
**ਤੂੰ ਕਹਿੰਦਾ ਸੀ ਲੈ ਕੇ ਮੇਰਾ ਨਾਮ ਬੁਲਾਵਣ, ਨਹੀਂ ਮੈ ਪਾਸਾ ਵੱਟੂ॥**
**ਆ ਬਈ ਹਰੀ ਸਿੰਘ ਨਿਹੰਗ ਮੱਥਾ ਟੇਕ ਸੁ ਹਿੱਟੂ॥**

(ਕਰਤਾ ਗਿਆਨੀ ਮੇਹਰ ਸਿੰਘ ਜੈਦ-ਕਲੇਰਾ ਤੋਂ)

ਸੰਤ ਵਧਾਵਾ ਸਿੰਘ ਜੀ ਦੇ ਨਮਸਕਾਰ ਕਰਨ ਤੋਂ ਪਹਿਲਾਂ ਹੀ ਹਰੀ ਸਿੰਘ ਨਿਹੰਗ ਚਰਨਾਂ ਤੇ ਢਹਿ ਪਿਆ। ਕੁਝ ਸਮਾਂ ਚੁਪ ਵਰਤੀ ਰਹੀ।

ਫਿਰ ਹਜ਼ੂਰ ਨੇ ਬਾਬਾ ਨੰਦ ਸਿੰਘ ਜੀ ਵੱਲ ਤੱਕ ਕੇ ਬਚਨ ਕੀਤਾ।

"ਸ਼ੁਧ ਹੈ" ਸਾਡਾ ਬੰਦਾ ਸਾਡੇ ਕੋਲ ਪਹੁੰਚ ਗਿਆ ਹੈ। ਹੁਣ ਅਸੀਂ ਜਾਣਦੇ ਹਾਂ ਇਹ। (ਬਾਬਾ ਜੀ ਅਨੰਦ ਸਿੰਘ ਜੀ ਵੱਲ ਇਸ਼ਾਰਾ ਸੀ) ਅਸੀਂ ਕਦੋਂ ਦੇ ਆਏ ਹੋਏ ਹਾਂ, ਤੂੰ ਇਨ੍ਹਾਂ ਚਿਰ ਕਿਥੇ ਰਿਹਾ ਆਉਣਾ ਤਾਂ ਪਹਿਲਾਂ ਚਾਹੀਦਾ ਸੀ।"

ਅੱਗੋਂ ਬਾਬਾ ਅਨੰਦ ਸਿੰਘ ਜੀ ਨੇ ਹੱਥ ਜੋੜ ਬੇਨਤੀ ਕੀਤੀ "ਪਾਤਸ਼ਾਹ ਸਭ ਕੁਝ ਆਪ ਦੇ ਹੱਥ ਹੈ।" ਜਿਵੇਂ

**ਜੀਅ ਜੰਤ ਤੇਰੇ ਧਾਰੇ॥ ਪ੍ਰਭ ਡੋਰੀ ਹਾਥਿ ਤੁਮਾਰੇ॥**

**(ਸੋਰਠਿ ਮ: ੫)**

ਆਗਿਆ ਮਿਲਣ ਤੋਂ ਬਾਅਦ ਸੰਤ ਵਧਾਵਾ ਸਿੰਘ ਜੀ ਅਤੇ ਹਰੀ ਸਿੰਘ ਲਹਿਰੇ ਖਾਨੇ ਨੂੰ ਚੱਲ ਪਏ। ਰਸਤੇ ਵਿੱਚ ਸੰਤਾਂ ਨੂੰ ਹਰੀ ਸਿੰਘ ਨੂੰ ਪੁੱਛਿਆ "ਸ਼ੰਕੇ ਦੂਰ ਹੋ ਗਏ।"

"ਮਹਾਰਾਜ ! ਮੈਂ ਤਾਂ ਅਭੋਲ ਹੀ ਸੀ ਇਥੇ ਤਾਂ ਕੁਝ ਹੋਰ ਹੀ ਵੇਖਿਆ। ਇਹ ਤਾਂ ਪ੍ਰਮੇਸ਼ਰ ਦਾ ਰੂਪ ਆਪ ਛਿਪੇ ਬੈਠੇ ਹਨ।" ਨਿਹੰਗ ਨੇ ਉਤਰ ਦਿੱਤਾ।

ਸੰਤ ਵਧਾਵਾ ਸਿੰਘ ਜੀ ਨੇ ਬਚਨ ਕੀਤਾ ਹਰੀ ਸਿੰਘ ਇਹ ਪੂਰਨ ਕਰਤੇ ਪੁਰਖ ਦਾ ਸਰੂਪ ਹਨ। ਇਹ ਤਾਂ ਦੁਨੀਆਂ ਦੇ ਭਲੇ ਲਈ ਆਏ ਹਨ। ਇਹ ਸਰਬ ਸ਼ਕਤੀਮਾਨ ਦੁਨੀਆਂ ਨੂੰ ਅੰਧਕਾਰ ਤੋਂ ਕੱਢਣ ਲਈ ਆਪਣੇ ਬੋਲਾਂ ਕਰਮਾਂ ਤੇ ਵਿਚਾਰਾਂ ਦੀ ਰੋਸ਼ਨੀ ਲੈ ਕੇ ਆਏ ਹਨ ! ਇਨ੍ਹਾਂ ਦੀ ਉਸਤਤੀ ਕਹਿਣ ਸੁਨਣ ਤੋਂ ਵੀ ਉਚੇਰੀ ਹੈ। ਆਪਣੀ ਗਤ ਆਪ ਹੀ ਜਾਣਦੇ ਹਨ।

**ਖੰਡ ਬ੍ਰਹਮੰਡ ਬੇਅੰਤ ਉਧਾਰਣਹਾਰਿਆ॥**
**ਤੇਰੀ ਸੋਭਾ ਤੁਧੁ ਸਚੇ ਮੇਰੇ ਪਿਆਰਿਆ॥**

**(ਰਾਮਕਲੀ ਕੀ ਵਾਰ ਅੰਗ ੯੬੩)**

(ਪੰਡਿਤ ਕਿਸ਼ਨ ਸਿੰਘ ਦੇ ਦੱਸਣ ਅਨੁਸਾਰ ਹੈ)

# ਆਪੇ ਹੀਰਾ ਰਤਨੁ ਅਮੋਲੋ ॥
# ਆਪੇ ਨਦਰੀ ਤੋਲੇ ਤੋਲੋ ॥

*(ਅੰਗ ੧੦੫੩)*

ਮਨੁੱਖ ਆਪਣੀ ਸੋਚਣ ਸ਼ਕਤੀ ਮੁਤਾਬਿਕ ਪ੍ਰਭੂ ਦੀ ਤੁਲਨਾ ਦੁਨਿਆਵੀਂ ਪਦਾਰਥਾਂ ਨੂੰ ਪਹਿਲ ਦਿੰਦਾ ਹੈ ਪਰ ਇਹ (ਪ੍ਰਭੂ ਦੀ ਕਿਰਪਾ) ਅਮਲੋਕ ਹੀਰੇ, ਜਵਾਹਰਾਤ ਰਤਨਾਂ ਤੋਂ ਬਹੁਮੁੱਲੀ ਪਦਾਰਥ ਹੈ ਜਿਸ ਨੇ ਇਸ ਨੂੰ ਪ੍ਰਾਪਤ ਕਰ ਲਿਆ ਹੈ ਉਹ ਹੀ ਇਸ ਦੀ ਕੀਮਤ ਜਾਣ ਸਕਦਾ ਹੈ। ਜਿਸ ਨੇ ਇਸ ਨੂੰ ਪਰਖਿਆ ਨਹੀਂ ਉਹ ਇਸ ਦੇ ਮਾਪ ਤੋਲ ਦੇ ਪੈਮਾਨਿਆਂ ਨੂੰ ਕੀ ਜਾਣੈ। ਹੇ ਪ੍ਰਾਣੀ ਜੇ ਇਹ ਹੀਰੇ ਜਵਾਹਰਾਤ ਤੋਂ ਵੀ ਕੀਮਤੀ ਤੇ ਸੱਚੇ ਦੀ ਦਰਗਾਹ ਅੰਦਰ ਮੁਕਤੀ ਦਿਵਾਉਣ ਵਾਲੇ ਪਦਾਰਥਾਂ ਦਾ ਵਪਾਰੀ ਬਨਣਾ ਹੈ ਤਾਂ ਉਸ ਪ੍ਰਮੇਸ਼ਰ ਦਾ ਸਿਮਰਨ ਕਰ ਅਤੇ ਆ ਜੁੜ ਪੂਰਨ ਮਹਾਂਪੁਰਖ ਦੀ ਸੰਗਤ ਨਾਲ, ਜਿਨ੍ਹਾਂ ਭਗਤਾਂ ਦੇ ਮਨ ਅੰਦਰ ਪ੍ਰਮਾਤਮਾ ਦੀ ਵਡਿਆਈ ਵੱਸਦੀ ਹੈ। ਸ੍ਰਿਸ਼ਟੀ ਪ੍ਰਮਾਤਮਾਂ ਦੀ ਰਚਨਾ ਹੈ, ਇਸ ਨਾਸ਼ਵਾਨ ਸੰਸਾਰ ਤੋਂ ਸਰੀਰ ਤਿਆਗ ਰਹੇ ਲੋਕਾਂ ਨੂੰ ਦੇਖ ਕੇ ਵੀ ਇਨਸਾਨ ਆਪਣੇ ਆਪ ਨੂੰ ਅਸਥਿਰ ਤੇ ਅਮਰ ਸਮਝਦੇ ਹਨ। ਇਸ ਜੀਵ ਨੇ ਪੰਜ ਵਿਕਾਰਾਂ ਦੇ ਵੱਸ ਹੋ ਕੇ ਪ੍ਰਮਾਤਮਾ ਨੂੰ ਭੁਲਾ ਦਿੱਤਾ ਹੈ। ਪੁੱਤਰਾਂ ਮਿਤਰਾਂ ਤੇ ਮਾਇਆ ਦੇ ਮੋਹ ਦੇ ਬੰਧਨ ਵਿੱਚ ਆਪਣੇ ਆਪ ਨੂੰ ਇਉਂ ਜਕੜ ਲੈਂਦਾ ਹੈ ਜਿਵੇਂ ਮ੍ਰਿਗ ਰੇਗਿਸਤਾਨ ਜਾਂ ਮਾਰੂਥਲ ਵਿੱਚ ਚਮਕਦੀ ਰੇਤ ਨੂੰ ਪਾਣੀ ਸਮਝ ਕੇ ਉਸ ਦੀ ਪ੍ਰਾਪਤੀ ਲਈ ਭਟਕਦਾ ਹੈ ਅਤੇ ਆਖਿਰ ਜਾਨ ਦੇ ਦਿੰਦਾ ਹੈ। ਅਜਿਹੀ ਹਾਲਤ ਮਾਨਵ ਦੀ ਹੈ ਜੋ ਕੂੜ ਦੇ ਸੰਸਾਰ ਨੂੰ ਅਸਲੀਅਤ ਅਤੇ ਸੁੱਖ ਰੂਪ ਸਮਝਕੇ ਭਟਕ ਰਿਹਾ ਹੈ ਇਹੋ ਜਿਹੀ ਭਟਕਣਾ ਤੋਂ ਛੁਟਕਾਰਾ ਮਿਲਦਾ ਹੈ ਮਹਾਂਪੁਰਖਾਂ ਦੀ ਸੰਗਤ ਕਰਿਆਂ, ਚਰਨ ਸ਼ਰਨ ਆਇਆਂ ਪਰ ਇਹ ਮਿਲਦੀ ਹੀ ਪੁਰਬਲੇ ਕਰਮਾਂ ਦੇ ਧਨੀ ਨੂੰ ਹੈ।

ਸੰਤ ਵਧਾਵਾ ਸਿੰਘ ਜੀ ਦੇ ਚਲੇ ਜਾਣ ਤੋਂ ਬਾਅਦ ਸੰਤ ਬਾਬਾ ਜੀ

ਅਨੰਦ ਸਿੰਘ ਜੀ ਨੂੰ ਮਹਾਂਪੁਰਖ ਬਾਬਾ ਜੀ ਨੇ ਆਪਣੇ ਪਾਸ ਬੁਲਾਇਆ ਅਤੇ ਇੱਕ ਸ਼ਬਦ ਦੱਸੇ ਕੇ ਉਸ ਨੂੰ ਜਪਣ ਦਾ ਹੁਕਮ ਦਿੱਤਾ ਬਾਬਾ ਜੀ ਅਨੰਦ ਸਿੰਘ ਜੀ ਨੇ "ਸਤਿ ਬਚਨ ਕਹਿ ਕੇ ਸਿਰ ਝੁਕਾ ਦਿੱਤਾ। ਹਜ਼ੂਰ ਦਾ ਹੁਕਮ ਸੀ "ਇਕਾਂਤ ਜਗ੍ਹਾ ਨਿਵਾਸ ਕਰੋ। ਇਕ ਸਮੇਂ ਹਰ ਰੋਜ਼ ਦਰਸ਼ਨ ਕਰ ਜਾਇਆ ਕਰੋ।"

ਇਸ ਤੋਂ ਉਪਰੰਤ ਇਕਾਂਤ ਵਿੱਚ ਜਾ ਕੇ ਨਿਤਨੇਮ ਦੇ ਨਾਲ ਹੀ ਸ਼ਬਦ ਦੇ ਅਭਿਆਸ ਵਿੱਚ ਲੀਨ ਹੋ ਗਏ। ਕੁਝ ਹੀ ਦਿਨਾਂ ਬਾਅਦ ਰਿਧੀਆਂ ਸਿਧੀਆਂ ਅਤੇ ਗੁਪਤ ਸ਼ਕਤੀਆਂ ਪ੍ਰਤੱਖ ਰੂਪ ਵਿੱਚ ਸਾਹਮਣੇ ਆਉਣ ਲੱਗ ਪਈਆਂ। ਇੱਕ ਦਿਨ ਸੁਭਾਵਕ ਹੀ ਆਪ ਨੇ ਉਨ੍ਹਾਂ ਨੂੰ ਬਚਨ ਕੀਤਾ 'ਤੁਸੀਂ ਕੌਣ ਹੋ ਭਾਈ।'

ਉਨ੍ਹਾਂ ਉੱਤਰ ਦਿੱਤਾ" ਮਹਾਰਾਜ ! ਅਸੀਂ ਨਿਰੰਕਾਰ ਦੀਆਂ ਗੁਪਤ ਸ਼ਕਤੀਆਂ ਰਚੀਆਂ ਹੋਈਆਂ ਹਾਂ।

ਬਾਬਾ ਜੀ ਨੇ ਬਚਨ ਕੀਤਾ "ਕਿ ਇਥੇ ਕੀ ਲੈਣ ਆਈਆਂ ਹੋ।" ਉੱਤਰ ਸੀ "ਤੁਸੀਂ ਸਾਨੂੰ ਯਾਦ ਕੀਤਾ ਅਤੇ ਅਸੀਂ ਚਲੀਆਂ ਆਈਆ। ਜਿਹੜਾ ਸ਼ਬਦ ਤੁਸੀਂ ਜਪ ਰਹੇ ਹੋ, ਉਥੇ ਅਸੀਂ ਹਾਜ਼ਰ ਹੁੰਦੀਆਂ ਹਾਂ ਜਿਥੇ ਇਹ ਦਾ ਜਾਪ ਹੋਵੇਗਾ।"

ਜਵਾਬ ਸੁਣ ਕੇ ਬਾਬਾ ਜੀ ਹੈਰਾਨ ਹੋ ਗਏ ਵਿਚਾਰ ਆਈ ਕਿ ਹੁਣ ਕੀ ਕੀਤਾ ਜਾਵੇ ਇਨ੍ਹਾਂ ਚੀਜ਼ਾਂ ਦੀ ਸਾਨੂੰ ਲੋੜ ਨਹੀਂ ਪਰ ਮਾਲਿਕ ਅੱਗੇ ਇਨਕਾਰ ਕਿਵੇਂ ਕਰੀਏ ਬੋਲਣਾ ਠੀਕ ਨਹੀਂ ਅਸੀਂ ਇਨ੍ਹਾਂ ਚੀਜ਼ਾਂ ਦੀ ਲੋੜ ਨਹੀਂ ਸਮਝਦੇ।

**ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥**

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ —

**ਸੋਇਨਾ ਰੁਪਾ ਲਖ ਮਣਾ, ਲਖ ਭਰੇ ਭੰਡਾਰਾ ॥**
**ਮੋਤੀ ਮਾਣਿਕ ਹੀਰਿਆ, ਬਹੁ ਮੋਲ ਅਪਾਰਾ ॥**
**ਦੇਸ ਵੇਸ ਲਖ ਰਾਜ ਭਾਗ, ਪਰਗਣੇ ਹਜਾਰਾ ॥**
**ਰਿਧੀ ਸਿਧੀ ਜੋਗ ਭੋਗ ਅਭਰਣ ਸੀਗਾਰਾ ॥**

**ਕਾਮ ਧੇਨੁ ਲਖ ਪਾਰਿਜਾਤਿ, ਚਿੰਤਾਮਣਿ ਪਾਰਾ॥**
**ਚਾਰ ਪਦਾਰਥ ਸਗਲ ਫਲ, ਲਖ ਲੋਭ ਲੁਭਾਰਾ॥**
**ਗੁਰਸਿਖ ਪੋਹ ਨ ਹੰਘਨੀ, ਸਾਧ ਸੰਗਿ ਉਧਾਰਾ॥**

**(ਵਾਰ ੩੮ ਪਉੜੀ ੪)**

**ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰਸਿਖ ਮੰਗੈ॥**
**ਅਠਸਿਧਿ ਨਿਧੀ ਨਵੈ ਰਿਧਿ ਨ ਗੁਰਸਿਖ ਢਾਕੈ ਟੰਗੈ॥**
**ਕਾਮਧੇਣੁ ਲਖ ਲਖਮੀ ਪਹੁੰਚ ਨ ਹੰਘੈ ਢੰਗਿ ਸੁਢੰਗੈ॥**
**ਲਖ ਪਾਰਸ ਲਖ ਪਾਰਿਜਾਤ ਹਥਿ ਨ ਛੁਹਦਾ ਫਲ ਨ ਅਭੰਗੈ॥**
**ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ॥**
**ਪੀਰ ਮੁਰੀਦੀ ਗਾਖੜੀ ਇਕਸ ਅੰਗਿ ਨ ਅੰਗਣਿ ਅੰਗੈ॥**
**ਗੁਰ ਸਿਖ ਦੂਜੈ ਭਾਵਹੁ ਸੰਗੈ॥**

**(ਵਾਰ ੨੮ ਪਉੜੀ ੨)**

ਇਹੋ ਜਿਹੀਆਂ ਸ਼ਕਤੀਆਂ ਕਠਿਨ ਕਮਾਈ ਵਾਲਿਆਂ ਨੂੰ ਹੀ ਪ੍ਰਾਪਤ ਹੁੰਦੀਆਂ ਹਨ। ਜਿਨੀ ਕਠਿਨ ਕਮਾਈ ਇਨ੍ਹਾਂ ਮਹਾਂਪੁਰਖਾਂ ਦੀ ਨੂੰ ਸਮਝਣਾ ਔਖਾ ਹੈ ਉਨ੍ਹਾਂ ਹੀ ਇਨਾਂ ਦੀ ਪਰਕਿਰਤਕ ਖੇਡ ਨੂੰ ਸਮਝਣਾ ਔਖਾ ਹੈ। ਇਹ ਜੋ ਵੀ ਕਰਦੇ ਸਨ ਪ੍ਰਤੱਖ ਨਹੀਂ। ਇਨਸਾਨ ਨੂੰ ਆਪਣੀ ਤਾਕਤ ਦਾ ਅਹਿਸਾਸ ਨਹੀਂ ਹੋਣ ਦਿੰਦੇ ਸਨ।

(ਇਹ ਬਚਨ ਬਾਬਾ ਅਨੰਦ ਸਿੰਘ ਜੀ ਦੇ ਹਜ਼ੂਰੀ ਸੇਵਕ ਬਾਬਾ ਹਜ਼ੂਰ ਸਿੰਘ ਜੀ ਤੋਂ ਮਿਲਿਆ)

## ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ॥
## ਹਮਰੀ ਬੇਦਨਿ ਤੂ ਜਾਨਤਾ ਸਾਹਾ,
## ਅਵਰੁ ਕਿਆ ਜਾਨੈ ਕੋਇ॥

**(ਧਨਾਸਰੀ ਮ: ੪ ਅੰਗ ੬੭੦)**

ਪ੍ਰਮੇਸ਼ਰ ਤੇਰੇ ਦਰਸ਼ਨ ਮੇਰੇ ਲਈ ਦੁਰਲੱਭ ਨਿਆਮਤ ਹੈ। ਮੇਰੀ ਜ਼ਿੰਦਗੀ ਦਾ ਆਨੰਦ, ਖ਼ੁਸ਼ੀ, ਅਤੇ ਸੁਖ ਤੇਰੇ ਦੀਦਾਰ ਵਿੱਚ ਹੀ ਹੈ। ਪ੍ਰਭੂ ਨੇ ਆਪਣੀ

ਕਲਾਂ ਵਰਤਾ ਕੇ ਅਦਭੁੱਤ ਸ੍ਰਿਸ਼ਟੀ ਦੀ ਸਾਧਨਾ ਕੀਤੀ ਹੈ ਜਿਵੇਂ ਅਕਾਸ਼ ਵਿੱਚ ਸੂਰਜ,ਚੰਦਰਮਾਂ ਤਾਰਿਆਂ ਦਾ ਚਮਕੀਲਾ ਰੂਪ, ਧਰਤੀ ਉੱਤੇ ਅਨੇਕਾਂ ਪ੍ਰਕਾਰ ਦੀ ਬਨਸਪਤੀ, ਪਹਾੜਾਂ ਦੀਆਂ ਚੋਟੀਆਂ, ਫੁਟਦੇ ਹੋਏ ਚਸ਼ਮੇ, ਸਮੁੰਦਰ ਦੇ ਪਾਨੀ ਦੀਆਂ ਲਹਿਰਾਂ, ਇਨਸਾਨੀ ਖੋਜ ਦੁਆਰਾ ਅਨੇਕ ਪ੍ਰਕਾਰ ਦੇ ਅਜੂਬੇ ਹਨ। ਪਰ ਇਨ੍ਹਾਂ ਦੇ ਦਰਸ਼ਨ ਕਰਨ ਨਾਲ ਸੁਖ ਦੀ ਪ੍ਰਾਪਤ ਨਹੀਂ ਹੁੰਦੀ। ਇਸੇ ਲਈ ਤਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੇਰੇ ਨਾਮ ਨੂੰ ਦਰਸ਼ਨ ਨੂੰ ਹੀ ਸੁਖਾਂ ਦੀ ਮਨੀ ਐਲਾਨਿਆ ਹੈ। ਗੁਰਮੁਖਾਂ ਦੇ ਮੁਖ ਤੋਂ ਆਪ ਦੀ ਉਸਤਤੀ ਕਰਵਾਉਣ ਲਈ ਸੁਖਮਨੀ ਸਾਹਿਬ ਦੀ ਬਾਣੀ ਦਾ ਉਚਾਰਣ ਕੀਤਾ ਹੈ ਜਿਸ ਹਿਰਦੇ ਇਹ ਸੁਖਾਂ ਦੀ ਮਨੀ ਨਿਵਾਸ ਕਰਦੀ ਹੈ, ਉਨ੍ਹਾਂ ਸੱਚੇ ਵਪਾਰੀਆਂ ਨੂੰ ਦਰਗਾਹ ਅੰਦਰ ਪਰਮ ਪਦਵੀ ਪ੍ਰਾਪਤ ਹੁੰਦੀ ਹੈ ਇਹ ਪਦਵੀ ਮਹਾਂਪੁਰਖਾਂ ਦੀ ਕ੍ਰਿਪਾ ਦੁਆਰਾ ਗੁਰਮੁਖ ਜਨ ਪਾਉਂਦੇ ਹਨ ਤੇ ਫਿਰ 'ਧਰੂ ਤਾਰੇ ਦੇ ਤਰ੍ਹਾਂ ਸੰਸਾਰ ਅੰਦਰ ਚਮਕਦੇ ਹਨ। ਮਨਮੁਖ ਤਾਂ ਇੱਕ ਟੁਟੇ ਤਾਰੇ ਦੀ ਤਰ੍ਹਾਂ ਹੈ ਜੋ ਅਕਾਸ਼ ਵਿੱਚ ਤੇਜ ਗਤੀ ਨਾਲ ਆਪਣੀ ਚਮਕ ਖਿਲਾਰ ਕੇ ਸਿਮਟ ਜਾਂਦਾ ਹੈ ਉਹ ਆਪਣੀ ਛਿਨ ਭਰ ਦੀ ਜ਼ਿੰਦਗੀ ਮੋਹ ਮਾਇਆ ਵਿੱਚ ਮਸਤ ਹੋ ਕੇ ਬੇਅਰਥ ਗਵਾ ਦਿੰਦਾ ਹੈ। ਮਾਇਆ ਦਾ ਪ੍ਰਕਾਸ਼ ਦੁਨੀਆਂ ਅੰਦਰ ਖਿਲਾਰਦਾ ਹੈ ਪਰ ਆਪਣੀ ਜ਼ਿੰਦਗੀ ਦੀਵੇ ਹੇਠ ਹਨ੍ਹੇਰ ਵਾਂਗੂ ਹੀ ਚਲੀ ਜਾਂਦੀ ਹੈ ਪਰ ਪ੍ਰਭੂ ਦਾ ਸਿਮਰਨ ਕਰਨ ਵਾਲੇ ਸੂਰਜ ਦੀ ਤਰ੍ਹਾਂ ਪ੍ਰਕਾਸ਼ਵਾਨ ਹੋ ਕੇ ਸਦੀਵੀ ਕਾਲ ਤਕ ਚਿਰੰਜੀਵ ਰਹਿੰਦੇ ਹਨ, ਕਿਉਂਕਿ ਉਨ੍ਹਾਂ ਨੇ ਆਪਣਾ ਸਭ ਕੁਝ ਪ੍ਰਮੇਸ਼ਰ ਦੀ ਭਗਤੀ ਅੰਦਰ ਹੀ ਸਮਰਪਿਤ ਕੀਤਾ ਹੁੰਦਾ ਹੈ ਉਨ੍ਹਾਂ ਦੀ ਹਿਰਦੇ ਇਹੀ ਅਵਾਜ਼ ਹੁੰਦੀ ਹੈ "**ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ**"। ਤੂੰ ਸਾਡੇ ਦੁਖ ਸੁਖ ਆਪ ਜਾਣਦਾ ਹੈਂ। ਵੱਡੇ ਵੱਡੇ ਬ੍ਰਹਮ ਗਿਆਨੀ ਕਹਿੰਦੇ ਆਏ ਹਨ ਕਿ ਨਿਰੰਕਾਰ ਤੇ ਭਰੋਸਾ ਰੱਖਿਆ ਸਭ ਕਾਰਜ ਰਾਸ ਹੁੰਦੇ ਹਨ ਤੇ ਲੋਕ ਪ੍ਰਲੋਕ ਸੁਧਰਦਾ ਹੈ ਢੋਈ ਮਿਲਦੀ ਹੈ। ਪਰ ਅਜੋਕਾ ਪੜ੍ਹਿਆ ਲਿਖਿਆ ਤਬਕਾ ਭੌਤਿਕਵਾਦੀ ਹੈ। ਕਈ ਲੋਕ ਅਜਿਹੇ ਹਨ ਜੋ ਰੱਬ ਤੋਂ ਓਪਰਾ ਜਿਹਾ ਭੈ ਖਾਂਦੇ ਹਨ, ਮਨੌਤਾਂ ਮੰਨਦੇ ਹਨ ਪਰ ਉਨ੍ਹਾਂ ਅੰਦਰ ਕਿਸ ਸਰਬ ਸਮਰਥਵਾਨ ਦੀ ਅਗਮੀ ਰੱਬ ਤਾਂ ਦਾ ਵਿਸ਼ਵਾਸ ਨਹੀਂ ਬਲਕਿ ਫੋਕਾ (ਥੋਥਾ) ਡਰ ਜਿਹਾ ਹੁੰਦਾ ਹੈ। ਘੱਟ ਹੀ ਲੋਕ ਹਨ ਜੋ ਸਹੀ ਅਰਥਾਂ ਵਿੱਚ

ਗੁਰਮੁਖ ਹਨ ਤੇ ਵਾਹਿਗੁਰੂ ਦੇ ਸਨਮੁਖ ਜੀਵਨ ਜੀਉਂਦੇ ਹਨ। ਇਸ ਨਾਸਤਕਵਾਦੀ ਵਿਚਾਰਧਾਰਾ ਦਾ ਕਾਰਨ ਆਤਮਿਕ ਵਿਦਿਆ ਦੀ ਸੋਝੀ ਦਾ ਨਾ ਹੋਣਾ ਹੈ। ਨਿਰੰਕਾਰ ਦੀ ਓਟ ਵਿੱਚ ਵਿਅਕਤੀ ਉਸ ਸਮੇਂ ਆਉਂਦਾ ਹੈ ਜਦੋਂ ਉਸ ਵਿੱਚੋਂ ਅੰਹਮੇਵ ਦੀ ਧਾਰਨਾ ਮੁੱਕ ਜਾਵੇ, ਮੈਂ ਤੋਂ ਮੁਕਤ ਹੋਣਾ ਨਿਵਿਰਤੀ ਹੈ ਨਿਵਿਰਤੀ ਪ੍ਰਾਪਤ ਕੀਤਿਆਂ ਬਿਨਾਂ ਪਰਮ-ਤੱਤ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਸ ਕੂੜ ਦੇ ਸੰਸਾਰ ਤੋਂ ਉਪਰ ਉਠ ਕੇ, ਨਿਮਰਤਾ ਦਾ ਭੋਰਾ ਪੁਟ ਕੇ ਬਾਬਾ ਅਨੰਦ ਸਿੰਘ ਜੀ ਮਹਾਰਾਜ ਨੇ ਇਹ ਪਰਮ-ਪਦਵੀ ਦੀ ਪ੍ਰਾਪਤੀ ਪਾਈ, ਕਿਉਂਕਿ ਪਰਮ-ਤੱਤ ਹੀ ਪ੍ਰਮਾਤਮਾ ਹੈ।

ਬਾਬਾ ਜੀ ਅਨੰਦ ਸਿੰਘ ਜੀ ਮਹਾਰਾਜ ਰਿਧੀਆਂ ਸਿਧੀਆਂ ਦੀ ਲੋੜ ਨਹੀਂ ਸੀ ਸਮਝਦੇ। ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਆਪ ਹਜ਼ੂਰ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਅੱਗੇ ਬੇਨਤੀ ਕਰਨ ਲਈ ਟਿੱਲੇ ਉਪਰ ਪਹੁੰਚ ਗਏ। ਨਮਸਕਾਰ ਕਰਨ ਉਪਰੰਤ ਬੈਠ ਗਏ ਕਿਉਂਕਿ ਹਜ਼ੂਰ ਸਮਾਧੀ ਇਸਥਿਤ ਸਨ। ਕੁਝ ਦੇਰ ਬਾਅਦ ਹਜ਼ੂਰ ਨੇ ਨੇਤਰ ਖੋਲੇ ਤਾਂ ਬਾਬਾ ਜੀ ਅਨੰਦ ਸਿੰਘ ਜੀ ਨੇ ਫਿਰ ਨਮਸਕਾਰ ਕੀਤੀ ਤੇ ਹੱਥ ਜੋੜ ਕੇ ਬੇਨਤੀ ਕਰਨ ਲੱਗੇ "ਗਰੀਬ ਨਿਵਾਜ਼ ! ਹੁਕਮ ਹੋਵੇ ਤਾਂ ਇੱਕ ਬੇਨਤੀ ਕਰਨੀ ਹੈ।"

"ਦੱਸੋ ਕੀ ਆਖਣਾ ਚਾਹੁੰਦੇ ਹੋ" ਬਾਬਾ ਜੀ ਨੇ ਪੁੱਛਿਆ।

ਬਾਬਾ ਜੀ ਨੇ ਕਿਹਾ "ਪਾਤਸ਼ਾਹ! ਜਿਹੜਾ ਸ਼ਬਦ ਆਪ ਜੀ ਬਖ਼ਸ਼ਿਆ ਹੈ ਉਸ ਨਾਲ ਅਜੀਬ ਹੀ ਤਰ੍ਹਾਂ ਦੀਆਂ ਚੀਜ਼ਾਂ ਸਾਹਮਣੇ ਆਉਂਦੀਆ ਹਨ। ਕਹਿਣ ਸੁਨਣ ਲਈ ਮਜਬੂਰ ਕਰਦੀਆਂ ਹਨ। ਸਿਮਰਨ ਵਿੱਚ ਮਨ ਨਹੀਂ ਟਿਕਦਾ।"

"ਜੋ ਸਾਹਮਣੇ ਆਉਂਦੀਆਂ ਹਨ ਉਹ ਕੀ ਆਖਦੀਆਂ ਹਨ?" ਹਜ਼ੂਰ ਨੇ ਬਚਨ ਕੀਤਾ।

"ਉਹ ਕਹਿੰਦੀਆਂ ਹਨ ਦਸੋ ਕੀ ਕੰਮ ਹੈ ਸਾਨੂੰ ਕਿਵੇਂ ਬੁਲਾਇਆ ਹੈ। ਹਜ਼ੂਰ ! ਦਾਸ ਨੂੰ ਤਾਂ ਬੋਲਣ ਦਾ ਪਤਾ ਨਹੀਂ। ਨਾ ਅੱਗੇ ਕਦੇ ਆਈਆਂ ਹਨ। ਮੈਂ ਤਾਂ ਤੁਹਾਡਾ ਹੁਕਮ ਮਨ ਕੇ ਜਪੀ ਜਾ ਰਿਹਾਂ।" ਬਾਬਾ ਅਨੰਦ ਸਿੰਘ ਜੀ ਨੇ ਉੱਤਰ ਦਿੱਤਾ।

"ਤੁਹਾਨੂੰ ਲੋੜ ਨਹੀਂ ਇਨ੍ਹਾਂ ਦੀ ?" ਹਜ਼ੂਰ ਨੇ ਪ੍ਰਸ਼ਨ ਕੀਤਾ।

"ਨਹੀਂ ਹਜ਼ੂਰ ਬਾਬਾ ਜੀ ਦਾ ਜਵਾਬ ਸੀ।"

ਦੁਨੀਆ ਦੇ ਸੰਤ ਮਹੰਤ ਫਕੀਰ ਇਨ੍ਹਾਂ ਦੇ ਪਿੱਛੇ ਪਿੱਛੇ ਫਿਰਦੇ ਹਨ। ਤੁਸੀਂ ਲੋੜ ਨਹੀਂ ਸਮਝਦੇ, ਇਹ ਹੁਕਮ ਨਾਲ ਹੀ ਆਈਆਂ ਹਨ।" ਹਜ਼ੂਰ ਬਾਬਾ ਜੀ ਨੇ ਬਚਨ ਕੀਤਾ।

ਬਾਬਾ ਅਨੰਦ ਸਿੰਘ ਜੀ ਦੇ ਚੁਪ ਰਹਿਣ ਤੋਂ ਬਾਅਦ ਬਾਬਾ ਜੀ ਨੇ ਫਿਰ ਪ੍ਰਸ਼ਨ ਕੀਤਾ "ਫਿਰ ਕੀ ਚਾਹੀਦਾ ਹੈ ਜੇ ਇਨ੍ਹਾਂ ਦੀ ਲੋੜ ਨਹੀਂ ?"

"ਮਹਾਰਾਜ! ਇਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਰੱਖੋ ਤੇ ਮੈਨੂੰ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਵਾਉ ਉਹਨਾਂ ਦੀ ਪ੍ਰੀਤ ਬਖਸੋ।" ਬਾਬਾ ਜੀ ਦੀ ਬੇਨਤੀ ਸੀ।

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥**

**(ਦੇਵਗੰਧਾਰੀ ਮਹਲਾ ੫ ਵਾ ਅੰਗ ੫੩੪)**

## ਅਥਵਾ

**ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ॥**

**ਮੇਹਰ ਕਰੋ ਬਖਸ਼ਿਸ਼ ਕਰੋ, ਰਹਿਮਤ ਕਰੋ॥**

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥**

ਹਜ਼ੂਰ ਮੇਹਰ ਦੇ ਘਰ ਆਏ ਅਤੇ ਬਚਨ ਕੀਤਾ "ਚੰਗਾ ਫੇਰ ਮੂਲ ਮੰਤਰ ਦਾ ਜਾਪ ਕਰੋ।" ਪਹਿਲਾਂ ਸਾਰੀ ਸ਼ਰਾ ਕਰਵਾਈ। ਫਿਰ ਹੁਕਮ ਕੀਤਾ "ਤੇਰਾਂ ਸੋ ਵਾਰੀ ਬਚਨ ਕਰੋ "ਕਹੋ ਮੈਂ ਤੇਰਾ "ਮੈਂ ਤੇਰਾ"। ਬਾਬਾ ਜੀ ਭੁੱਚੋਂ ਵਾਲਿਆਂ ਨੇ ਆਪਣਾ ਹੱਥ ਹੇਠ ਰੱਖ ਕੇ ਉਪਰ ਬਾਬਾ ਜੀ ਅਨੰਦ ਸਿੰਘ ਜੀ ਦਾ ਹੱਥ ਰੱਖ ਕੇ ਆਪਣੇ ਦੂਜੇ ਹੱਥ ਨਾਲ ਹੱਥ ਬਾਬਾ ਜੀ ਦਾ ਲਾ ਕੇ ਗਿਣਤੀ ਕਰਦੇ ਰਹੇ। ਆਖਿਰ ਬਚਨ ਕੀਤਾ "ਸ਼ੁੱਧ ਹੈ" ਹੁਕਮ ਹੋਇਆ "ਚਾਲੀ ਦਿਨ ਲਗਾਤਾਰ ਮੂਲ ਮੰਤਰ ਦਾ ਸਵਾ ਲੱਖ ਪਾਠ ਕਰੋ।" ਇਸ ਤਰ੍ਹਾਂ ਮਰਿਯਾਦਾ ਵੀ ਸਮਝਾ ਦਿੱਤੀ ਤੇ ਬਚਨ ਕੀਤਾ "ਕਠਿਨ ਘਾਲਣਾ ਘਾਲਣੀ ਪਵੇਗੀ। ਇੱਕ ਸੋ ਇੱਕ ਪੰਗਤੀ ਦਾ ਸੰਪਟ ਪਾਠ ਅਤੇ 12 ਸਾਲ

ਸ੍ਰੀ ਹਜ਼ੂਰ ਸਾਹਿਬ (ਅਬਿਚਲ ਨਗਰ) ਸੇਵਾ ਗਾਗਰ ਦੀ ਕਰਨੀ ਹੈ।" ਬਾਬਾ ਅਨੰਦ ਸਿੰਘ ਜੀ ਨੇ ਬੇਨਤੀ ਕੀਤੀ "ਮਹਾਰਾਜ ! ਇੱਕ ਸਾਲ ਦਾਸ ਨੇ ਸੇਵਾ ਕੀਤੀ ਹੈ ਉਸ ਤੋਂ ਬਾਅਦ ਜੋ ਉਥੇ ਬਿਰਤਾਂਤ ਵਰਤਿਆ ਉਹ ਵੀ ਦੱਸ ਦਿੱਤਾ।"

ਇਹ ਸੁਣ ਕੇ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਨੇ ਕਿਹਾ "ਜੇ ਸਤਿਗੁਰੂ ਸਾਹਿਬ ਦੇ ਦਰਸ਼ਨ ਹੋ ਗਏ ਹਨ ਤੇ ਹੁਕਮ ਨਾਲ ਇਥੇ ਆਉਣਾ ਹੋਇਆ ਹੈ ਤਾਂ "ਸ਼ੁਧ ਹੈ।" ਬਚਨ ਕਰਦੇ ਹਜ਼ੂਰ ਅੰਤਰ ਧਿਆਨ ਹੋ ਗਏ। ਕੁਝ ਸਮੇਂ ਬਾਅਦ ਨੇਤਰ ਖੋਲੇ ਤਾਂ ਹੁਕਮ ਕੀਤਾ "ਸੰਪਟ ਪਾਠ ਕਰਨੇ ਪੈਣਗੇ। ਕੰਮ ਜ਼ਿਆਦਾ ਹੈ ਸਮਾਂ ਘੱਟ ਹੈ। ਚੰਗਾ ਸਾਵਧਾਨ ਹੋ ਕੇ ਰਹਿਣਾ ਜੇ ਕੋਈ ਮੁਸ਼ਕਿਲ ਪੇਸ਼ ਆਵੇ ਤਾਂ ਬਿਨਾਂ ਕਿਸੇ ਸ਼ੰਕੇ ਦੇ ਪੁੱਛ ਲੈਣਾ। ਹੁਣ ਤੁਸੀਂ ਇਥੋਂ ਚੜਦੇ ਵਾਲੇ (ਪੂਰਬ ਵਾਲੇ) ਪਾਸੇ ਜਾਉ ਅਤੇ ਆਪਣਾ ਕੰਮ ਕਰੋ।"

"ਸਤਿ ਬਚਨ" ਦਾ ਉਚਾਰਨ ਕਰਕੇ ਬਾਬਾ ਜੀ ਭੁੱਚੋਂ ਤੋਂ ਚੱਲ ਪਏ।

## ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ ॥
## ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ॥

**(ਸਲੋਕ ਭਗਤ ਕਬੀਰ ਜੀ ਅੰਗ ੧੩੭੩)**

ਗੁਰੂ ਕਾਲ ਤੋਂ ਅੱਜ ਤੱਕ ਹਰ ਗੁਰਸਿੱਖ ਦੀ ਗੁਰੂ ਨੇ ਪਰਖ ਕੀਤੀ ਹੈ। ਉਸ ਦੇ ਆਤਮਿਕ ਵਿਕਾਸ ਨੂੰ ਟੁੰਬ ਕੇ ਦੇਖਿਆ ਹੈ ਜਿਵੇਂ ਹੀਰੇ ਦਾ ਪਾਰਖੂ ਉਸ ਨੂੰ ਸੱਟ ਲਾ ਕੇ ਦੇਖਦਾ ਹੈ। ਪਰਖ ਕੀਤੀ ਸ੍ਰੀ ਗੁਰੂ ਨਾਨਕ ਨੇ ਭਾਈ ਲਹਿਣਾ ਜੀ ਦੀ ਜੋ ਪਰਖੇ ਜਾਣ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪਦਵੀ ਪਾ ਗਏ। ਪਰਖ ਕੀਤੀ ਪੰਜ ਪਿਆਰਿਆਂ ਦੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ। ਵਿਸਾਖੀ ਦਾ ਦਿਹਾੜਾ ਸੀ। ਵਿਸ਼ਾਲ ਪੰਡਾਲ ਅੰਦਰ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਬਿਰਾਜਮਾਨ ਸਤਿਗੁਰਾਂ ਦੇ ਦਰਸ਼ਨਾਂ ਲਈ ਵਿਆਕਲੁ ਸਨ ਪਰ ਜਦੋਂ ਬਿਜਲੀ ਵਾਗੂੰ ਲਿਸ਼ਕਾਰੇ ਮਾਰਦੀ ਤੇਗ ਨੂੰ ਧੂਹ ਕੇ ਦਸਮ ਪਿਤਾ ਨੇ ਪੰਡਾਲ ਵਿੱਚ ਆ

ਕੇ ਫੁਰਮਾਇਆ "ਸਾਨੂੰ ਅੱਜ ਇੱਕ ਸੀਸ ਦੀ ਲੋੜ ਹੈ।" ਇਹ ਪਰਖ ਸੀ ਖ਼ਾਲਸੇ ਦੀ, ਸਭ ਨੇ ਨੀਵੀਆਂ ਪਾ ਲਈਆਂ, ਕਈ ਭੱਜ ਗਏ ਤੇ ਕਈ ਭੱਜਣ ਲਈ ਤਿਆਰ ਹੋ ਗਏ। ਪਰ ਜਿਨ੍ਹਾਂ ਨੇ ਆਪਣੇ ਗੁਰੂ ਨੂੰ ਇਹ ਕਹਿ ਛੱਡਿਆ ਸੀ "ਮੇਰਾ ਮੁਝ ਮਹਿ ਕੁਝ ਨਹੀਂ ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ" ਉਹ ਕਦੋਂ ਭੱਜਦੇ ਹਨ, ਉਹ ਮੌਤ ਤੋਂ ਨਿਰਭੈ ਹਨ। ਪੰਜ ਸਿੱਖ ਵਾਰੀ ਵਾਰੀ ਉੱਠ ਤੇ ਪਰਖ ਵਿੱਚ ਪੂਰੇ ਉੱਤਰ ਕੇ ਪੰਜ ਪਿਆਰਿਆਂ ਦੀ ਪਦਵੀ ਪਾ ਗਏ। ਜਿਨ੍ਹਾਂ ਦੇ ਦ੍ਰਿੜ ਇਰਾਦੇ ਦੀ ਧਾਰਨੀ ਸਦਕਾ ਸਿੱਖੀ ਹੋਂਦ ਵਿੱਚ ਆਈ। ਜਿਸ ਨੇ ਪ੍ਰੇਮ ਦੀ ਗਲੀ ਵਿੱਚ ਆਵਣਾ ਹੋਵੇ ਆਪਾ ਵਾਰ ਕੇ ਜਨਮ ਸਵਾਰਨਾ ਹੋਵੇ ਉਹੀ ਮਨੁੱਖ ਸਤਿਗੁਰਾਂ ਦੀ ਪਰਖ ਵਿੱਚ ਪੂਰਾ ਉਤਰੇਗਾ, ਨਹੀਂ ਤਾਂ ਨਕਲੀ ਹੀਰੇ ਦੀ ਤਰ੍ਹਾਂ ਪੰਜ ਵਿਕਾਰਾ ਦਾ ਸਾਜਿਆ ਹੋਇਆ ਦਿਖਾਵੇ ਦਾ ਗੁਰਮੁਖ ਟੁਕੜੇ ਟੁਕੜੇ ਹੋ ਜਾਵੇਗਾ। ਸੋ ਇਹੀ ਇਮਤਿਹਾਨ ਵਿੱਚੋਂ ਗੁਜਰ ਰਹੇ ਹਨ ਬਾਬਾ ਜੀ ਮਹਾਰਾਜ ਅਨੰਦ ਸਿੰਘ ਜੀ। ਪ੍ਰੀਖਿਆ ਵੀ ਸਖ਼ਤ ਹੈ ਪਰ ਪ੍ਰੀਖਿਆਰਥੀ ਵੀ ਸਿਦਕ ਦੇ ਬਲਵਾਨ ਹਨ ਵੇਖਣਾ ਹੈ ਕਿਵੇਂ ਕੁਠਾਲੀ ਵਿੱਚ ਢੱਲ ਕੇ ਸੋਨਾ ਚਮਕ ਲਿਆਉਂਦਾ ਹੈ।

ਹੁਕਮ ਅਨੁਸਾਰ ਭੁੱਚੋਂ ਤੋਂ ਚੱਲ ਕੇ ਪੂਰਬ ਵਾਲੇ ਪਾਸੇ ਇਕਾਂਤ ਜਗ੍ਹਾਂ ਦੇਖ ਕੇ ਆਸਣ ਲਾ ਲਿਆ। ਨਿਤਨੇਮ ਆਰੰਭ ਕਰ ਦਿੱਤਾ ਅਤੇ ਹੁਕਮ ਅਨੁਸਾਰ ਹਰ ਰੋਜ਼ ਨੇਮ ਨਾਲ ਭੁੱਚੋਂ ਆਉਣਾ। ਹਜ਼ੂਰ ਬਾਬਾ ਜੀ ਮਹਾਰਾਜ ਭੁੱਚੋਂ ਵਾਲਿਆਂ ਨੇ ਸ਼ਰਾਂ ਕਰਨੀ ਅਤੇ ਇੱਕ ਬਾਸੀ ਰੋਟੀ (ਬੇਹਾ ਪ੍ਰਸ਼ਾਦਾ) ਜੋ ਪਾਣੀ ਨਾਲ ਗਿਲੀ ਕੀਤੀ ਹੁੰਦੀ ਸੀ ਛੱਕਣ ਲਈ ਆਪਣੀ ਨਿਗਾਹ ਕਰਕੇ ਦੇਣੀ। ਲੂਣ ਮਿਰਚ ਵੀ ਨਹੀਂ ਦੇਣਾ। ਬਾਬਾ ਜੀ ਅਨੰਦ ਸਿੰਘ ਜੀ ਮਹਾਰਾਜਾ ਨੇ ਸਤਿ ਬਚਨ ਕਰਕੇ ਛੱਕ ਲੈਣਾ, ਮੱਥਾ ਟੇਕਣ ਤੇ ਵਾਪਿਸ ਚਲੇ ਜਾਣਾ। ਇਸ ਤਰ੍ਹਾਂ ਹਰ ਰੋਜ਼ ਨਿਤਨੇਮ ਦੇ ਨਾਲ ਇਹ ਵੀ ਨਿਤਨੇਮ ਬਣਾ ਲਿਆ। ਇਸੇ ਸਮੇਂ ਅੰਦਰ ਇੱਕ ਹੋਰ ਪ੍ਰੀਖਿਆ ਦੀ ਲੜੀ ਆਰੰਭ ਹੋਈ ਜਿਵੇਂ ਭਾਈ ਗੁਰਦਾਸ ਜੀ ਦਾ ਕਥਨ ਹੈ —

**ਖਾਣਿ ਉਖਣਿ ਕਢਿ ਆਣਦੇ ਨਿਰਮੋਲਕ ਹੀਰਾ॥**
**ਜਉਹਰੀਆ ਹਥਿ ਆਵਦਾ ਉਇ ਗਹਿਰ ਗੰਭੀਰਾ॥**

**ਮਜਲਸ ਅੰਦਰਿ ਦੇਖਦੇ ਪਾਤਿਸਾਹ ਵਜੀਰਾ॥**
**ਮੁਲੁ ਕਰਨਿ ਅਜਮਾਇ ਕੈ ਸਾਹਾ ਮਨ ਧੀਰਾ॥**
**ਅਹਰਣਿ ਉਤੈ ਰਖਿ ਕੈ ਘਣ ਘਾਉ ਸਰੀਰਾ॥**
**ਕੋ ਵਿਰਲਾ ਹੀ ਠਹਿਰਾਂਵਦਾ ਦਰਗਹ ਗੁਰ ਪੀਰਾ॥**

ਜਿੰਨੀ ਵੱਡੀ ਜਮਾਤ ਪੜਾਈ ਦੀ ਹੋਵੇਗੀ ਘਾਲਣਾ ਉਸ ਅੰਦਰ ਵੱਧ ਹੋਵੇਗੀ, ਪਰ ਜਦ ਪ੍ਰੀਖਿਆ ਪਾਸ ਹੋ ਜਾਵੇਗੀ ਤਾਂ ਫਲ ਵੀ ਉਨ੍ਹਾਂ ਹੀ ਸੁਖਦਾਈ ਹੋਵੇਗਾ। ਨਿਤਨੇਮ ਕਰਦਿਆਂ ਤੀਹ ਦਿਨ ਹੋਏ ਤਾਂ ਮਨ ਐਸੀਆਂ ਗਿਣਤੀਆਂ ਵਿੱਚ ਲੱਗ ਗਿਆ ਕਿ ਇਕਾਗਰਤਾ ਖ਼ਤਮ ਹੋ ਗਈ। ਮਨ ਵਿੱਚ ਫੁਰਨੇ ਰਾਤ ਦਿਨ ਬਣਦੇ ਰਹਿਣੇ। ਨਿਤਨੇਮ ਕਰਨ ਲੱਗੇ ਵੀ ਮਨ ਫੁਰਨਿਆਂ ਅੰਦਰ ਦੋੜਿਆ ਰਹੇ। ਮਨ ਦੀ ਸ਼ਾਂਤੀ ਅਲੋਪ ਹੋ ਗਈ ਜੋ ਨਿਤਨੇਮ ਵਿੱਚ ਅਨੰਦ ਬਝਦਾ ਸੀ, ਰਸ ਆਉਂਦਾ ਸੀ ਸਭ ਪਰ ਲਾ ਕੇ ਉੱਡਗਿਆ। ਸਿਰਫ ਮਨ ਦੀ ਕਲਪਨਾ ਹੀ ਰਹਿ ਗਈ। ਬਹੁਤ ਯਤਨ ਕਰਨ ਤੋਂ ਬਾਅਦ ਵੀ ਜਦ ਮਨ ਸ਼ਾਂਤ ਨਾ ਹੋਇਆ ਤਾਂ ਫੁਰਨਾ ਬਣਿਆ ਕਿ ਬਾਬਾ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਜਾਵੇ। ਅਗਲੇ ਦਿਨ ਜਦੋਂ ਦਰਸ਼ਨ ਕਰਨ ਆਏ ਤਾਂ ਬੇਨਤੀ ਕੀਤੀ "ਪਾਤਸ਼ਾਹ। ਪਹਿਲਾਂ ਜਦ ਵੀ ਫੁਰਨਾਂ ਬਣਦਾ ਤਾਂ ਸਤਿਗੁਰਾਂ ਦੇ ਦਰਸ਼ਨ ਹੋ ਜਾਂਦੇ ਮਨ ਸ਼ਾਂਤ ਰਹਿੰਦਾ ਅਤੇ ਇਕਾਗਰਤਾ ਵਿੱਚ ਜੁੜਦਾ। ਪਰ ਹੁਣ ਕੀ ਹੋ ਗਿਆ ਸਭ ਕੁਝ ਅਲੋਪ ਗਿਆ ਹੈ।

ਭੁੱਚੋਂ ਵਾਲੇ ਬਾਬਾ ਜੀ ਹਜ਼ੂਰ ਨੇ ਫੁਰਮਾਇਆ ਇਸ ਤਰ੍ਹਾਂ ਹੀ ਹੁੰਦਾ ਹੈ, ਜਦੋਂ ਇੱਕ ਅਵੱਸਥਾ ਬਦਲ ਕੇ ਦੂਜੀ ਅੰਦਰ ਪ੍ਰਵੇਸ਼ ਕਰਦੀ ਹੈ ਉਸ ਸਮੇਂ ਦੀ ਪ੍ਰੀਖਿਆ ਹੈ। ਤੁਸੀਂ ਫਿਕਰ ਨਾ ਕਰੋ ਸ਼ੁਧ ਹੈ।

ਬਚਨ ਸੁਣ ਕੇ ਬਾਬਾ ਜੀ ਕਲੇਰਾਂ ਵਾਲੇ ਸ਼ਰਾਂ ਕਰਵਾ ਕੇ ਪ੍ਰਸ਼ਾਦਾ ਜੋ ਮਿਲਿਆ ਛੱਕ ਕੇ ਆਪਣੇ ਅਸਥਾਨ ਤੇ ਚਲੇ ਗਏ। ਫਿਰ ਬਾਕੀ ਦੇ ਦਸ ਦਿਨਾਂ ਵਿੱਚੋਂ ਰਹਿੰਦੇ ਦਿਨ, ਮਨ ਇਕਾਂਗਰਤਾ ਵਿੱਚ ਆ ਗਿਆ ਅਤੇ ਅਨੰਦ ਵਿਖਿਆਨ ਕਰਨ ਤੋਂ ਵੱਧ ਹੋ ਗਿਆ। ਇਸ ਸਮੇਂ ਦੀ ਉੱਚੀ ਤੇ ਸੁਚੀ ਰਸਦਾਇਕ ਅਵੱਸਥਾ ਦਾ ਇੱਕ ਬਚਨ "ਭਾਈ ਡਰੋਲੀ ਜੀ" ਨੂੰ ਸੁਣਾਇਆ ਜੋ ਉਨ੍ਹਾਂ ਲੇਖਕ ਨੂੰ ਦੱਸਿਆ। ਬਾਬਾ ਜੀ ਕਲੇਰਾਂ ਵਾਲਿਆਂ

ਬਚਨ ਕੀਤਾ "ਭਾਈ ਡਰੋਲੀ" ਇਨ੍ਹਾਂ ਦਿਨਾਂ ਵਿੱਚ ਸਾਨੂੰ ਇਹੋ ਜਿਹਾ ਅਨੰਦ ਆਇਆ ਵਿਆਖਿਆ ਕਰਨ ਤੋਂ ਬਾਹਰ ਹੈ, ਜਿਹੜਾ ਚਾਲੀਸਾ ਅਸੀਂ ਭੁੱਚੋਂ ਵਾਲਿਆਂ ਦੇ ਹੁਕਮ ਅਨੁਸਾਰ ਉਨ੍ਹਾਂ ਦੇ ਚਰਨਾਂ ਵਿੱਚ ਰਹਿ ਕੇ ਕੀਤਾ।"

ਚਾਲੀ ਦਿਨ ਪੂਰੇ ਹੋਣ ਤੋਂ ਬਾਅਦ ਹਜ਼ੂਰ ਬਾਬਾ ਜੀ ਨੇ ਇੱਕ ਗੁਟਕਾ ਸ਼ਰਾ ਕਰਕੇ ਕਲੇਰਾਂ ਵਾਲੇ ਬਾਬਾ ਜੀ ਨੂੰ ਦਿੱਤਾ ਅਤੇ ਹੁਕਮ ਦਿੱਤਾ "ਹੁਣ ਬਾਹਰ ਵਿਚਰ ਕੇ ਕਮਾਈ ਕਮਾਉਂਦੇ ਰਹੋ, ਕਦੇ ਕਦੇ ਆ ਕੇ ਦਰਸ਼ਨ ਕਰ ਜਾਇਆ ਕਰੋ।"

ਆਪ ਨੇ "ਸਤਿ ਬਚਨ ਉਚਾਰਿਆ ਅਤੇ ਚਰਨਾਂ ਉੱਪਰ ਸੀਸ ਨਿਵਾ ਕੇ ਨਮਸਕਾਰ ਕੀਤਾ। ਹੁਕਮ ਦੀ ਪਾਲਣਾ ਕਰਨ ਲਈ ਹਜ਼ੂਰ ਤੋਂ ਆਗਿਆ ਲੈ ਕੇ ਆਪ ਵਿਚਰਨ ਲਈ ਤੁਰ ਪਏ। ਪ੍ਰੀਖਿਆ ਕਠਿਨ ਤੋਂ ਕਠਿਨ ਹੋ ਰਹੀ ਹੈ ਪਰ ਪ੍ਰੀਖਿਆਰਥੀ ਨਿਮਰਤਾ, ਸਹਿਨਸ਼ੀਲਤਾ, ਤਿਆਗ, ਦ੍ਰਿੜਤਾ ਦੇ ਸੁਨਹਿਰੀ ਮੱਧ ਮਾਰਗ ਤੇ ਤੁਰ ਕੇ ਨਿਪੁੰਨਤਾ ਦੇ ਪੁੰਜ ਬਣ ਕੇ ਪਾਰ ਨਿਕਲਦੇ ਹਨ ਭਾਵ ਪਾਸ ਹੋ ਕੇ ਜਾਂਦੇ ਹਨ। ਇਸ ਤਰ੍ਹਾਂ ਪਾਸ ਹੋ ਕੇ ਬਖਸ਼ਿਸ਼ਾਂ ਪ੍ਰਾਪਤ ਕਰਦੇ ਹਨ ਮਹਾਂਪੁਰਖ !

**ਜੋ ਮਾਗਹਿ ਠਾਕੁਰ ਅਪੁਨੇ ਤੇ, ਸੋਈ ਸੋਈ ਦੇਵੈ॥**
**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥**

(ਧਨਾਸਰੀ ਮ: ੫, ਅੰਗ ੬੮੧-੮੨)

ਜੋ ਮੁਰਾਦ ਅਸੀਂ ਦਾਤੇ ਤੋਂ ਮੰਗਾਂਗੇ ਜ਼ਰੂਰ ਮਿਲੇਗੀ ਪਰ ਅਸੀਂ ਸੋਚੀਏ ਕਿ ਕੀ ਮੰਗੀਏ? ਦੁਨਿਆਵੀਂ ਸੁਖ ਦੇ ਨਾਲ ਦੁੱਖ ਚੰਬੜਿਆ ਹੁੰਦਾ ਹੈ, ਜਿਵੇਂ ਧੁੱਪ ਨਾਲ ਛਾਂ ਅਤੇ ਦਿਨ ਨਾਲ ਰਾਤ। ਇਸ ਲਈ ਜੇ ਮੰਗਣਾ ਹੀ ਹੈ ਤਾਂ ਹਰ ਜਸ ਮੰਗੀਏ। ਜਿਸ ਦੇ ਨਾਲ ਜਨਮ ਦੀ ਲਾਲਸਾ ਤੇ ਮਰਨ ਦੇ ਭੈਅ ਤੋਂ ਰਹਿਤ ਹੋ ਜਾਈਏ।

# ਅਪੁਨੇ ਜਨ ਕਾ ਪਰਦਾ ਢਾਕੈ॥
# ਅਪਨੇ ਸੇਵਕ ਕੀ ਸਰਪਰ ਰਾਖੈ॥

(ਗ: ਸੁਖਮਨੀ ਮ: ੫)

ਜੋ ਪ੍ਰਾਣੀ ਹਉਮੈ ਨੂੰ ਤਿਆਗ ਕੇ ਆਪਣੇ ਗੁਰੂ ਦੀ ਰਜ਼ਾ ਅੰਦਰ ਰਹਿੰਦਾ ਹੈ। ਹਰ ਕਾਰਜ ਕਰਨ ਲਈ ਪ੍ਰਭੂ ਦੀ ਯਾਦ ਨੂੰ ਮਨ ਦੀ ਦੌੜ ਵਿੱਚ ਤਰਜੀਹ ਦਿੰਦਾ ਹਾਂ। ਉਸ ਦਾ ਪਰਦਾ ਪ੍ਰਮੇਸ਼ਰ ਆਪ ਢੱਕਦਾ ਹੈ। ਦੁਨੀਆਂ ਵਾਲੇ ਜੀਵ ਆਤਮਾ ਲਈ ਕਸ਼ਟ ਪੈਦਾ ਕਰਦੇ ਹਨ ਕਿਉਂਕਿ ਇਹ ਮਾਇਆ ਦਾ ਛਲ ਕਪਟ ਹੈ। ਇਸ ਖੁਦਗਰਜ਼ ਦੁਨੀਆਂ ਅੰਦਰ ਉਹੀ ਮੋਹ ਮਾਇਆ ਦੇ ਪਸਾਰ ਤੋਂ ਬਚ ਸਕਦਾ ਹੈ। ਜਿਸ ਨੇ ਮਹਾਂਪੁਰਖ ਦੀ ਸੰਗਤ ਕੀਤੀ ਅਤੇ ਉਸ ਦੀ ਸ਼ਰਨ ਵਿੱਚ ਵਿਸ਼ਵਾਸ ਕੀਤਾ ਹੇ। ਜੋ ਉਸ ਦੀ ਓਟ ਸਦਕਾ,ਉਸ ਨੂੰ ਅਧਾਰ ਮੰਨ ਕੇ ਜੀਵਨ ਸ਼ੈਲੀ ਚਲਾਉਂਦਾ ਹੈ, ਕਿਉਂਕਿ ਮਨੁੱਖ ਦਾ ਅਧਾਰ ਹੈ ਪ੍ਰਮੇਸ਼ਰ ਦੀ ਓਟ।

**ਕਰੈ ਗਜਿੰਦੁ ਸੁੰਡ ਕੀ ਚੋਟ॥ ਨਾਮਾ ਉਬਰੈ ਹਰਿ ਕੀ ਓਟ॥**

(ਭੈਰਉ ਨਾਮ ਦੇਵ ਜੀ ਅੰਗ ੧੧੬੬)

ਅਕਾਲ ਪੁਰਖ ਉਸ ਦੀ ਹਰ ਥਾਂ ਰੱਖਿਆ ਕਰਦਾ ਹੈ। ਉਸ ਦਾ ਪਰਦਾ ਕੱਜਦਾ ਹੈ। ਦਰੋਪਤੀ ਦਾ ਪਰਦਾ ਕੱਜਿਆ ਭਗਵਾਨ ਕ੍ਰਿਸ਼ਨ ਦੁਆਰਾ, ਕੂੜ ਦੀ ਕਚਿਹਰੀ ਅੰਦਰ ਸੱਚ ਦੀ ਜਿੱਤ ਹੋਈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇੱਕ ਵਾਰ ਅਚੱਲ ਵਟਾਲੇ ਸਿੱਧਾਂ ਨਾਲ ਗੋਸ਼ਟ ਕੀਤੀ। ਸਿਧਾਂ ਨੇ ਆਪਣੀ ਯੋਗ ਸ਼ਕਤੀ ਵਰਤ ਕੇ ਸਤਿਗੁਰੂ ਜੀ ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਅਚੱਲ ਵਟਾਲੇ ਸ਼ਿਵਰਾਤਰੀ ਦਾ ਮੇਲਾ ਸੀ। ਬੇਮਿਸਾਲ ਇਕੱਠ ਵਿੱਚ ਸਤਿਗੁਰੂ ਨਾਲ ਸਿੱਧ ਗੋਸ਼ਟ ਹੋਈ। ਸਿੱਧ ਆਪਣੀ ਮੱਤ ਨੂੰ ਸਤਿਗੁਰਾਂ ਸਾਹਮਣੇ ਸਿੱਧ ਕਰਨ ਵਿੱਚ ਨਾਕਾਮ ਰਹੇ ਅੰਤ ਨੂੰ

ਲੋਕਾਂ ਵਿੱਚ ਆਪਣਾ ਪ੍ਰਭਾਵ ਕਾਇਮ ਰੱਖਣ ਲਈ ਸਿੱਧੀਆਂ ਸ਼ਕਤੀਆਂ ਦਾ ਸਹਾਰਾ ਲੈਣਾ ਪਿਆ। ਭਾਈ ਗੁਰਦਾਸ ਜੀ ਦਾ ਕਥਨ ਹੈ —

**ਇਹਿ ਸੁਣਿ ਬਚਨਿ ਜੋਗੀਸਰਾਂ ਮਾਰਿ ਕਿਲਕ ਬਹੁ ਰੂਇ ਉਠਾਈ॥**
**ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ॥**
**ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜਾਈ॥**
**ਰੂਪ ਵਟਾਏ ਜੋਗੀਆ ਸਿੰਘ ਬਾਘਿ ਬਹੁ ਚਲਿਤਿ ਦਿਖਾਈ॥**
**ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ॥**
**ਇਕ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ॥**
**ਤਾਰੇ ਤੋੜੇ ਭੰਗਰਨਾਥ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ॥**
**ਸਿਧਾਂ ਅਗਨਿ ਨ ਬੁਝੈ ਬੁਝਾਈ॥**

(ਵਾਰ ੧ ਪਉੜੀ ੪੦)

ਜਿਸ ਸਮੇਂ ਅੱਗ ਦੀ ਵਰਖਾ ਹੋਈ ਜਿਹੜੀ ਸੰਗਤ ਸਤਿਗੁਰੂ ਦੀ ਹਜ਼ੂਰੀ ਵਿੱਚ ਸੀ ਸਭ ਡਰਨ ਲੱਗੇ। ਸਤਿਗੁਰਾਂ ਨੇ ਲੋਕਾਂ ਦੇ ਮਨਾਂ ਤੋਂ ਡਰ ਲਾਹੁਣ ਦਾ ਮੌਕਾ ਠੀਕ ਸਮਝਿਆ ਕਿਉਂਕਿ ਸਿੱਧ ਲੋਕਾਂ ਨੂੰ ਡਰਾਂ ਧਮਕਾ ਕੇ ਜਾਇਜ਼ ਤੇ ਨਜਾਇਜ਼ ਮੰਗਾਂ ਮਨਾਂ ਲੈਂਦੇ ਸਨ। ਲੋਕਾਂ ਵਿੱਚ ਨਾਮ ਜਪਣ ਤੇ ਚਿਤ ਜੋੜਨ ਦੀ ਬਿਰਤੀ ਦੀ ਪ੍ਰਪੱਕਤਾ ਆਵੇ। ਸਿੱਧਾਂ ਦਾ ਡਰ ਲੋਕਾਂ ਦੇ ਮਨਾਂ ਤੋਂ ਦੂਰ ਕਰਨ ਅਤੇ ਪ੍ਰਮੇਸ਼ਰ ਦਾ ਪ੍ਰਭਾਵ ਬਨਾਉਣਾ ਸਤਿਗੁਰਾ ਨੇ, ਠੀਕ ਸਮਝਿਆ। ਸਤਿਗੁਰਾ ਨੇ ਹਜ਼ੂਰੀ ਵਿੱਚ ਬੈਠੇ ਸੇਵਕ 'ਅਜਿੱਤੇ ਰੰਧਾਵਾ' ਨੂੰ ਹੁਕਮ ਦਿੱਤਾ "ਅਜਿੱਤਿਆ ਉਠਕੇ ਸੰਗਤ ਦੇ ਆਲੇ ਦੁਆਲੇ ਲਕੀਰ ਖਿੱਚ ਦੇ।"

ਅਜਿੱਤੇ ਸਿੱਖ ਨੇ 'ਸਤਿ ਬਚਨ ਕਹਿ ਕੇ ਲਕੀਰ ਖਿੱਚ ਦਿੱਤੀ। ਸਿੱਧ ਜੋ ਅੱਗ ਵਰਸਾਉਣ ਦੇ ਚਮਤਕਾਰ ਕਰ ਰਹੇ ਸਨ ਹੁਣ ਲਕੀਰ ਤੋਂ ਪਿੱਛੇ ਹੀ ਰਹੇ ਅਜਿੱਤੇ ਨੇ ਨੇੜੇ ਹੀ ਇੱਕ ਤਲਾਬ ਦੇ ਪਾਣੀ ਉੱਪਰ ਚਾਦਰ ਵਿਛਾ ਦਿੱਤੀ ਅਤੇ ਆਪ ਉੱਪਰ ਬੈਠ ਕੇ ਮਰੇ ਹੋਏ ਪੰਛੀਆਂ ਨੂੰ ਉੱਪਰ ਨੂੰ ਸੁਟਣ ਲੱਗ ਪਏ। ਪੰਛੀ ਜੀਵਤ ਹੋ ਕੇ ਉੱਡਣ ਲੱਗ ਪਏ। ਲੋਕ ਉਧਰ ਇਕੱਠੇ ਹੋਣੇ ਸ਼ੁਰੂ ਹੋ ਗਏ। ਮਾਨੋ ਇੱਕ ਤਮਾਸ਼ਾ ਹੋ ਰਿਹਾ ਹੋਵੇ। ਅੰਤ ਸਿੱਧ ਆਪਣਾ

ਬਲ ਲਾ ਕੇ ਥੱਕ ਗਏ। ਪਰ ਅਜਿੱਤਾ ਆਪਣੀ ਖੇਡ ਖੇਡੀ ਗਿਆ। ਲੋਕਾਂ ਦੇ ਇਕੱਠ ਵੱਲ ਇਸ਼ਾਰਾ ਕਰਕੇ ਸਤਿਗੁਰਾਂ ਨੇ ਫੁਰਮਾਇਆ "ਸਾਹਮਣੇ ਇਕੱਠ ਕੀ ਹੈ।"

ਸਿੱਧਾ ਨੇ ਖੁਲਾਸੇ ਦੇ ਰੂਪ ਵਿੱਚ ਉੱਤਰ ਦਿੱਤਾ "ਨਾਨਕ ਜੀ ਤੁਹਾਡਾ ਚੇਲਾ ਅਜਿੱਤਾ ਹੀ ਤਾਂ ਹੈ।"

ਹਜ਼ੂਰ ਨੇ ਇੱਕ ਸਿੱਖ ਭੇਜ ਕੇ ਅਜਿੱਤੇ ਨੂੰ ਬੁਲਾਇਆ। ਉਸ ਵੱਲ ਤੱਕ ਕੇ ਉਸ ਦੀ ਸਾਰੀ ਤਾਕਤ ਵਾਪਿਸ ਲੈ ਲਈ ਤੇ ਉਹ ਇੱਕ ਪਾਸੇ ਹੋ ਕੇ ਬੈਠ ਗਿਆ। ਕੁਝ ਸਮੇਂ ਬਾਅਦ ਹੀ ਇੱਕ ਮਿਸਤਰੀ ਸਿੱਖ ਨੇ ਆਪਣੇ ਇੱਕ ਅੱਠ ਸਾਲ ਦੇ ਪੁੱਤਰ ਨੂੰ ਲੈ ਕੇ ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕੀਤੀ "ਪਾਤਸ਼ਾਹ! ਕੁਝ ਸਾਲ ਪਹਿਲਾਂ ਮੈਂ ਆਪ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਪੁੱਤਰ ਦੀ ਦਾਤ ਮੰਗੀ ਸੀ ਤੇ ਬਚਨ ਕੀਤਾ ਸੀ ਕਿ ਮੈਂ ਪੁੱਤਰ ਆਪ ਜੀ ਨੂੰ ਭੇਂਟ ਕਰਾਂ। ਸੋ ਗਰੀਬ ਨਿਵਾਜ਼ ! ਪੁੱਤਰ ਹਾਜ਼ਰ ਹੈ।"

ਸਤਿਗੁਰੂ ਨੇ ਹੁਕਮ ਕੀਤਾ "ਲੱਕੜਾਂ ਇਕੱਠੀਆਂ ਕਰਕੇ ਚਿਖਾ ਬਣਾਓ।"

ਹੁਕਮ ਅਨੁਸਾਰ ਚਿਖਾ ਤਿਆਰ ਹੋ ਗਈ। ਫਿਰ ਹੁਕਮ ਹੋਇਆ "ਅੱਗ ਲਾ ਦਿਓ।"

ਅੱਗ ਲਾ ਦਿੱਤੀ ਗਈ ਤੀਸਰਾ ਹੁਕਮ ਹੋਇਆ ਬੱਚੇ ਨੂੰ "ਕਿ ਅੱਗ ਵਿੱਚ ਛਾਲ ਮਾਰਦੇ।" ਬੱਚੇ ਨੇ ਅੱਗ ਵਿੱਚ ਛਾਲ ਮਾਰ ਦਿੱਤੀ। ਸਾਰੇ ਵੇਖਣ ਵਾਲੇ ਅਤੇ ਸਿੱਧ ਹੈਰਾਨ ਪ੍ਰੇਸ਼ਾਨ ਹੋ ਰਹੇ ਸਨ ਕਿ ਇਹ ਕੀ ਹੋ ਰਿਹਾ ਹੈ। ਅੱਗ ਖ਼ਤਮ ਹੋ ਗਈ ਬਾਲਕ ਉਸੇ ਤਰ੍ਹਾਂ ਸਹੀ ਸਲਾਮਤ ਬੈਠਾ ਸੀ। ਸਤਿਗੁਰਾਂ ਨੇ ਅਵਾਜ਼ ਦੇ ਕੇ ਬੱਚੇ ਨੂੰ ਬੁਲਾਇਆ। ਉਸ ਨੇ ਆਕੇ ਨਮਸਕਾਰ ਕੀਤੀ। ਉਸ ਬਾਲਕੇ ਦੇ ਚਿਹਰੇ ਤੇ ਅਨੋਖਾ ਹੀ ਤੇਜ਼ ਸੀ। ਸਤਿਗੁਰਾਂ ਬਚਨ ਕੀਤਾ "ਬਾਲਕ ਤੂੰ ਨਿਹਾਲ ਹੋ ਗਿਆ ਹੈ ਮੰਗ ਜੋ ਹੋਰ ਜੋ ਮੰਗਣਾ ਹੈ।"

ਬੱਚੇ ਨੇ ਬੇਨਤੀ ਕੀਤੀ "ਪਾਤਸ਼ਾਹ ! ਅਸੀਂ ਭੁਲਣਹਾਰ ਹਾਂ ਤੁਸੀਂ

ਬਖਸ਼ਿੰਦ ਹੋ।" ਕ੍ਰਿਪਾ ਕਰੋ ਅਜਿੱਤੇ ਰੰਧਾਵੇ ਤੇ ਮੇਹਰ ਕਰੋ।"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਿਰ ਫੁਰਮਾਇਆ "ਕੁਝ ਹੋਰ ਮੰਗ ਲੈ" ਬਾਲਕ ਨੇ ਬੇਨਤੀ ਕੀਤੀ "ਮਹਾਰਾਜ ! ਮੇਹਰ ਦੇ ਘਰ ਵਿੱਚ ਆਏ ਹੋ ਤਾਂ ਸਿੱਧਾਂ ਨੂੰ ਵੀ ਮਾਫ ਕਰ ਦਿਓ।"

ਸਾਰੇ ਲੋਕ ਇਹ ਨਜ਼ਾਰਾ ਵੇਖਣ ਵਾਲੇ ਇਸ ਪਰਉਪਕਾਰੀ ਬਾਲਕ ਤੇ ਹੈਰਾਨ ਸਨ। ਅੰਤ ਵਿੱਚ ਸਤਿਗੁਰਾਂ ਨੇ ਬਾਲਕ ਨੂੰ ਹੁਕਮ ਕੀਤਾ "ਘਰ ਜਾਉ, ਨਾਮ ਜਪੋ ਤੇ ਹੋਰਾਂ ਨੂੰ ਜਪਾਉ।" ਬਾਲਕ ਦਾ ਨਾਮ ਸਤਿਗੁਰਾਂ ਨੇ ਗੁਰਮੁਖ ਬਖਸ਼ਿਆ। ਸਿੱਖ ਹੋਵੇ ਤੇ ਹੁਕਮ ਮੰਨਣ ਵਾਲਾ ਹੋਵੇ ਉਹੀ ਸਤਿਗੁਰਾਂ ਦਾ ਅਸਲੀ ਸਿੱਖ ਹੈ।

ਜਿਸ ਤਰ੍ਹਾਂ ਬਾਲਕ ਨੇ ਅੱਗ ਵਿੱਚ ਕੁਦ ਕੇ ਵੀ ਆਪਣੇ ਲਈ ਕੁਝ ਨਹੀਂ ਮੰਗਿਆ। ਮੰਗਿਆ ਤਾ ਅਜਿੱਤੇ ਰੰਧਾਵੇ ਅਤੇ ਸਿੱਧਾਂ ਲਈ ਇਹੋ ਜਿਹੇ ਬਾਲਕ ਨੂੰ ਉਦਾਸੀ ਬਣਾ ਕੇ ਜੰਗਲਾਂ ਨੂੰ ਨਹੀਂ ਤੋਰਿਆ ਹੁਕਮ ਕੀਤਾ "ਘਰ ਜਾ ਕੇ ਰਹੋ।"

**ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ॥**

**(ਆਸਾ ਮ: ੧, ਅੰਗ ੩੫੨)**

ਇਸੇ ਹੀ ਤਰ੍ਹਾਂ ਭੁੱਚੋਂ ਵਾਲੇ ਬਾਬਾ ਜੀ ਨੇ ਬਾਬਾ ਅਨੰਦ ਸਿੰਘ ਜੀ ਨੂੰ ਆਪ ਵਿਚਰਨ ਲਈ ਹੁਕਮ ਦਿੱਤਾ ਅਤੇ ਫਿਰ ਕਲੇਰਾਂ ਵਾਲੇ ਬਾਬਾ ਜੀ ਨੇ ਮੰਗਿਆ ਵੀ ਆਪਣੇ ਲਈ ਨਹੀਂ ਪਰਉਪਕਾਰ ਲਈ। ਪਾਠਕ ਸੰਤ ਧੰਨਾ ਸਿੰਘ ਜੀ ਬਾਰੇ ਪ੍ਰਸੰਗ ਪੜ੍ਹ ਚੁਕੇ ਹਨ। ਇਨ੍ਹਾਂ ਨੇ ਬਰਕਤਾਂ ਲੈ ਕੇ ਭਾਈ ਰੂਪੇ ਡੇਰੇ ਆ ਲਾਏ ਸਨ। (ਭਾਈ ਰੂਪਾ) ਵੀ ਇਤਿਹਾਸਕ ਨਗਰ ਹੈ। ਇਸ ਨਗਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ ਤੁਕਲਾਣੀ ਤੋਂ ਉੱਠ ਕੇ ਭਾਈ ਸਾਧੂ ਭਾਈ ਰੂਪ ਚੰਦ ਜੀ ਦੇ ਪਿਤਾ ਨੇ ਅਬਾਦ ਕੀਤਾ ਸੀ। ਤਕਰੀਬਨ ਸਾਰੀ ਆਯੂ ਉਨ੍ਹਾਂ ਨੇ ਇਥੇ ਹੀ ਬਤੀਤ ਕੀਤੀ।) ਸੰਤ ਧੰਨਾ ਸਿੰਘ ਜੀ ਨੂੰ ਤੋਰਨ ਸਮੇਂ ਬਾਬਾ ਜੀ ਮਹਾਰਾਜ ਨੇ ਹੁਕਮ ਕੀਤਾ ਸੀ ਤੁਸੀਂ ਕਮਾਈ ਬਹੁਤ ਕੀਤੀ ਹੈ ਅਤੇ ਹੋਰ ਵੀ ਕਰਨੀ

ਹੈ। ਪਰ ਕਰਾਮਾਤ ਨਹੀਂ ਦਿਖਾਣੀ ਤੁਹਾਨੂੰ ਹੁਕਮ ਇਸ ਨੂੰ ਸੰਭਾਲ (ਜਰਕੇ) ਰੱਖਣ ਦਾ ਹੈ।"

ਇਕ ਵਾਰ ਬਹੁਤ ਕਾਲ ਪੈ ਗਿਆ। ਲੋਕ ਪਾਣੀ ਤੇ ਬਾਰਿਸ਼ ਤੋਂ ਬਿਨਾਂ ਤੜਫ ਰਹੇ ਸਨ। ਸੰਤ ਧੰਨਾ ਸਿੰਘ ਜੀ ਦੇ ਸੇਵਕ ਨੇ ਬੇਨਤੀ ਕੀਤੀ "ਮਹਾਰਾਜ! ਕੋਈ ਉਪਾਅ ਕਰੋ ਮੀਂਹ ਪੈ ਜਾਏ, ਲੋਕ ਬਹੁਤ ਦੁਖੀ ਹਨ।" ਉਨ੍ਹਾਂ ਨੂੰ ਕੀਤੇ ਹੋਏ ਸੰਕਲਪ ਦਾ ਖਿਆਲ ਭੁੱਲ ਗਿਆ ਤੇ ਬਚਨ ਕੀਤਾ "ਪਿੰਡ ਦੇ ਲੋਕਾਂ ਨੂੰ ਇਕੱਠੇ ਕਰਕੇ, ਜਗ ਕਰ ਦਿਓ ਮੀਂਹ ਪੈ ਜਾਏਗਾ।" ਬਾਬਾ ਜੀ ਦਾ ਬਚਨ ਸੀ "ਕਿ ਧੰਨਾ ਸਿੰਘ ਤੂੰ ਜਿਨ੍ਹਾਂ ਮੀਂਹ ਚਾਹੁੰਦਾ ਹੈ ਪਵਾ ਸਕਦਾ ਹੈ ਪਰ ਹੁਕਮ ਨਹੀਂ ਵਾਲੀ ਗੱਲ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਸਮੱਗਰੀ ਆਟਾ ਘੀ ਆਦਿ ਇਕੱਠਾ ਹੋਣਾ ਸ਼ੁਰੂ ਹੋ ਗਿਆ। "ਜਗ" ਦੀ ਤਿਆਰੀ ਹੋ ਗਈ। ਪਦਾਰਥ ਵਰਤਨਾ ਸ਼ੁਰੂ ਹੋ ਗਿਆ ਪਰ ਮੀਂਹ ਨਾ ਪਿਆ। ਮਹਾਂਪੁਰਖ ਬਰਕਤਾ ਬਖਸ਼ ਕੇ ਵੀ ਵਰਤਨ ਤੋਂ ਸੰਕੋਚ ਕਰਵਾਉਂਦੇ ਹਨ ਜੇ ਹੁਕਮ ਨਾ ਹੋਵੇ ਤਾਂ ਸਭ ਕੁਝ ਹੁੰਦੇ ਹੋਏ ਵੀ ਬਰਕਤ ਨਹੀਂ ਹੁੰਦੀ। ਜਿਵੇਂ ਫੁਰਮਾਨ ਹੈ—

**ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥**
**ਅਨਿਕ ਉਪਾਵ ਕਰੇ ਨਹੀਂ ਪਾਵੈ ਬਿਨੁ ਸਤਿਗੁਰ ਸਰਣਾਈ॥**

(ਅੰਗ ੨੦੫)

ਲੋਕਾਂ ਵਿੱਚ ਮੀਂਹ ਨਾ ਪੈਣ ਕਾਰਨ ਕਾਫੀ ਨਿਰਾਸਤਾ ਵਧੀ। ਸਰਕਾਰੀ ਮਾਮਲੇ ਦੀਆਂ ਚਿੱਠੀਆਂ ਆਉਣ ਲੱਗ ਪਈਆਂ। ਉਨ੍ਹਾਂ ਦਿਨਾਂ ਵਿੱਚ ਕਾਲ ਪੈ ਜਾਣ ਕਾਰਨ ਮਾਮਲਾ ਦੇਣਾ ਵੀ ਔਖਾ ਸੀ। ਲੋਕਾਂ ਨੇ ਇਕੱਠੇ ਹੋ ਕੇ ਨੰਬਰਦਾਰਾਂ ਨੂੰ ਕਿਹਾ "ਕਿ ਤੁਹਾਨੂੰ ਪਤਾ ਹੀ ਹੈ ਕਿ ਜੋ ਕੁਝ ਸੀ ਉਹ ਤਾਂ ਜਗ 'ਤੇ ਲਾ ਦਿੱਤਾ ਹੈ ਮਾਮਲਾ ਕਿਥੋਂ ਦੇਈਏ।" ਮਾਮਲੇ ਦੀ ਉਗਰਾਈ ਵਿੱਚ ਦੇਰ ਹੋ ਜਾਣ ਦਾ ਕਾਰਨ ਸਰਕਾਰ ਨਾਭਾ ਰਿਆਸਤ ਨੇ ਪੁੱਛਿਆ। ਭਾਈ ਰੂਪਾ ਨਾਭੇ ਦੀ ਰਿਆਸਤ ਵਿੱਚ ਪੈਂਦਾ ਸੀ। ਸਰਕਾਰ ਪੁੱਛ ਪੜਤਾਲ ਕੀਤੀ ਤਾਂ ਸਾਰੀ ਕਹਾਣੀ ਸੰਤ ਧੰਨਾ ਸਿੰਘ ਜੀ ਦੇ ਸਿਰ ਤੇ ਆ ਪਈ। ਰਾਜਾ ਹੀਰਾ ਸਿੰਘ ਨਾਭੇ ਵਾਲਿਆਂ ਨੇ ਸੰਤ ਧੰਨਾ ਸਿੰਘ

ਜੀ ਦੇ ਵਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ ਗ੍ਰਿਫਤਾਰ ਕਰਨ ਵਾਲੇ ਨਾਜਮ (ਥਾਣੇਦਾਰ) ਨੇ ਸੰਤ ਜੀ ਨੂੰ ਮਿਲ ਕੇ ਸਾਰੀ ਹਕੀਕਤ ਦੱਸੀ ਤੇ ਕਹਿਣ ਲੱਗਾ "ਮੈਂ ਦੋ ਚਾਰ ਦਿਨ ਲੇਟ ਤਾਂ ਕਰ ਸਕਦਾ ਹਾਂ ਪਰ ਵਰੰਟ ਖ਼ਤਮ ਨਹੀਂ ਕਰ ਸਕਦਾ।

ਸੰਤ ਧੰਨਾ ਸਿੰਘ ਜੀ ਨੇ ਆਪਣਾ ਇੱਕ ਸੇਵਕ ਬਾਬਾ ਜੀ ਦੇ ਚਰਨਾਂ ਵਿੱਚ ਭੇਜਿਆ। ਉਸ ਨੂੰ ਤਾਕੀਦ ਕੀਤੀ ਕਿ "ਪਹਿਲਾਂ ਭਾਈ ਵਰਿਆਮ ਸਿੰਘ ਜੀ ਕੋਲ ਜਾ ਕੇ ਸਾਰੀ ਹਕੀਕਤ ਦੱਸਣੀ ਹੈ ਫਿਰ ਉਸ ਨੂੰ ਨਾਲ ਲੈ ਕੇ ਬਾਬਾ ਜੀ ਪਾਸ ਬੇਨਤੀ ਕਰਨੀ ਹੈ ਸੇਵਕ ਤੇ ਰਹਿਮ ਕਰਨ ਲਈ।" ਸੇਵਾਦਾਰ ਨੇ ਭੁੱਚੋਂ ਪਹੁੰਚ ਕੇ ਭਾਈ ਵਰਿਆਮ ਸਿੰਘ ਜੀ ਨੂੰ ਸਾਰੀ ਵਿਥਿਆ ਸੁਣਾਈ। ਫਿਰ ਬਾਬਾ ਜੀ ਪਾਸ ਬੇਨਤੀ ਕਰਨ ਲਈ ਤੁਰ ਪਏ। ਵਰਿਆਮ ਸਿੰਘ ਨੇ ਬਾਬਾ ਜੀ ਪਾਸ ਬੇਨਤੀ ਦੇ ਰੂਪ ਵਿੱਚ ਸਾਰੀ ਕਹਾਣੀ ਸੁਣਾਈ। ਹਜ਼ੂਰ ਨੇ ਬਚਨ ਕੀਤਾ "ਉਸ ਨੇ ਆਪਣੀ ਮਰਜ਼ੀ ਕਿਉਂ ਕੀਤੀ, ਕਰਨਾ ਸੀ ਤਾਂ ਹੁਕਮ ਲੈਂਦਾ।" ਸੇਵਾਦਾਰ ਨੇ ਕਿਹਾ "ਮਹਾਰਾਜ ! ਗਲਤੀ ਹੋ ਗਈ ਮਾਫ ਕਰ ਦਿਓ।" ਹਜ਼ੂਰ ਮੇਹਰਬਾਨ ਹੋਏ ਕਹਿਣ ਲੱਗੇ "ਭਾਈ ਵਰਿਆਮ ਸਿੰਘ ਤੂੰ ਨਾਲ ਜਾ ਅਤੇ ਉਨ੍ਹਾਂ ਇੱਕ ਸ਼ਬਦ ਦੇ ਪਾਠ ਕਰਨ ਦੀ ਮਰਿਯਾਦਾ ਸਮਝਾਈ, ਇਹ ਪਾਠ ਕਰਨਾ ਹੈ। ਮੀਂਹ ਪੈ ਜਾਏਗਾ।" ਸੇਵਕ ਤਾਂ ਭਾਈ ਰੂਪੇ ਤੋਰ ਦਿੱਤਾ ਤੇ ਹਜ਼ੂਰ ਬਾਬਾ ਜੀ ਨੇ ਨਾਭੇ ਵਾਲੇ ਰਾਜੇ ਨੂੰ ਤਾਰ ਪਾ ਦਿੱਤੀ, ਲਿਖਿਆ ਸੀ "(ਆਪ ਦਾ ਕਿਆ ਅਹਿਵਾਲ ਹੈ) ਤੁਹਾਡਾ ਕੀ ਹਾਲ ਹੈ।"

ਰਾਜੇ ਹੀਰਾ ਸਿੰਘ ਵੱਲੋਂ ਤੁਰੰਤ ਜਵਾਬ ਆਇਆ "ਆਪ ਕੋ ਮੇਰਾ ਹਾਲ ਜਾਣਨੇ ਕੀ ਕਿਆ ਜ਼ਰੂਰਤ ਹੈ।" ਮਹਾਂਪੁਰਖਾਂ ਦੇ ਵਰੰਟ ਜਾਰੀ ਕਰਨ ਵਾਲੇ ਦਾ ਹਸ਼ਰ (ਹਾਲ) ਕੀ ਹੁੰਦਾ ਹੈ ਉਹ ਹੋਣਾ ਸ਼ੁਰੂ ਹੋ ਗਿਆ। ਟਿੱਕਾ ਰਿਪਦੁਮਨ ਸਿੰਘ ਦੇ ਪੇਟ ਵਿੱਚ ਦਰਦ ਸ਼ੁਰੂ ਹੋ ਗਿਆ ਕੁਝ ਹੀ ਸਮੇਂ ਵਿੱਚ ਲਾਇਲਾਜ ਹੋ ਗਿਆ। ਇਧਰੋਂ ਥੋੜ੍ਹੀ ਦੇਰ ਬਾਅਦ ਹੀ ਹਜ਼ੂਰ ਨੇ ਇੱਕ ਸੇਵਕ ਇਲੈਚੀਆਂ ਦੇ ਕੇ ਨਾਭੇ ਨੂੰ ਭੇਜ ਦਿੱਤਾ ਅਤੇ "ਕਹਿੰਦੇ ਕਿ ਸਾਨੂੰ

ਤੇਰਾ ਹਾਲ ਜਾਨਣ ਦੀ ਤਾਂ ਲੋੜ ਪਈ ਕਿ ਤੂੰ ਸਾਡੇ ਬੇਟੇ ਨੂੰ ਹੱਥਕੜੀ ਲਾਉਣ ਦਾ ਹੁਕਮ ਦਿੱਤਾ ਹੈ। ਹੁਣ ਦੱਸ ਹੱਥਕੜੀ ਸਾਡੇ ਸੇਵਕ ਨੂੰ ਪਹਿਲਾਂ ਲੱਗੀ ਜਾਂ ਤੇਰੇ ਪੁੱਤ ਨੂੰ।"

ਸੇਵਕ ਨੇ ਕਿਹਾ "ਹਜ਼ੂਰ ! ਇਹ ਕਹਿਣ ਦੀ ਮੇਰੀ ਹਿੰਮਤ ਨਹੀਂ ਹੋਣੀ।"

ਹਜ਼ੂਰ ਨੇ ਕਿਹਾ "ਤੂੰ ਰਾਜੇ ਕੋਲ ਜਾਣਾ ਹੀ ਹੈ ਜੋ ਕਹਿਣਾ ਹੈ ਅਸੀਂ ਆਪ ਹੀ ਕਹਿ ਦੇਵਾਂਗੇ। ਜੇ ਰਾਜਾ ਗ੍ਰਿਫਤਾਰੀ ਦੇ ਹੁਕਮ ਵਾਪਸ ਲੈ ਲਵੇ ਤਾਂ ਇੱਕ ਇਲੈਚੀ ਟਿੱਕੇ ਨੂੰ ਦੇ ਦੇਣੀ।"

ਨਾਭੇ ਪਹੁੰਚ ਕੇ ਸੇਵਕ ਨੇ ਰਾਜਾ ਹੀਰਾ ਸਿੰਘ ਨੂੰ ਬਾਬਾ ਜੀ ਦੇ ਬਚਨ ਸੁਣਾ ਦਿੱਤੇ। ਟਿਕੇ ਦੀ ਹਾਲਤ ਅਤੀ ਖਰਾਬ ਸੀ। ਰਾਜੇ ਨੇ ਗਲਤੀ ਮੰਨ ਕੇ ਹਜ਼ੂਰ ਤੋਂ ਸੇਵਕ ਰਾਹੀਂ ਮਾਫੀ ਦੀ ਮੰਗ ਕੀਤੀ ਅਤੇ ਗ੍ਰਿਫਤਾਰੀ ਵਰੰਟ ਰੱਦ ਕਰ ਦਿੱਤੇ। ਸੇਵਕ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਇੱਕ ਇਲੈਚੀ ਟਿਕੇ ਨੂੰ ਦੇ ਦਿੱਤੀ। ਟਿਕੇ ਦਾ ਦਰਦ ਬੰਦ ਹੋ ਗਿਆ ਉਹ ਅਰਾਮ ਵਿੱਚ ਹੋ ਗਿਆ। ਰਾਜਾ ਇਹ ਕੌਤਕ ਦੇਖ ਕੇ ਹੈਰਾਨ ਹੋ ਗਿਆ ਅਤੇ ਹਜ਼ੂਰ ਦੇ ਦਰਸ਼ਨ ਕਰਨ ਦਾ ਮਨ ਬਣਾ ਲਿਆ। ਦਰਸ਼ਨ ਕਰਨ ਦਾ ਪ੍ਰਸੰਗ ਅੱਗੇ ਆਵੇਗਾ। ਇਸ ਤੋਂ ਉਪਰੰਤ ਭਾਈ ਰੂਪੈ ਮੀਂਹ ਵੀ ਹੁਕਮ ਅਨੁਸਾਰ ਪੈ ਗਿਆ। ਇਲਾਕਾ ਖ਼ੁਸ਼ ਹੋ ਉੱਠਿਆ। ਸਾਰੀ ਸ੍ਰਿਸਟੀ ਮਹਾਂਪੁਰਖ ਦੇ ਹੁਕਮ ਵਿੱਚ ਹੁੰਦੀ ਹੈ ਕਿਉਂਕਿ ਮਹਾਂਪੁਰਖ ਪ੍ਰਮੇਸ਼ਰ ਦਾ ਹੀ ਰੂਪ ਹੁੰਦੇ ਹਨ।

(ਇਹ ਪ੍ਰਸੰਗ ਸ੍ਰ. ਜੋਗਿੰਦਰ ਸਿੰਘ ਢਿਲੋਂ (ਕਾਕਾ ਜੀ) ਅਤੇ ਸ੍ਰ. ਬਲਵੀਰ ਸਿੰਘ ਤੋਂ ਮਿਲਿਆ)

## ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥

**(ਮਾਰੂ ਬਾਣੀ ਰਵਿਦਾਸ ਜੀ ਅੰਗ ੧੧੦੬)**

ਹੇ ਪਿਆਰੇ ! ਇਹੋ ਜਿਹੀ ਕਰਨੀ ਤੇਰੇ ਬਿਨਾਂ ਕੋਈ ਨਹੀਂ ਕਰ ਸਕਦਾ ਪ੍ਰਤੱਖ ਕੌਤਕ ਕਰਨ ਦੀ ਸਮੱਰਥਾ ਤਾਂ ਪੂਰਨ ਮਹਾਂਪੁਰਖ ਹੀ ਰੱਖਦੇ ਹਨ। ਜਿੰਨਾਂ ਪ੍ਰਭੂ ਦੀ ਭਗਤੀ ਕਰਕੇ, ਉਸ ਨਾਲ ਅਥਾਹ ਪਿਆਰ ਪਾ ਕੇ, ਇਹ

ਸਭ ਪ੍ਰਤੱਖ ਕਰਨ ਦੀ ਸ਼ਕਤੀ ਧਾਰਨ ਕੀਤੀ ਹੋਈ ਹੈ। ਇਨਸਾਨ ਦੀ ਜਿਹੋ ਜਿਹੀ ਚੀਜ਼ ਨਾਲ ਪ੍ਰੀਤ ਲੱਗ ਗਈ ਉਹੋ ਜਿਹਾ ਹੋ ਜਾਵੇਗਾ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਾਹਿਗੁਰੂ ਦੇ ਪਿਆਰ ਦੀ ਗੱਲ ਕੀਤੀ ਹੈ। ਇਸੇ ਤਰ੍ਹਾਂ ਰਮਾਇਣ, ਗੀਤਾ ਤੇ ਕੁਰਾਨ ਸਰੀਫ ਪਿਆਰ ਦੀ ਬਹੁਪੱਖੀ ਮਹਿਮਾਂ ਦਰਸਾਉਂਦੇ ਕਹਿੰਦੇ ਹਨ ਕਿ ਸਰੀਰ ਸਵਾਸਾਂ ਨਾਲ ਜੀਂਦਾ ਹੈ ਅਤੇ ਆਤਮਾ ਪ੍ਰੀਤੀ ਨਾਲ। ਗੁਰੂ ਨਾਨਕ ਦੇਵ ਜੀ ਦਾ ਮਾਰਗ ਹੀ ਪ੍ਰੇਮ ਮਾਰਗ ਹੈ। ਪ੍ਰੇਮ ਸਾਡੀ ਜ਼ਿੰਦਗੀ ਦਾ ਅਧਾਰ ਹੈ। ਆਤਮਿਕ ਉੱਚਤਾ ਦੀ ਸੀੜ੍ਹੀ ਹੈ, ਸਮਾਜਿਕ ਢਾਂਚੇ ਦਾ ਧੁਰਾ ਹੈ ਤੇ ਪ੍ਰਭੂ ਦੇ ਮਿਲਾਪ ਲਈ ਪੱਕਾ ਰਾਹ ਵੀ। ਪਿਆਰ ਦੀ ਅਵੱਸਥਾ ਇਤਨੀ ਉੱਚੀ ਤੇ ਸਨਮਾਨ ਜਨਕ ਹੈ ਕਿ "ਯਾਰੜੇ ਦਾ ਸਥਰ" ਵੀ ਐਸ਼ ਅਰਾਮ ਦੀ ਜ਼ਿੰਦਗੀ ਨਾਲੋਂ ਵੱਧ ਅਨੰਦਮਈ ਜਾਪਦਾ ਹੈ। ਅਜਿਹਾ ਪ੍ਰੇਮ ਪੰਚਮ ਪਾਤਸ਼ਾਹ ਨੇ ਆਪ ਪ੍ਰਾਣਾਂ ਦੀ ਅਹੂਤੀ ਦੇ ਕੇ ਪ੍ਰਚਾਰਿਆ ਹੈ। ਇਸ ਪ੍ਰੇਮ ਦੀ ਮਿਸਾਲ ਨੂੰ ਪੱਕਾ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ। ਅਜਿਹੇ ਪ੍ਰੇਮ, ਪਤੰਗੇ ਵਾਂਗ ਸਮੇਂ ਉੱਤੇ ਆਪਣੇ ਆਪ ਨੂੰ ਨਛਾਵਰ ਕਰਕੇ ਵੀ ਆਪਣੇ ਪ੍ਰੀਤਮ ਦੇ ਦਰਬਾਰ ਵਿੱਚ ਮਕਬੂਲ ਹੋ ਜਾਂਦੇ ਹਨ। ਫਿਰ ਇਹ ਪ੍ਰੇਮ ਦੀਵਾਨੇ ਪ੍ਰਮੇਸ਼ਰ ਦੇ ਦਰਬਾਰ ਵਿੱਚ ਇੱਕ ਅਹਿਮ ਪਦਵੀ ਪਾ ਲੈਂਦੇ ਹਨ। ਜੋ ਚਾਹੁੰਦੇ ਹਨ ਕਰ ਸਕਦੇ ਹਨ। ਸਾਰੀ ਸ੍ਰਿਸ਼ਟੀ ਉਸ ਹੁਕਮ ਵਿੱਚ ਹੋ ਜਾਂਦੀ ਹੈ ਜੋ ਲ੍ਹੀਲਾ ਵਰਤਾਉਣੀ ਚਾਹੁੰਦੇ ਹੋਣ ਆਪਣੀ ਸ਼ਕਤੀ ਨਾਲ ਮਹਾਂਪੁਰਖ ਵਰਤਾ ਸਕਦੇ ਹਨ। ਇਸ ਤਰ੍ਹਾਂ ਦੀ ਸ਼ਕਤੀ ਦਾ ਪ੍ਰਯੋਗ ਕੀਤਾ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਨੇ ਚੋਰਨੀ ਨੂੰ ਰਾਣੀ ਦਾ ਖਿਤਾਬ ਬਖਸ਼ਿਆ।

**ਭੇਖਾਰੀ ਤੇ ਰਾਜੁ ਕਰਾਵੈ॥ ਰਾਜਾ ਤੇ ਭੇਖਾਰੀ॥**

**(ਸਾਰੰਗ ਕਬੀਰ ਜੀ ਅੰਗ ੧੨੫੨)**

ਡੇਰੇ ਦੇ ਲੰਗਰ ਵਿੱਚ ਪ੍ਰਸ਼ਾਦਾ ਵਰਤ ਰਿਹਾ ਦੇਖ ਕੇ ਦੋ ਜਵਾਨ ਆਦਮੀ ਤੇ ਇੱਕ ਉਨ੍ਹਾਂ ਦੀ ਮੁਟਿਆਰ ਭੈਣ ਪ੍ਰਸ਼ਾਦਾ ਛਕਣ ਲਈ ਆਏ। ਪਰ ਸੇਵਕ ਨੇ ਕਿਹਾ ਕਿ ਇਹ ਹੁਕਮ ਬਿਨ੍ਹਾ ਨਹੀਂ ਮਿਲਣਾ। ਪਹਿਲਾਂ ਬਾਬਾ ਜੀ ਪਾਸੋਂ ਆਗਿਆ ਲੈ ਕੇ ਆਉਣਾ ਪਵੇਗਾ। ਇਹ ਤਿੰਨੇ ਹੀ ਬਾਬਾ ਜੀ

ਦੇ ਦਰਸ਼ਨ ਕਰਨ ਲਈ ਟਿੱਲੇ ਵੱਲ ਜਾਣ ਲੱਗੇ। ਤਾਂ ਸੇਵਕ ਨੇ ਬਾਬਾ ਜੀ ਪਾਸ ਬੇਨਤੀ ਕੀਤੀ "ਮਹਾਰਾਜ ! ਇੱਕ ਲੜਕੀ ਜਿਸ ਦੇ ਪਾਸ ਇੱਕ ਸੋਟੀ ਲੋਹੇ ਦੇ ਪੋਲਰੇ ਵਾਲੀ ਹੈ। ਦਰਸ਼ਨ ਕਰਨ ਅਤੇ ਲੰਗਰ ਛਕਣ ਦੀ ਆਗਿਆ ਲੈਣਾ ਚਾਹੁੰਦੀ ਹੈ।"

ਹਜ਼ੂਰ ਬਾਬਾ ਜੀ ਨੇ ਹੁਕਮ ਦਿੱਤਾ ਆਉਣ ਦਿਓ।"

(ਬਾਬਾ ਜੀ ਲੋਹਾ ਮੱਥੇ ਨਹੀਂ ਲਾਉਂਦੇ ਸਨ ਪਰ ਇਸ ਨੂੰ ਸੋਟੀ ਵੀ ਨਾਲ ਲੈ ਕੇ ਆਉਣ ਲਈ ਕਹਿ ਦਿੱਤਾ।)

ਸੇਵਕ ਨੇ ਉਨ੍ਹਾਂ ਨੂੰ ਬਾਬਾ ਜੀ ਦਾ ਹੁਕਮ ਸੁਣਾ ਦਿੱਤਾ। ਤਿੰਨੇ ਉੱਪਰ ਟਿਲਾ ਸਾਹਿਬ ਤੇ ਚਲੇ ਗਏ।

ਬਾਬਾ ਜੀ ਨੇ ਪੁੱਛਿਆ 'ਕੌਣ ਹੋ, ਕਿਥੋਂ ਆਏ ਹੋ, ਕੀ ਕੰਮ ਕਰਦੇ ਹੋ।"

ਮੁੰਡੇ ਤਾਂ ਬੋਲੇ ਨਹੀਂ ਉਨ੍ਹਾਂ ਦੀ ਭੈਣ ਬੋਲੀ "ਮਹਾਰਾਜ ! ਮੇਰਾ ਨਾਮ 'ਗਾਮਾਂ' ਹੈ। ਇਹ ਮੇਰੇ ਭਰਾ ਹਨ। ਅਸੀਂ ਚੋਰ ਹਾਂ। ਸਾਡਾ ਕੰਮ ਚੋਰੀ ਕਰਨਾ ਹੈ ਦਿਨ ਦੇ ਵਕਤ ਮੈਂ ਮੰਗਣ ਦੇ ਬਹਾਨੇ ਘਰ ਦੀਆਂ ਜਨਾਨੀਆਂ ਕੋਲ ਅੰਦਰ ਚਲੀ ਜਾਂਦੀ ਹਾਂ ਤੇ ਨਿਗਾਹ ਕਰ ਆਉਂਦੀ ਹਾਂ ਕਿ ਕੰਧ ਨੂੰ ਕਿਸ ਥਾਂ ਤੋਂ ਪਾੜ (ਸੰਨ) ਲੱਗ ਸਕਦਾ ਹੈ। ਜਦੋਂ ਰਾਤ ਹੋ ਜਾਂਦੀ ਹੈ ਤਾਂ ਅਸੀਂ ਪਾੜ ਲਾ ਕੇ ਚੋਰੀ ਕਰਦੇ ਹਾਂ ਤੇ ਆਪਣਾ ਗੁਜਾਰਾ ਕਰਦੇ ਹਾਂ ਅਸੀਂ ਜਾਤ ਦੇ ਸਾਂਹਸੀ (ਸ਼ੈਸੀ) ਹਾਂ।

ਪਾਤਸ਼ਾਹ ਨੇ ਬਚਨ ਕੀਤਾ "ਇਹ ਜੋ ਸੋਟੀ ਤੇਰੇ ਪਾਸ ਹੈ ਸਾਨੂੰ ਦੇ ਦੇ। "ਮਹਾਰਾਜ ! ਤੁਸੀਂ ਇਸ ਤੋਂ ਚੰਗੀ ਬਣਾ ਲਵੋਗੇ। ਇਹ ਤਾਂ ਮੈਂ ਕੁੱਤੇ ਬਿੱਲੇ ਤੋਂ ਰੱਖੀ ਹੈ।" ਗਾਮਾ ਨੇ ਜਵਾਬ ਦਿੱਤਾ।

"ਇਹ ਸੋਟੀ ਸਾਨੂੰ ਦੇ ਦੇ ਅਸੀਂ ਇਸ ਤੋਂ ਕਈ ਕੰਮ ਲਿਆ ਕਰਾਂਗੇ। ਤੈਨੂੰ ਇਸ ਸੋਟੀ ਬਦਲੇ ਰਾਣੀ ਬਣਾ ਦਿਆਂਗੇ।" ਹਜ਼ੂਰ ਨੇ ਬਚਨ ਕੀਤਾ। ਗਾਮਾ ਨੇ ਸੋਟੀ ਦਿੱਤੀ ਤੇ ਹਜ਼ੂਰ ਨੇ ਬਚਨ ਕੀਤਾ। "ਜਾਹ ਰਾਣੀ ਬਣ ਗਈ।"

ਲੰਗਰ ਛਕਣ ਉਪਰੰਤ ਉਹ ਤਿੰਨੇ ਹੀ ਚਲੇ ਗਏ। ਕੁਝ ਦਿਨਾਂ ਬਾਅਦ ਹੀ ਉਹ ਬਹਾਵਲਪੁਰ ਰਿਆਸਤ ਵਿੱਚ ਉਹ ਚੋਰੀ ਕਰਨ ਦਾ ਕੰਮ ਕਰਨ ਲੱਗੇ। ਇਕ ਦਿਨ ਮੌਕੇ ਤੇ ਹੀ ਚੋਰੀ ਕਰਦੇ ਫੜੇ ਗਏ। ਮੁਕੱਦਮਾ ਚੋਰੀ ਦਾ ਚੱਲਿਆ ਅਤੇ ਕੈਦ ਹੋ ਗਈ। ਤਿੰਨਾਂ ਨੂੰ ਬਹਾਵਲ ਪੁਰ ਜੇਲ ਵਿੱਚ ਬੰਦ ਕਰ ਦਿੱਤਾ। ਇੱਕ ਦਿਨ ਨਵਾਬ ਬਹਾਵਲਪੁਰ ਜੇਲ ਦਾ ਮੁਆਇਨਾ ਕਰਨ ਆਇਆ। ਜਦ ਨਵਾਬ ਗਾਮਾ ਦੀ ਬੈਰਕ ਅੱਗੇ ਪਹੁੰਚਿਆ ਤਾਂ ਇਸ ਦੀ ਸੁੰਦਰਤਾ ਨੂੰ ਦੇਖ ਕੇ ਉਥੇ ਹੀ ਰੁਕ ਗਿਆ ਅਤੇ ਜੇਲ ਅਧਿਕਾਰੀ ਨੂੰ ਪੁੱਛਣ ਲੱਗਾ “ਇਹ ਲੜਕੀ ਕੌਣ ਹੈ ਇਹ ਕਿਸ ਦੋਸ਼ ਵਿੱਚ ਕੈਦ ਕੱਟ ਰਹੀ ਹੈ।”

ਅਧਿਕਾਰੀ ਨੇ ਜਵਾਬ ਦਿੱਤਾ “ਜਨਾਬ ! ਇਹ ਲੜਕੀ ਤੇ ਦੋ ਇਸ ਦੇ ਭਾਈ ਚੋਰੀ ਦੇ ਕੇਸ ਵਿੱਚ ਕੈਦ ਕੱਟ ਰਹੇ ਹਨ।”

ਨਵਾਬ ਨੇ ਹੁਕਮ ਦਿੱਤਾ ‘ਇਸ ਨੂੰ ਤੁਰੰਤ ਰਿਹਾਅ ਕਰਕੇ ਮੇਰੇ ਮਹਿਲਾਂ ਵਿੱਚ ਭੇਜਿਆ ਜਾਵੇ। ਮੈਂ ਇਸ ਨਾਲ ਨਕਾਹ ਕਰਾਂਗਾ। ਇਹ ਮੇਰੀ ਬੇਗਮ ਬਣੇਗੀ। ਹੁਕਮ ਦੀ ਤੁਰੰਤ ਤਾਮੀਲ ਕੀਤੀ ਜਾਵੇ।”

ਬੰਦੀਖਾਨੇ ਤੋਂ ਮਹਿਲਾਂ ਵਿੱਚ ਪਹੁੰਚ ਗਈ। ਨਵਾਬ ਨੇ ਕਾਜ਼ੀ ਬੁਲਾ ਕੇ ਨਿਕਾਹ ਕਰਵਾ ਲਿਆ। “ਗਾਮਾ” ਰਾਣੀ ਬਣ ਗਈ। ਮਹਾਂਪੁਰਖਾਂ ਦਾ ਬਚਨ ਅੱਟਲ ਸ੍ਰੀ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਗਿਆ। ਹਾਰ ਸ਼ਿੰਗਾਰ ਲੱਗਿਆ ਹੋਇਆ ਹੈ ਮਨ ਬਾਬਾ ਜੀ ਦੇ ਚਰਨਾਂ ਵਿੱਚ ਸਜਦਾ ਕਰ ਰਿਹਾ ਹੈ ਤੇ ਅਥਰੂ ਪਿਆਰ ਨਾਲ ਚਰਨਾਂ ਨੂੰ ਮਨ ਦੀ ਕਲਪਨਾ ਰਾਹੀਂ ਧੋ ਰਹੇ ਹਨ। ਮਹਾਂਪੁਰਖਾਂ ਅੱਗੇ ਸੱਚ ਬੋਲਣ ਦੀ ਇਹੀ ਪਦਵੀ ਮਿਲੀ। ਨਵਾਬ ਨੂੰ ਕਹਿ ਕੇ ਆਪਣੇ ਭਰਾ ਵੀ ਰਿਹਾਅ ਕਰਵਾ ਲਏ ਅਤੇ ਉਨ੍ਹਾਂ ਨੂੰ ਇੱਕ ਇੱਕ ਪਿੰਡ ਗੁਜਾਰੇ ਲਈ ਦੇ ਦਵਾ ਦਿੱਤਾ। ਮਹਿਲਾਂ ਵਿੱਚ ਰਹਿੰਦੀ ਹੋਈ ਵੀ ਸਤਿਗੁਰਾਂ ਦੇ ਬਚਨ ਹਰ ਵੇਲੇ ਯਾਦ ਰੱਖਦੀ। ਇੱਕ ਦਿਨ ਸਾਰੀ ਹਕੀਕਤ ਨਵਾਬ ਨੂੰ ਸੁਣਾ ਦਿੱਤੀ ਉਸ ਨੂੰ ਵੀ ਬਾਬਾ ਜੀ ਦੇ ਦਰਸ਼ਨ ਕਰਨ ਲਈ ਪ੍ਰੇਰਿਆ। ਕੁਝ ਸਮੇਂ ਬਾਅਦ ਦੋਨੋਂ ਪਤੀ ਪਤਨੀ ਬਾਬਾ ਜੀ ਦੇ ਦਰਸ਼ਨ

ਕਰਨ ਲਈ ਭੁੱਚੋਂ ਕਲਾਂ ਪਹੁੰਚ ਗਏ। ਸੇਵਕ ਪਾਸ ਅਰਜੋਈ ਕੀਤੀ ਕਿ "ਪਾਤਸ਼ਾਹ ਦੇ ਦਰਸ਼ਨ ਕਰਨੇ ਹਨ।" ਸੇਵਕ ਨੇ ਬਾਬਾ ਜੀ ਅੱਗੇ ਉਨ੍ਹਾਂ ਦੀ ਅਰਜ਼ ਗੁਜਾਰੀ ਤਾਂ ਹੁਕਮ ਮਿਲਿਆਂ "ਆ ਜਾਣ ਦਿਓ।"

ਨਵਾਬ ਅਤੇ ਬੇਗਮ ਨਮਸਕਾਰ ਕਰਕੇ ਬੈਠ ਗਏ। ਹਜ਼ੂਰ ਨੇ ਤੱਕ ਕੇ ਬਚਨ ਕੀਤਾ 'ਬਣ ਗਈ ਨਾ ਰਾਣੀ।" ਆਹ ! ਪਈ ਹੈ ਤੇਰੀ ਸੋਟੀ ਇਸ ਨੇ ਰਾਣੀ ਬਣਾ ਦਿੱਤੀ ਹੈ। ਪਰ ਇਹ ਹੁਣ ਸਾਡੇ ਕੋਲ ਹੀ ਰਹੇਗੀ।" ਬੇਗਮ ਨੇ ਅੱਗੇ ਹੋ ਕੇ ਕੁਝ ਮਾਇਆ ਭੇਂਟ ਕਰਨੀ ਚਾਹੀ ਪਰ ਹਜ਼ੂਰ ਨੇ ਰੋਕ ਦਿੱਤਾ ਕਿਉਂਕਿ ਉਸ ਦੇ ਮਨ ਦੀ ਭਾਵਨਾ ਅੰਤਰਜਾਮਤਾ ਦੀ ਨਜ਼ਰ ਨਾਲ ਦੇਖ ਲਈ ਸੀ ਕਿ ਇਹ ਮੁੰਡਾ ਚਾਹੁੰਦੀ ਹੈ। ਬਚਨ ਕੀਤਾ "ਮੁੰਡਾ ਅਜੇ ਨਹੀਂ ਹੋਵੇਗਾ।" ਦਰਸ਼ਨ ਕਰਨ ਉਪਰੰਤ ਮੁੜ ਗਏ ਦੂਜੀ ਵਾਰ ਫਿਰ ਆਈ। ਹਜ਼ੂਰ ਨੇ ਫਿਰ ਬਚਨ ਕੀਤਾ "ਅਜ਼ੇ ਕੋਈ ਮੁਸਲਾ ਤੁਹਾਡੇ ਘਰ ਨਹੀਂ ਜੰਮਦਾ।" ਉਸ ਨੇ ਵੀ ਪੱਲਾ ਨਹੀਂ ਛੱਡਿਆ ਕਿਉਂਕਿ ਉਸ ਨੇ ਪ੍ਰਤੱਖ ਦੇਖ ਲਿਆ ਸੀ ਕਿ ਇਹ ਪੂਰਨ ਮਹਾਂਪੁਰਖ ਸ਼ਰਬ ਸ਼ਕਤੀਮਾਨ ਹਨ। ਤੀਸਰੀ ਵਾਰ ਫਿਰ ਆ ਗਈ। ਹਜ਼ੂਰ ਨੇ ਪ੍ਰਸੰਨਤਾ ਅੰਦਰ ਬਚਨ ਕੀਤਾ "ਹੁਣ ਪੁੱਤਰ ਹੋਵੇਗਾ।" ਸ਼ਹਿਨਸ਼ਾਹ ਪਾਸੋਂ ਮਿੱਠੀਆਂ ਮੁਰਾਦਾ ਲੈ ਕੇ ਵਾਪਸ ਚੱਲੀ ਗਈ। ਸਾਲ ਬਾਅਦ ਘਰ ਪੁੱਤਰ ਹੋ ਗਿਆ। ਚੋਥੀ ਵਾਰ ਝੋਲੀਆਂ ਭਰ ਕੇ ਦਰਸ਼ਨ ਕਰਨ ਲਈ ਆਈ ਅਤੇ ਨਾਲ ਹੀ ਕੁਝ ਭੇਟਾਂ ਲੈ ਕੇ ਆਈ। ਭੇਟਾ ਪੰਜ ਸੌ ਰੁਪਈਆਂ ਇੱਕ ਸ਼ਾਹੀ ਲਿਬਾਸ ਵਾਲੀ ਪੁਸ਼ਾਕ ਜਰੀਦਾਰ ਜੋੜਾ, ਕੰਗਨਾ ਦੀ ਜੋੜੀ, ਹੱਥ ਦੀਆਂ ਉਂਗਲਾ ਵਾਸਤੇ ਛਾਪ (ਜਿਨ੍ਹਾਂ ਵਿੱਚ ਨਗ ਜੜੇ ਹੋਏ ਸਨ), ਸੋਨੇ ਦੀ ਛੜੀ, ਜਰੀਦਾਰ ਦਸਤਾਰ ਆਦਿ ਕਈ ਕੁਝ ਲੈ ਕੇ ਆਈ ਹਜ਼ੂਰ ਹੱਸ ਕੇ ਬਚਨ ਕਰਨ ਲੱਗੇ "ਇਸ ਦੀ ਕੀ ਲੋੜ ਸੀ, ਸਾਡੇ ਇਹ ਕਿਸ ਕੰਮ ਹੈ।"

ਬੇਗਮ ਨੇ ਸਿਰ ਨਿਵਾ ਬੇਨਤੀ ਕੀਤੀ "ਹਜ਼ੂਰ ਇਹ ਦਾਤ ਵੀ (ਪੁੱਤਰ ਦੀ ਦਾਤ) ਇਹ ਵੀ ਸਭ ਕੁਝ ਤੁਹਾਡਾ ਹੀ ਹੈ ਕੰਮ ਆ ਜਾਏਗਾ ਜਿਵੇਂ ਕਬੀਰ ਜੀ ਦਾ ਫੁਰਮਾਨ ਹੈ —

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥**

(ਸਲੋਕ ਕਬੀਰ ਜੀ, ਅੰਗ ੧੩੭੫)

ਬੇਨਤੀ ਉਪਰੰਤ ਹਜ਼ੂਰ ਨੇ ਸਭ ਚੀਜ਼ਾਂ ਪ੍ਰਵਾਨ ਕਰ ਲਈਆਂ ਸ਼ਾਹੀ ਲਿਬਾਸ ਕਦੇ ਕਦੇ ਰਾਤ ਨੂੰ ਪਹਿਨਦੇ ਸਨ। ਫਿਰ ਰਜਾਈ ਦੀ ਬੁੱਕਲ ਮਾਰ ਕੇ ਕੁਝ ਸਮਾਂ ਬੈਠੇ ਰਹਿਣਾ। ਫਿਰ ਖਜਾਨੇ ਵਿੱਚ ਸੰਭਾਲ ਦੇਣਾ। ਸੋਟੀ ਦੇ ਅੱਜ ਵੀ ਦਰਸ਼ਨ ਕਰਵਾਏ ਜਾਂਦੇ ਹਨ। ਇਸ ਨੂੰ ਰਾਣੀ ਵਾਲੀ ਸੋਟੀ ਆਖਦੇ ਹਨ। ਹਜ਼ੂਰ ਦੇ ਸਮੇਂ ਜੇ ਕੋਈ ਬੀਮਾਰ ਹੋ ਜਾਂਦਾ ਤਾਂ ਬਚਨ ਕਰਦੇ ਸਨ "ਰਾਣੀ ਵਾਲੀ ਸੋਟੀ ਇਸ ਦੇ ਨਾਲ ਪਾ ਦਿਉ ਠੀਕ ਹੋ ਜਾਵੇਗਾ।" ਇਸ ਤਰ੍ਹਾਂ ਬੀਮਾਰ ਨੂੰ ਅਰਾਮ ਆ ਜਾਂਦਾ।

ਸੋਟੀ ਪਰਥਾਇ ਇੱਕ ਹੋਰ ਪ੍ਰਸੰਗ ਹੈ। ਕੱਚੀ ਭੁੱਚੋਂ ਦੇ ਸੇਵਕ ਭਾਈ ਜੈਮਲ ਸਿੰਘ ਦੇ ਤਿੰਨ ਲੜਕੇ ਸਨ। ਜਲੌਰ ਸਿੰਘ ਉਮਰ 27 ਸਾਲ ਅਤੇ ਜਿਉਣ ਸਿੰਘ ਦੀ ਉਮਰ 22 ਸਾਲ ਦੋਵੇਂ ਸ਼ਾਦੀ ਸ਼ੁਦਾ ਸਨ। ਅਚਾਨਕ ਦੋਨਾਂ ਦੀ ਮੌਤ ਹੋ ਗਈ। ਵਿਚਕਾਰਲਾ ਲੜਕਾ ਈਸ਼ਰ ਸਿੰਘ ਕੁਆਰਾ ਸੀ। ਇੱਕ ਮਾਈ ਨੇ ਇਸ ਤੇ ਚਾਦਰ ਪਾ ਲਈ। ਪਿਤਾ ਜੈਮਲ ਸਿੰਘ ਪੁੱਤਰਾਂ ਦੀ ਮੌਤ ਦਾ ਸਦਮਾ ਨਾ ਝੱਲ ਸਕਿਆ ਉਹ ਵੀ ਚੜਾਈ ਕਰ ਗਿਆ। ਕਿਸੇ ਨੇ ਬਾਬਾ ਜੀ ਨੂੰ ਖ਼ਬਰ ਦਿੱਤੀ ਕਿ ਸ੍ਰ. ਜੈਮਲ ਸਿੰਘ ਚੜਾਈ ਕਰ ਗਿਆ ਹੈ। ਹਜ਼ੂਰ ਨੇ ਬਚਨ ਕੀਤਾ ਤੁਸੀਂ ਸਾਨੂੰ ਪਹਿਲਾਂ ਕਿਉਂ ਨਹੀਂ ਦੱਸਿਆ। ਉਸ ਨੇ ਅਜੇ ਨਹੀਂ ਮਰਨਾ ਸੀ—

ਉਸ ਦੇ ਅਜੇ 27 ਸਾਲ ਬਾਕੀ ਸਨ। ਉਸ ਨੂੰ ਜਾਣ ਨਹੀਂ ਦੇਣਾ ਸੀ, ਚੰਗਾ! ਇਸ ਘਰ ਹੀ ਫਿਰ ਜਨਮ ਲਵੇਗਾ।

ਇਕ ਸਾਲ ਬਾਅਦ ਈਸ਼ਰ ਸਿੰਘ ਦੇ ਘਰ ਲੜਕਾ ਪੈਦਾ ਹੋਇਆ ਬਾਬਾ ਜੀ ਪਾਸ ਲੜਕੇ ਬਾਰੇ ਦੱਸਿਆ ਤਾਂ ਬਚਨ ਹੋਇਆ "ਇਹ ਜੈਮਲ ਸਿੰਘ ਗਿੱਲ ਮੁੜ ਕੇ ਆਇਆ ਹੈ ਆਪਣੇ ਘਰ ਵਿੱਚ ਸਤਾਈ ਸਾਲ ਬਾਕੀ ਉਮਰ ਗੁਜਾਰੇਗਾ ਤੇ ਬਾਕੀ ਹੋਰ ਉਮਰ ਵੀ ਲਵੇਗਾ। ਜੋ ਇਸ ਜਨਮ ਦੀ ਹੈ।"

ਸਤਾਈ ਸਾਲ ਬਾਅਦ ਇਹ ਲੜਕੇ ਗੁਰਬਚਨ ਸਿੰਘ ਦੇ ਕਹੀ ਵਜੀ ਅਤੇ ਲੱਤ ਖਰਾਬ ਹੋ ਗਈ ਡਾਕਟਰ ਨੇ ਸਲਾਹ ਦਿੱਤੀ "ਕਿ ਇਸ ਦੀ ਲੱਤ ਕੱਟਣੀ ਪਵੇਗੀ ਕਿਉਂਕਿ ਪਲਮ ਦੌੜ ਗਈ ਹੈ।" ਹਜ਼ੂਰ ਉਸ ਸਮੇਂ 'ਚੋਲਾ' ਛੱਡ ਗਏ ਸਨ। ਗੁਰਬਚਨ ਸਿੰਘ ਦੇ ਮਾਮੇ ਮੋਤਾ ਸਿੰਘ (ਕਾਹਨ ਸਿੰਘ ਵਾਲਾ) ਨੂੰ ਮਹਾਂਪੁਰਖਾਂ ਦਾ ਬਚਨ ਯਾਦ ਆਇਆ "ਕਿ ਇਹ ਇਸ ਜਨਮ ਦੀ ਉਮਰ ਭੋਗੇਗਾ।" ਚਲੋ ਉਥੇ ਹੀ ਲੈ ਕੇ ਜਾਂਦੇ ਹਾਂ। ਗੁਰਬਚਨ ਸਿੰਘ ਨੂੰ ਲੈ ਕੇ ਬਾਬਾ ਜੀ ਦੇ ਡੇਰੇ ਪਹੁੰਚ ਗਏ। ਉਸ ਸਮੇਂ ਗੱਦੀ ਉੱਪਰ ਬਾਬਾ ਨਰੈਣ ਸਿੰਘ ਜੀ ਮਹਾਰਾਜ ਬਿਰਾਜਮਾਨ ਸਨ। ਉਨ੍ਹਾਂ ਪਾਸ ਬੇਨਤੀ ਕੀਤੀ "ਕਿ ਮਹਾਰਾਜ! ਇਸ ਦੀ ਲੱਤ ਕਟਣੀ ਪਵੇਗੀ" ਕ੍ਰਿਪਾ ਕਰੋ।" ਬਾਬਾ ਜੀ ਨੇ ਬਚਨ ਕੀਤਾ" ਕੋਈ ਗੱਲ ਨਹੀਂ ਇਹ ਉਨ੍ਹਾਂ ਦੇ ਬਚਨ ਨਾਲ ਪੈਦਾ ਹੋਇਆ ਹੈ। ਇਸ ਦਾ ਵਾਲ ਵੀ ਵਿੰ1505ਗਾ ਨਹੀਂ ਹੁੰਦਾ। ਇਹ ਰਾਣੀ ਵਾਲੀ ਸੋਟੀ ਇਸ ਦੇ ਨਾਲ ਪਾ ਦਿਓ ਠੀਕ ਹੋ ਜਾਵੇਗਾ। ਬਚਨ ਅਟੱਲ ਹੋ ਗਿਆ, ਗੁਰਬਚਨ ਸਿੰਘ ਠੀਕ ਹੋ ਗਿਆ ਅਤੇ ਸ੍ਰ. ਗੁਰਬਚਨ ਸਿੰਘ ਇਹ ਸਤਰਾਂ ਲਿਖਣ ਵੇਲੇ ਤੱਕ ਮੌਜੂਦ ਹੈ।

**ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ॥**

(ਅੰਗ ੯੧੨)

**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।**

(ਅੰਗ ੧੧੦੨)

**ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥**

## (ਕਬਿੱਤ)

**ਜਾਂ ਕੈ ਧਿਆਨਾ ਅਨੰਦ ਵਿਚ ਹੋਇ ਕੇ ਮਸਤ ਸਿਵ**

**ਛਡ ਕੈ ਸੰਸਾਰ ਉਤੇ ਚੜਗੇ ਕੈਲਾਸ ਹੈ।**

**ਸਨਕ, ਸਨੰਦਨ, ਸਨਾਤਨ, ਸੰਤ ਕੁਮਾਰ, ਜਾ ਕੈ ਪਾਵਨੇ ਨੂੰ ਭੇਖ ਧਾਰਿਆ**

**ਉਦਾਸ ਹੈ।**

**ਸਾਰਦਾ, ਗਣੇਸ਼, ਇ੍ਰਦ, ਕੋਟ, ਦੇਵ ਤੇਤੀਸ, ਸ੍ਹੰਸ੍ਰ ਮੁਖ ਸੇਸ ਜਪੇ ਨਾਮ ਸਵਾਸ ਸਵਾਸ ਹੈ।**

**ਸਤ ਤੇ ਅਨੰਤ ਵਿਚ ਰੱਤੀ ਨ ਫਖਰ ਜਾਣੋ, "ਮਹਾਂ ਹਰਿਨਾਮ ਹਰੀ" ਸੁਤੇ ਪ੍ਰਕਾਸ ਹੈ।**

ਕੋਈ ਅੰਦਾਜ਼ਾ ਸਾਲ ਕੁ ਪਹਿਲਾਂ ਇੱਕ ਸੇਠ ਅਬੋਹਰ ਤੋਂ ਬਾਬਾ ਜੀ ਦੇ ਡੇਰੇ ਆਇਆ ਸੀ ਜਿਸ ਨੇ ਦੱਸਿਆ ਸੀ "ਕਿ ਗਾਮਾ ਸ਼ੈਸ਼ਣ" ਦਾ ਉਹ ਲੜਕਾ ਸਾਡੀ ਰਿਆਸਤ ਬਹਾਵਲ ਪੁਰ ਦਾ ਰਾਜਾ ਸੀ। ਬਟਵਾਰਾ ਹੋਣ ਤੋਂ ਬਾਅਦ ਅਸੀਂ ਅਬੋਹਰ ਆ ਗਏ। ਇਹ ਸੇਠ ਦੇ ਬਚਨ ਦਾਸ ਚਰਨਜੀਤ ਸਿੰਘ ਨੇ ਡੇਰੇ ਦੀ ਸੰਗਤ ਤੋਂ ਸੁਣੇ ਹਨ।

## ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥

ਮਹਾਂਪੁਰਖਾਂ ਦੀ ਸੰਗਤ ਕਰਦਾ ਹੋਇਆ ਇਨਸਾਨ ਹੁਕਮ ਵਿੱਚ ਰਹਿ ਕੇ ਹਰ ਤਰ੍ਹਾਂ ਦੇ ਧਨ (ਪੁੱਤਰ, ਜ਼ਮੀਨ, ਮਕਾਨ ਆਦਿ) ਦੀ ਪ੍ਰਾਪਤੀ ਕਰ ਲੈਂਦਾ ਹੈ। ਹੁਕਮ ਵਿੱਚ ਰਹਿ ਕੇ ਹੀ ਬਖਸ਼ਿਸ਼ ਮਿਲਦੀਆਂ ਹਨ। ਜਦ ਸਾਹਿਬ ਕੋਈ ਦਾਤ ਤੁਠ ਕੇ ਬਖਸ਼ਣ ਤਾਂ ਉਸ ਨਿਆਮਤ ਦੀ ਹਾਜ਼ਰੀ ਦੇਵਨਹਾਰ ਸਵਾਮੀ ਦਾ ਸ਼ੁਕਰਾਨਾ ਕਰਨ ਲਈ ਮਹਾਂਪੁਰਖ ਕੋਲ ਲਵਾਈ ਜਾਵੇ ਜੋ ਇਹ ਦਾਤਾਂ ਜੁਟਾਉਣ ਦੀ ਸਮੱਰਥਾ ਰੱਖਦੇ ਹਨ ਤਾਂ ਕਿ ਉਨ੍ਹਾਂ ਦੇ ਮੇਹਰ ਦੀ ਨਦਰਿ ਸਦਕਾ ਸੁਖ ਦੀ ਪ੍ਰਾਪਤੀ ਹੋਵੇ। ਪਰ ਜੇ ਪ੍ਰਾਣੀ ਮਨਮਾਨੀ ਕਰੇ ਤਾਂ ਉਹ ਨਿਆਮਤ ਦੁਖਦਾਈ ਹੋ ਜਾਂਦੀ ਹੈ। ਜਿਵੇਂ ਕਾਗਜ਼ ਉੱਤੇ ਲੱਗੀ ਸਰਕਾਰੀ ਮੋਹਰ ਉਸ ਦੀ ਕੀਮਤ ਨੋਟ ਦੇ ਰੂਪ ਵਿੱਚ ਬਣਾ ਦਿੰਦੀ ਹੈ, ਪਰ ਬਿਨਾਂ ਮੋਹਰ ਵਾਲੇ ਕਾਗਜ਼ ਰੱਦੀ ਕਰਕੇ ਜਾਲ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਮਹਾਂਪੁਰਖ ਦੀ ਮੋਹਰ ਤੋਂ ਬਿਨਾਂ ਉਨ੍ਹਾਂ ਦੁਆਰਾ ਬਖਸ਼ਿਆ ਹੋਇਆ ਧਨ ਰੱਦੀ ਕਾਗਜ਼ ਵਾਂਗ ਰਾਖ ਹੋ ਜਾਂਦਾ ਹੈ। ਪਰ ਜੇ ਮਹਾਂਪੁਰਖ ਧਨ ਤੁਠ ਕੇ ਬਖਸ਼ਣ ਤੇ ਪ੍ਰਾਣੀ ਉਸ ਨੂੰ ਹੁਕਮ ਅੰਦਰ ਵਰਤੇ ਤਾਂ ਸੁਖਦਾਈ

ਹੋਵੇਗਾ। ਪਰ ਜੇ ਸਵੈ ਇੱਛਾ ਸਦਕਾ ਬੇਖਬਰ ਹੋ ਜਾਏ ਤਾਂ ਫਲ ਪੱਕਣ ਤੋਂ ਪਹਿਲਾਂ ਹੀ ਝੜ ਜਾਂਦਾ ਹੈ ਜਿਵੇਂ ਫੁਰਮਾਨ ਹੈ—

**ਚਤੁਰਾਈ ਸਿਆਣਪ ਕਿਤੈ ਕਾਮਿ ਨ ਆਈਐ॥**
**ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥**

(ਅੰਗ ੩੯੬)

ਸੇਮਾ ਪਿੰਡ ਦਾ ਪ੍ਰੇਮੀ ਸ੍ਰ. ਅਤਰ ਸਿੰਘ ਸੀ ਜਿਸ ਨੇ ਰੂਮੀ ਰਹਿੰਦੇ ਸਮੇਂ ਬਾਬਾ ਜੀ ਦੀ ਅਣਥੱਕ ਸੇਵਾ ਕੀਤੀ ਸੀ ਦਾ ਹਵਾਲਾ ਦੋ ਤਿੰਨ ਹਿੱਸੇ ਵਿੱਚ ਆ ਚੁੱਕਿਆ ਹੈ। ਸ੍ਰ. ਅਤਰ ਸਿੰਘ ਦੇ ਘਰ ਦੋ ਲੜਕੀਆ ਸਨ ਬਾਬਾ ਜੀ ਪਾਸ ਬੇਨਤੀ ਕਰਨ ਉਪਰੰਤ ਦੋ ਲੜਕਿਆਂ ਨੇ ਜਨਮ ਲਿਆ। ਵੱਡੇ ਦਾ ਨਾਮ ਗੁਰਦਿੱਤ ਸਿੰਘ ਅਤੇ ਛੋਟਾ ਕਾਕੜ ਸਿੰਘ ਸੀ। ਅਤਰ ਸਿੰਘ ਤੋਂ ਬਾਅਦ ਗੁਰਦਿੱਤ ਸਿੰਘ ਵੀ ਸੇਵਾ ਕਰਦਾ ਰਿਹਾ ਜਿਸ ਨੂੰ ਬਾਬਾ ਜੀ ਮਹਾਰਾਜ "ਬਾਦਸ਼ਾਹ" ਕਿਹਾ ਕਰਦੇ ਸਨ। ਇਨ੍ਹਾਂ ਬਾਰੇ ਪਿਛਲੇ ਹਿੱਸੇ ਵਿੱਚ ਛਾਪਿਆ ਜਾ ਚੁੱਕਾ ਹੈ। ਗੁਰਦਿੱਤ ਸਿੰਘ ਜੁਆਨ ਹੋ ਗਿਆ ਤੇ ਸ਼ਾਦੀ ਹੋ ਗਈ। ਉਨ੍ਹਾਂ ਦੇ ਘਰ ਲੜਕਾ ਪੈਦਾ ਹੋਇਆਂ ਤਾਂ ਘਰ ਵਾਲਿਆਂ ਵਿਚਾਰ ਕੀਤੀ ਕਿ ਕਾਕੇ ਦਾ ਨਾਮ ਬਾਬਾ ਜੀ ਤੋਂ ਹੁਕਮ ਲੈ ਕੇ ਰੱਖਿਆ ਜਾਵੇ। ਬੱਚੇ ਨੂੰ ਲੈ ਕੇ ਪਰਿਵਾਰ ਹਜ਼ੂਰ ਦੇ ਚਰਨਾਂ ਵਿੱਚ ਆ ਗਿਆ। ਗੁਰਦਿੱਤ ਸਿੰਘ ਨੇ ਬੇਨਤੀ ਕੀਤੀ "ਮਹਾਰਾਜ ! ਕਾਕੇ ਨੇ ਜਨਮ ਲਿਆ ਹੈ। ਮੇਹਰ ਕਰੋ ਇਸ ਦਾ ਨਾਮ ਕੀ ਰੱਖੀਏ।"

ਹਜ਼ੂਰ ਬਾਬਾ ਜੀ ਨੇ ਬਚਨ ਕੀਤਾ "ਝੰਡਾ ਸਿੰਘ"

ਕੁਝ ਸਮੇਂ ਬਾਅਦ ਦੂਸਰਾ ਬੱਚਾ ਹੋਇਆ। ਫਿਰ ਭੁੱਚੋਂ ਬਾਬਾ ਜੀ ਕੋਲ ਨਾਮ ਰੱਖਣ ਲਈ ਆਏ। ਬਾਬਾ ਜੀ ਨੇ ਹੁਕਮ ਕੀਤਾ "ਝੰਡਾ ਸਿੰਘ"। ਨਾਮ ਸੁਨਣ ਉਪਰੰਤ ਗੁਰਦਿੱਤ ਸਿੰਘ ਨੇ ਬੇਨਤੀ ਕੀਤੀ "ਗਰੀਬ ਨਿਵਾਜ! ਪਹਿਲੇ ਦਾ ਨਾਮ ਵੀ ਝੰਡਾ ਸਿੰਘ ਦੂਜੇ ਦਾ ਨਾਮ ਵੀ ਝੰਡਾ ਸਿੰਘ। ਇੱਕ ਨੂੰ ਬੁਲਾਵਾਂਗੇ ਦੋਨੋਂ ਬੋਲਣਗੇ। ਕਾਗਜ਼ਾਂ ਵਿੱਚ ਵੀ ਠੀਕ ਨਹੀਂ ਹੋਵੇਗਾ।"

ਬੇਨਤੀ ਸੁਣ ਉਪਰੰਤ ਹੱਸ ਕੇ ਬਚਨ ਕੀਤਾ "ਪਹਿਲਾਂ ਵੱਡਾ ਝੰਡਾ,

ਦੂਜਾ ਛੋਟਾ ਝੰਡਾ। ਲਉ ਪੈ ਗਿਆ ਨਾ ਫਰਕ।"

ਉਸ ਤੋਂ ਬਾਅਦ ਦੋ ਲੜਕੇ ਹੋਏ ਤਾਂ ਭੁੱਚੋਂ ਨਹੀਂ ਆਏ ਤੇ ਘਰ ਹੀ ਨਾਮ ਰੱਖ ਲਿਆ। ਇੱਕ ਚੰਦ ਸਿੰਘ ਤੇ ਦੂਸਰਾ ਤਾਰਾ ਸਿੰਘ। ਸਮਾਂ ਪਾ ਕੇ ਗੁਰਦਿੱਤ ਸਿੰਘ ਅਤੇ ਪਰਿਵਾਰ ਦਰਸ਼ਨ ਕਰਨ ਆਇਆ। ਬੱਚੇ ਖੇਡਣ ਲੱਗ ਪਏ ਆਪ ਦੋਨੋਂ ਬਾਬਾ ਜੀ ਕੋਲ ਬੈਠ ਗਏ। ਮਾਈ ਨੇ ਅਵਾਜ਼ ਦੇ ਕੇ ਬੱਚਿਆਂ ਨੂੰ ਬੁਲਾਇਆ "ਚੰਦ ਸਿੰਘ ਤੇ ਤਾਰਾ ਸਿੰਘ ਇਧਰ ਆਉ।"

ਬਾਬਾ ਜੀ ਨੇ ਪੁੱਛਿਆ "ਇਹ ਚੰਦ ਸਿੰਘ ਤੇ ਤਾਰਾ ਸਿੰਘ ਕੌਣ ਹਨ। ਮਾਈ ਨੇ ਉੱਤਰ ਦਿੱਤਾ "ਇਹ ਝੰਡੇ ਹੋਰਾਂ ਦੇ ਦੋ ਛੋਟੇ ਭਰਾ ਹਨ। ਬਾਬਾ ਜੀ ਨੇ ਬਚਨ ਕੀਤੇ "ਮਾਈ ਤੇਰੇ ਚੰਦ ਸਿੰਘ ਨੇ ਗੋਡੀ ਮਾਰ ਜਾਣੀ ਹੈ ਤੇ ਤਾਰੇ ਛਿਪ ਜਾਣਾ ਹੈ ਪਰ ਜੇ ਤੁਸੀਂ ਹੁਕਮ ਨਾਲ ਰੱਖਦੇ ਤਾਂ ਸੱਤ ਝੰਡੇ ਹੋਣੇ ਸਨ।"

ਮਾਈ ਇਸ ਰਮਜ ਨੂੰ ਸਮਝ ਨਾ ਸਕੀ, ਭੁੱਲ ਬਖਸਾਉਣ ਲਈ ਕੋਈ ਬੇਨਤੀ ਨਹੀਂ ਕੀਤੀ। ਕੁਝ ਦਿਨ ਬਾਅਦ ਦੋਨੋਂ ਲੜਕੇ ਸਵਰਗਵਾਸ ਹੋ ਗਏ। ਫਿਰ ਦੋ ਹੋਰ ਵੀ ਹੋਏ ਪਰ ਕੋਈ ਨਾ ਬਚਿਆ।

ਝੰਡਾ ਸਿੰਘ ਦੋਨਾਂ ਦੇ ਪਰਿਵਾਰ ਅਤੇ ਆਪ ਅੱਜ ਤੱਕ ਬਾਬਾ ਜੀ ਦੇ ਦਰ ਦੀ ਸੇਵਾ ਕਰਦੇ ਆ ਰਹੇ ਹਨ।

ਬਾਬਾ ਜੀ ਦੇ ਕੌਤਕਾਂ ਵਿੱਚੋਂ ਇੱਕ ਪ੍ਰਤੱਖ ਪ੍ਰਮਾਣ। ਇੱਕ ਵਾਰ ਮਾਝੇ ਦੀ ਸੰਗਤ ਬਾਬਾ ਅਨੰਦ ਸਿੰਘ ਜੀ ਮਹਾਰਾਜ ਦੇ ਹੁਕਮ ਅਨੁਸਾਰ ਭੁੱਚੋਂ ਬਾਬਾ ਜੀ ਮਹਾਰਾਜ ਦੇ ਦਰਸ਼ਨਾਂ ਲਈ ਆਈ। ਮਾਈ ਭਾਗਣ ਮਾਨ ਦੀ ਸੰਗਤ ਵਿੱਚ ਸੀ, ਇਸ ਦਾ ਪਿੰਡ ਚੂਨੀਆਂ ਜ਼ਿਲ੍ਹਾ ਲਾਹੌਰ ਸੀ ਉਸਨੇ ਬਾਬਾ ਜੀ ਪਾਸ ਬੇਨਤੀ ਕੀਤੀ "ਮਹਾਰਾਜ ! (ਇਕ ਲੜਕੀ ਜੋ ਉਸ ਦੀ ਪੋਤਰੀ ਸੀ) ਇਹ ਸਾਡੀ ਲੜਕੀ ਰਾਤ ਨੂੰ ਸੁੱਤੀ ਹੋਈ ਦੰਦ ਕਰੀਚ ਦੀ ਹੈ।"

ਬਾਬਾ ਜੀ ਨੇ ਬਚਨ ਕੀਤਾ "ਇਹ ਖਸਮ ਨੂੰ ਖਾਣੀ ਹੈ, ਖਸਮ ਨੂੰ ਖਾਏਗੀ।" ਭਾਵ ਇਹ ਵਿਧਵਾ ਹੋ ਜਾਵੇਗੀ।

ਇਹ ਸੁਣ ਕੇ ਮਾਈ ਭਾਗਣ ਅੱਖਾਂ ਭਰ ਆਈ ਤੇ ਬੇਨਤੀ ਕਰਨ ਲੱਗੀ "ਮਹਾਰਾਜ ! ਇਸ ਤੇ ਕ੍ਰਿਪਾ ਕਰੋ। ਮੇਹਰ ਦੇ ਘਰ ਵਿੱਚ ਆਉ।"

ਬਾਬਾ ਜੀ ਨੇ ਬਚਨ ਕੀਤਾ "ਤੂੰ ਪੁੱਛਿਆ ਅਸੀਂ ਦੱਸ ਦਿੱਤਾ। ਇਹ ਕੋਈ ਸਰਾਪ ਵਾਲੀ ਗੱਲ ਨਹੀਂ ਇਹ ਅਟੱਲ ਹੋਣਹਾਰ ਹੈ।"

ਮਾਈ ਨੇ ਫਿਰ ਤਰਲਾ ਕੀਤਾ "ਪਾਤਸ਼ਾਹ ! ਤੁਸੀਂ ਬਖਸ਼ਿੰਦ ਹੋ। ਤੁਸੀਂ ਅਟੱਲ ਨੂੰ ਟਾਲ ਸਕਦੇ ਹੋ ਸਾਡੇ ਤੇ ਰਹਿਮ ਕਰੋ।"

ਮਹਾਰਾਜ ਬਾਬਾ ਜੀ ਨੇ ਬਚਨ ਕੀਤਾ "ਅੱਛਾ ! ਜੇ ਬਹੁਤੀ ਜਿੱਦ ਕਰਦੀ ਹੈ ਤਾਂ ਕੁਝ ਹੰਡਾ ਕੇ (ਭਾਵ ਦਸ ਪੰਦਰਾਂ ਸਾਲ) ਪਰ ਖਾਏਗੀ ਜ਼ਰੂਰ।"

ਸੋ ਇਹ ਵੀ ਹੁਕਮ ਅਨੁਸਾਰ ਹੀ ਵਰਤਿਆ। ਜਿੰਨੀ ਦੇਰ ਦਾ ਸਮਾਂ ਮਾਈ ਭਾਗਣ ਦੇ ਬੇਨਤੀ ਕਰਨ ਨਾਲ ਮਿਲਿਆ ਚੰਗਾ ਸੁਖ ਦਾ ਲੰਘਿਆ।

## (ਕਬਿੱਤ)

**ਹੋਣ ਹਾਰ ਟਾਲੇ ਸੰਤ, ਮੁਏ ਕੋ ਜੀਵਾਲੇ ਸੰਤ, ਸੰਤ ਜੇ ਨਿਕਾਲੇ ਭਾਈ ਫਰਾਨ ਉਹ ਫੱਸਦਾ।**

**ਸੰਤ ਵਿਚ ਰੱਬ ਵੱਸੇ, ਹਰ ਗੱਲ ਆਪ ਦੱਸੇ, ਜਿਹੜਾ ਮੰਨੇ ਸੁਖੀ ਵੱਸੇ ਸਦਾ ਰਹੇ ਹੱਸਦਾ।**

**ਰਹੇ ਚਰਨਾਂ 'ਚ ਜੇਹੜਾ ਮੁੱਕੇ ਜਨਮਾ ਦਾ ਗੇੜਾ ਪੈਂਦਾ ਜਮਾ ਦਾ ਨ ਝੇੜਾ ਉਹ ਸੱਚ ਖੰਡ ਵੱਸਦਾ।**

**ਮਿਲੇ ਦੁਧ ਅਰ ਪੂਤ ਛੱਡ ਜਾਣ ਪੰਜ ਦੂਤ, ਹੋਵੇ ਭਲੀ ਕਰਤੂਤ ਲਾਹਾ ਮਿਲੇ ਨਾਮ ਰਸ ਦਾ।**

ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਦੇ ਜੀਵਨ ਨਾਲ ਸੰਬੰਧਿਤ ਇਤਿਹਾਸ ਦੀਆਂ ਪੁਸਤਕਾਂ ਡੇਰੇ ਵਿੱਚੋਂ ਮਿਲਦੀਆਂ ਹਨ।

ਨੋਟ — ਪਾਠਕਾਂ ਪ੍ਰਤੀ ਨਿਮਰਤਾ ਸਹਿਤ ਬੇਨਤੀ ਹੈ ਕਿ ਜੇ ਕਿਸੇ ਪ੍ਰੇਮੀ ਦੇ ਪਰਿਵਾਰ ਨਾਲ ਜਾਂ ਕਿਸੇ ਰਿਸ਼ਤੇਦਾਰ ਸੰਬੰਧੀ ਬਾਬਾ ਜੀ ਦੇ ਬਚਨ ਕਿਸੇ ਵੀ ਤਰ੍ਹਾਂ ਦੇ ਹੋਏ ਹੋਣ ਤਾਂ ਉਹ ਸੱਜਣ ਡੇਰਾ ਰੂੰਮੀ ਵਾਲਾ (ਭੁੱਚੋਂ ਕਲਾਂ) ਵਿੱਚ ਪ੍ਰਸੰਗ ਲਿਖਵਾ ਕੇ ਜਾਣ ਦੀ ਖੇਚਲ ਜ਼ਰੂਰੀ ਕਰਨ।

Part 4

# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ ’ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ ’ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਉਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ

ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾਵਾਂ ਪੂਰੀਆਂ ਕੀਤੀਆਂ, ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ

ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-ਤੁਕ ਵਾਲੇ ਮਹਾਂ ਸੰਪਟ ਪਾਠ ਨਾਨਕਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾਵਾਂ, ਬੱਸ ਯਾਤਰਾਵਾਂ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ, (ਸਰਾਂਵਾ) 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬਾਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੌਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ

ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਜੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂੰਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹਾਂ ਹਰਿਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਦੀ ਸੇਵਾ ਅਤੇ ਗੱਦੀ ਸਾਹਿਬ ’ਤੇ ਸੋਨੇ ਚਾਂਦੀ ਦੀ ਸੇਵਾ ਕਰਵਾ ਰਹੇ ਹਨ।

***